
# ਬਾਬਾ ਆਲਾ ਸਿੰਘ



ਭਾਸ਼ਾ ਵਿਭਾਗ, ਪੰਜਾਬ

ਪੰਜਾਬ ਦੇ ਨਾਇਕ ਸੀਰੀਜ਼

# ਬਾਬਾ ਆਲਾ ਸਿੰਘ

ਜਗਜੀਵਨ ਮੋਹਨ ਵਾਲੀਆ

**ਭਾਸ਼ਾ ਵਿਭਾਗ, ਪੰਜਾਬ**

## Baba Ala Singh (In Punjabi)

Jagjiwan Mohan Walia

## ਬਾਬਾ ਆਲਾ ਸਿੰਘ

ਜਗਜੀਵਨ ਮੋਹਨ ਵਾਲੀਆ

ਸੰਪਾਦਨ: ਅਮਰ ਸਿੰਘ, ਡਿਪਟੀ ਡਾਇਰੈਕਟਰ

ਸਰੂਪ ਸਿੰਘ, ਖੋਜ ਸਹਾਇਕ

© ਭਾਸ਼ਾ ਵਿਭਾਗ, ਪੰਜਾਬ

ਸਾਲ: 1989

ਕਾਪੀਆਂ: 2,000

ਕੀਮਤ: 22 ਰੁਪਏ 25 ਪੈਸੇ

ਪ੍ਰਕਾਸ਼ਕ: ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ: ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਯੂ.ਟੀ., ਚੰਡੀਗੜ੍ਹ

ਰਾਹੀਂ: ਕੰਟਰੋਲਰ, ਛਾਪਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ

## ਦੋ ਸ਼ਬਦ

ਪੰਜਾਬ ਭਾਰਤ ਦੀ ਸਦੀਆਂ ਤੋਂ ਖੜਕ ਭੁਜਾ ਵੀ ਰਿਹਾ ਹੈ ਅਤੇ ਰਣ-ਭੂਮੀ ਵੀ। ਇਸ ਦੇ ਮਹਾਨ ਸਪੂਤਾਂ ਨੇ ਬਾਹਰਲੇ ਧਾੜਵੀਆਂ ਨਾਲ ਸਦਾ ਹੀ ਲੋਹਾ ਲੈ ਕੇ ਦੇਸ਼ ਦੀ ਆਨ-ਬਾਨ ਨੂੰ ਕਾਇਮ ਰਖਿਆ ਹੈ। ਆਜ਼ਾਦੀ ਦੇ ਮਹਾਨ ਸੰਗਰਾਮ ਵਿਚ ਵੀ ਪੰਜਾਬੀਆਂ ਨੇ ਵਧ ਚੜ ਕੇ ਹਿੱਸਾ ਪਾਇਆ ਹੈ। ਇਸ ਪ੍ਰਕਾਰ ਪੰਜਾਬੀ ਆਪਣੇ ਇਤਿਹਾਸ, ਪਰੰਪਰਾ ਅਤੇ ਮਹਾਨ ਵਿਰਸੇ ਤੇ ਗੌਰਵ ਮਹਿਸੂਸ ਕਰਦੇ ਹਨ। ਇਸ ਮਹਾਨ ਵਿਰਾਸਤ ਬਾਰੇ ਪੰਜਾਬੀ ਬਾਲ ਪਾਠਕਾਂ ਨੂੰ ਜਾਣੂ ਕਰਵਾਉਣ ਬਾਰੇ ਭਾਸ਼ਾ ਵਿਭਾਗ, ਪੰਜਾਬ ਯਤਨਸ਼ੀਲ ਹੈ।

ਇਸ ਆਸੇ ਦੀ ਪੂਰਤੀ ਲਈ ਭਾਸ਼ਾ ਵਿਭਾਗ, ਪੰਜਾਬ ਨੇ ਨਾਇਕ ਸੀਰੀਜ਼ ਅਧੀਨ ਮਹਾਨ ਪੰਜਾਬੀਆਂ ਦੀਆਂ ਅਦੁੱਤੀ ਘਾਲਣਾਵਾਂ ਨੂੰ ਉਜਾਗਰ ਕਰਨ ਲਈ ਵਿਸ਼ੇਸ਼ ਬਾਲ-ਪੁਸਤਕਾਂ ਲਿਖਵਾਉਣੀਆਂ ਆਰੰਭੀਆਂ ਹੋਈਆਂ ਹਨ।

ਹੱਥਲੀ ਪੁਸਤਕ 'ਬਾਬਾ ਆਲਾ ਸਿੰਘ' ਪੰਜਾਬ ਦੇ ਨਾਇਕ ਸੀਰੀਜ਼ ਦੀ ਇਕ ਕੜੀ ਹੈ। ਬਾਬਾ ਆਲਾ ਸਿੰਘ ਆਪਣੇ ਸਮਕਾਲੀ ਸਿੱਖ ਸਰਦਾਰਾਂ ਵਿਚੋਂ ਅਣਥਕ ਯੋਧੇ ਅਤੇ ਦ੍ਰਿੜ ਸੰਕਲਪ ਵਾਲੇ ਬਹਾਦਰ ਸਰਦਾਰ ਸਨ। ਇਨ੍ਹਾਂ ਨੇ ਆਪਣੀ ਵਿਸ਼ਾਲ ਸੂਝ ਅਤੇ ਵਿਲਖਣ ਦਲੇਰੀ ਸਦਕਾ ਪੰਜਾਬ ਵਿਚ ਇਕ ਸ਼ਕਤੀਸ਼ਾਲੀ ਰਾਜ ਦੀ ਨੀਂਹ ਰੱਖੀ। ਬਾਬਾ ਜੀ ਉੱਚ ਕੋਟੀ ਦੇ ਸਿਆਸਤਦਾਨ ਸਨ। ਉਨ੍ਹਾਂ ਨੇ ਆਪਣੇ ਸਮੇਂ ਦੇ ਬਹਾਦਰ ਰਾਜਪੂਤਾਂ ਨਾਲ ਦੋਸਤੀ ਕਾਇਮ ਕੀਤੀ ਅਤੇ ਔਕੜ ਵੇਲੇ ਉਨ੍ਹਾਂ ਦੀ ਸਹਾਇਤਾ ਵੀ ਕੀਤੀ। ਬਾਬਾ ਆਲਾ ਸਿੰਘ ਮੁਗਲ ਬਾਦਸ਼ਾਹਾਂ ਨਾਲ ਸੁਲ੍ਹਾ ਸਫ਼ਾਈ ਰਖਦੇ ਹੋਏ ਉਨ੍ਹਾਂ ਦੇ ਇਲਾਕੇ, ਕਸਬੇ ਅਤੇ ਜਗੀਰਾਂ ਤੇ ਕਾਬਜ਼ ਹੁੰਦੇ ਰਹੇ। ਇਸ ਤਰ੍ਹਾਂ ਬਾਬਾ ਆਲਾ ਸਿੰਘ ਆਪਣੀ ਸ਼ਖਸੀਅਤ ਦੇ ਬਲਬੌਤੇ, ਛੋਟੇ ਜਿਹੇ ਪਿੰਡ ਦੀ ਸਰਦਾਰੀ ਤੋਂ ਤਰੱਕੀ ਕਰਕੇ ਵਾਲੀਏ ਰਿਆਸਤ ਪਟਿਆਲਾ ਬਣੇ ਅਤੇ ਮਹਾਰਾਜ ਅਧੀਰਾਜ ਦੇ ਖਿਤਾਬ ਦਾ ਆਪਣੀ ਅੰਸ਼ ਨੂੰ ਹੱਕਦਾਰ ਬਣਾ ਦਿੱਤਾ।

ਆਸ ਹੈ, ਬਾਲ ਪਾਠਕ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਦੇ ਹੋਏ ਆਪਣੇ ਬਜ਼ੁਰਗਾਂ ਦੀਆਂ ਇਤਿਹਾਸਕ-ਜਿੱਤਾਂ ਤੇ ਫ਼ਖਰ ਮਹਿਸੂਸ ਕਰਨਗੇ।

ਮਾਰਚ, 1989

**ਰਾਜਿੰਦਰ ਸਿੰਘ,**
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ

# ਤਰਤੀਬ


| ਕਾਂਡ | ਵਿਸ਼ਾ | ਪੰਨਾ |
|---|---|---|
| ਪਹਿਲਾ | ਪਿਛੋਕੜ | 1 |
| ਦੂਜਾ | ਬਾਬਾ ਆਲਾ ਸਿੰਘ ਦਾ ਆਰੰਭਕ ਜੀਵਨ | 5 |
| ਤੀਜਾ | ਪੰਥ ਅਤੇ ਦੇਸ਼ ਦੀ ਹਾਲਤ | 9 |
| ਚੌਥਾ | ਰਾਜ ਦੀ ਸਥਾਪਨਾ | 12 |
| ਪੰਜਵਾਂ | ਸੰਘਰਸ਼ | 15 |
| ਛੇਂਵਾ | ਰਾਜ ਵਿਚ ਵਾਧਾ | 20 |
| ਸਤਵਾਂ | ਭੱਟੀਆਂ ਨਾਲ ਲੜਾਈਆਂ | 24 |
| ਅਠਵਾਂ | ਮਰਾਠਿਆਂ ਨਾਲ ਸੰਬੰਧ | 29 |
| ਨੌਵਾਂ | ਦੁਰਾਨੀਆਂ ਨਾਲ ਸੰਬੰਧ | 34 |
| ਦਸਵਾਂ | ਰਾਜ ਪ੍ਰਬੰਧ | 49 |
| ਗਿਆਰ੍ਹਵਾਂ | ਬਾਬਾ ਆਲਾ ਸਿੰਘ ਦੀ ਸ਼ਖ਼ਸੀਅਤ | 54 |
| ਬਾਰ੍ਹਵਾਂ | ਬਾਬਾ ਆਲਾ ਸਿੰਘ ਦੀ ਸੰਤਾਨ | 62 |
| ਤੇਰਵਾਂ | ਮਹੱਤਵਪੂਰਨ ਸਥਾਨ | 66 |
| ਚੌਦਵਾਂ | ਬਾਬਾ ਆਲਾ ਸਿੰਘ ਦੇ ਉਤਰਾਧਿਕਾਰੀ | 75 |
| ਅੰਤਕਾ I | ਹੁਕਮ, ਨਾਮਾ ਪਾਤਸ਼ਾਹੀ 10<br>ਭਾਦੋਂ 2, 1753 ਬਿਕਰਮੀ | 82 |

| ਕਾਂਡ | ਵਿਸ਼ਾ | ਪੰਨਾ |
|---|---|---|
| ਅੰਤਕਾ II | ਬਾਬਾ ਤਿਲੋਕ ਸਿੰਘ ਅਤੇ ਰਾਮ ਸਿੰਘ ਜੀ ਨੇ ਦਮਦਮੇ ਸਾਹਿਬ ਅੰਮ੍ਰਿਤ ਛਕਣਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਨ੍ਹਾਂ ਨੂੰ ਸ਼ਸਤਰ ਦੇਣੇ | 84 |
| ਅੰਤਕਾ III | ਦਸ਼ਮੇਸ਼ ਜੀ ਦੀ ਦਮਦਮਾ ਸਾਹਿਬ ਤੋਂ ਰਵਾਨਗੀ ਅਤੇ ਬਾਬਾ ਤਿਲੋਕ ਸਿੰਘ ਤੇ ਰਾਮ ਸਿੰਘ ਨੂੰ ਬਖਸ਼ਸ਼ | 86 |
| ਅੰਤਕਾ IV | ਪਟਿਆਲਾ ਸ਼ਹਿਰ ਦੀ ਚਠ ਅਤੇ ਮਹਾਰਾਜਾ ਅਮਰ ਸਿੰਘ ਨੂੰ ਅੰਮ੍ਰਿਤ ਛਕਾਉਣਾ | 87 |

ਕਾਂਡ ਪਹਿਲਾ

# ਪਿਛੋਕੜ

ਪਟਿਆਲੇ ਦੇ ਰਾਜ ਘਰਾਣੇ ਦੀ ਬੰਸਾਵਲੀ ਜੈਸਲਮੇਰ ਦੇ ਭੱਟੀ ਰਾਜ ਘਰਾਣੇ ਨਾਲ ਮਿਲਦੀ ਹੈ। ਭੱਟੀ ਰਾਜ ਘਰਾਣਾ ਰਾਜਿਸਥਾਨ ਦੇ ਉੱਘੇ ਰਾਜ ਘਰਾਣਿਆਂ ਵਿਚੋਂ ਇਕ ਹੈ। ਇਹ ਆਪਣੀ ਵੀਰਤਾ ਅਤੇ ਅਣਖ ਲਈ ਖ਼ਾਸ ਤੌਰ ਤੇ ਪ੍ਰਸਿੱਧ ਹੈ।

ਜੈਸਲਮੇਰੀ ਰਾਜਪੂਤ ਆਪਣੇ ਆਪ ਨੂੰ ਯਾਦਵ ਬੰਸੀ ਸ੍ਰੀ ਕ੍ਰਿਸ਼ਨ ਜੀ ਦੀ ਸੰਤਾਨ ਮੰਨਦੇ ਹਨ। ਰਾਵਲ ਜੈਸਲ ਦਾ ਸੰਬੰਧ ਸ੍ਰੀ ਕ੍ਰਿਸ਼ਨ ਜੀ ਦੀ ਬੰਸਰੀ ਨਾਲ ਸੀ। ਉਸ ਨੇ ਜੈਸਲਮੇਰ ਦੀ ਨੀਂਹ ਰਖੀ। ਜੈਸਲਮੇਰ ਦੇ ਰਾਜੇ ਰਾਵਲ ਜੈਸਲ ਦੇ ਵੱਡੇ ਪੁੱਤਰ ਸਾਲਬਾਹਨ ਦੀ ਸੰਤਾਨ ਹਨ। ਪਟਿਆਲੇ ਦੇ ਰਾਜੇ ਜੈਸਲ ਦੇ ਤੀਜੇ ਪੁੱਤਰ ਰਾਉ ਹੇਮ ਹੇਲ ਦੀ ਸੰਤਾਨ ਹਨ। ਸੰਨ 1185 ਈਸਵੀਂ ਵਿਚ ਰਾਉ ਹੇਮ ਹੇਲ ਭਟਿਆਣੇ ਚਲਾ ਗਿਆ। ਉਸ ਦੇ ਵੰਸ਼ ਵਿਚੋਂ ਖੀਵਾ ਨੇ ਨੈਲੀ ਦੇ ਇਕ ਜੱਟ ਜਿਮੀਂਦਾਰ ਬਸ਼ੀਰ ਦੀ ਪੁੱਤਰੀ ਨਾਲ ਸ਼ਾਦੀ ਕਰ ਲਈ। ਉਸਦੇ ਰਾਜਪੂਤ ਰਿਸ਼ਤੇਦਾਰਾਂ ਨੇ ਇਸ ਸ਼ਾਦੀ ਨੂੰ ਬੇਇਜ਼ਤੀ ਖਿਆਲ ਕੀਤਾ। ਈਰਖਾ ਨਾਲ ਖੀਵੇ ਨੂੰ ਖੋਟ ਕਹਿਣ ਲੱਗੇ। ਕਿਉਂਕਿ ਖੀਵਾ ਦੀ ਸੰਤਾਨ ਜੱਟ ਪਤਨੀ ਤੋਂ ਪੈਦਾ ਹੋਈ ਸੀ, ਇਸ ਲਈ ਉਹ ਰਾਜਪੂਤ ਨਹੀਂ ਰਹੀ। ਦੇਸ਼ ਦੇ ਰਿਵਾਜ ਅਨੁਸਾਰ ਉਸਦੀ ਸੰਤਾਨ ਦੀਆਂ ਸਾਰੀਆਂ ਸ਼ਾਖਾਵਾਂ ਰਾਜਪੂਤਾਂ ਤੋਂ ਜੱਟਾਂ ਵਿਚ ਬਦਲ ਗਈਆਂ। ਰਾਜਪੂਤਾਂ ਨਾਲ ਵਿਆਹ ਦਾ ਸੰਬੰਧ ਨਾ ਰਿਹਾ।

ਫੂਲ ਉਕਤ ਖੀਵੇ ਦੀ ਵੰਸ਼ ਵਿਚੋਂ ਸੀ। ਇਹ ਸਾਰੀਆਂ ਫੂਲਕੀਆਂ ਰਿਆਸਤਾਂ ਦੇ ਰਾਜਿਆਂ ਦਾ ਵਡੇਰਾ ਸੀ। ਉਹ ਆਪਣੇ ਪਿਤਾ ਦੀ ਮ੍ਰਿਤੂ ਪਿੱਛੋਂ ਆਪਣੇ ਤਾਏ ਕਾਲ੍ਹਾ ਦੀ ਸਰਪ੍ਰਸਤੀ ਵਿਚ ਸੀ। ਉਹ ਪਿੰਡ ਬੀਦੋਵਾਲੀ ਵਿਚ ਰਹਿੰਦੇ ਸੀ। ਗੁਰੂ ਹਰਿਗੋਬਿੰਦ ਜੀ ਬੀਦੋਵਾਲੀ ਆਏ। ਕਾਲ੍ਹਾ ਆਪਣੇ ਭਤੀਜਿਆਂ ਸੰਦਲੀ ਅਤੇ ਫੂਲ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਸੰਨ 1654 ਵਿਚ ਲੈ ਗਏ। ਕਾਲ੍ਹਾ ਜੋ ਗੁਰੂ ਸਾਹਿਬ ਜੀ ਦੀ ਬਰਕਤ ਵਿਚ ਬਹੁਤ ਵਿਸ਼ਵਾਸ ਰੱਖਦਾ ਸੀ ਉਸ ਨੇ ਆਪਣੇ ਭਤੀਜਿਆਂ ਨੂੰ ਇਹ ਗੱਲ ਸਿਖਾ ਦਿੱਤੀ ਕਿ ਜਦ ਤੁਹਾਨੂੰ ਗੁਰੂ ਸਾਹਿਬ ਦੇ ਦਰਸ਼ਨ ਹੋਣ ਤਾਂ ਉਸ ਸਮੇਂ ਪੇਟ ਤੇ ਹੱਥ ਰਖ ਲੈਣੇ ਜਿਸਦਾ ਭਾਵ ਭੁੱਖ ਨੂੰ ਜ਼ਾਹਰ ਕਰਨਾ ਸੀ। ਉਨ੍ਹਾਂ ਨੇ ਇਸੇ ਅਨੁਸਾਰ ਹੀ ਕੀਤਾ ਅਤੇ ਜਦੋਂ ਗੁਰੂ ਜੀ ਨੇ ਇਸਦਾ ਕਾਰਨ ਪੁੱਛਿਆ ਤਾਂ ਕਾਲ੍ਹੇ ਨੇ ਕਿਹਾ ਕਿ ਮਹਾਰਾਜ ਇਹ ਲੜਕੇ ਭੁੱਖੇ ਹਨ। ਗੁਰੂ ਸਾਹਿਬ ਨੇ ਫੁਰਮਾਇਆ ਕਿ ਇਕ ਪੇਟ ਦਾ ਤਾਂ ਭਰਨਾ ਕੀ, ਇਹ ਲੜਕੇ ਹਜ਼ਾਰਾਂ ਦਾ ਪੇਟ ਭਰਨਗੇ। ਉਸ ਤੋਂ ਪਿਛੋਂ ਗੁਰੂ

ਸਾਹਿਬ ਨੇ ਲੜਕਿਆਂ ਦੇ ਨਾਂ ਪੁੱਛੇ, ਜਦ ਫੂਲ ਦਾ ਨਾਂ ਸੁਣਿਆ ਤਾਂ ਇਹ ਫੁਰਮਾਇਆ "ਇਹ ਨਾਂ ਇਕ ਚੰਗਾ ਸ਼ਗਨ ਹੈ, ਫੂਲ ਦੀ ਫੁਲਵਾੜੀ ਖ਼ੂਬ ਹੀ ਫੁਲੇਗੀ।"

ਸਰਦਾਰ ਫੂਲ ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਸੀਸ ਦਿੱਤੀ ਸੀ ਉਸਦਾ ਜਨਮ ਸੰਨ 1619 ਈਸਵੀਂ ਵਿਚ ਬੀਦੋਵਾਲੀ ਵਿਖੇ ਹੋਇਆ ਸੀ। ਉਸ ਦੇ ਪਿਤਾ ਰੂਪ ਚੰਦ ਦੀ ਮ੍ਰਿਤੂ ਵੇਲੇ ਉਸ ਦੀ ਉਮਰ ਕੇਵਲ ਬਾਰ੍ਹਾਂ ਸਾਲਾਂ ਦੀ ਸੀ। ਕਾਲ੍ਹਾ ਅਤੇ ਫੂਲ ਭੱਟੀਆਂ ਵਿਰੁੱਧ ਬਠਿੰਡੇ ਨੇੜੇ ਪਿੰਡ ਪਖਰਸਰ ਵਿਖੇ ਲੜੇ। ਲੜਾਈ ਵਿਚ ਭੱਟੀਆਂ ਨੂੰ ਹਾਰ ਹੋਈ ਅਤੇ ਬਹੁਤ ਭੱਟੀ ਮਾਰੇ ਗਏ।

ਫੂਲ ਨੇ ਆਪਣੇ ਮਿੱਤਰ ਮਾਝੇ ਦੇ ਭੇਲ ਗਿਲ ਦੇ ਰਸੂਖ ਨਾਲ ਰਾਏ ਬਖ਼ਤਿਆਰ ਤੋਂ ਪਿੰਡ ਘੁਮਣ ਹਰਵਾਲਾ ਦੇ ਥੇਹ ਦੀ ਮਾਲਕੀ ਦਾ ਪਟਾ ਲੈ ਲਿਆ ਅਤੇ ਉਸ ਥਾਂ ਤੇ ਆਪਣੇ ਨਾਉਂ ਤੇ ਪਿੰਡ 'ਫੂਲ' ਵਸਾਇਆ। ਜਦੋਂ ਤੱਕ ਫੂਲ ਜੀਉਂਦਾ ਰਿਹਾ, ਉਸ ਦੀ ਪਤਨੀ ਮਾਈ ਰਜੀ ਦੇ ਪੁੱਤਰਾਂ ਝੰਡੂ, ਚੰਨੂ ਅਤੇ ਤਖ਼ਤ ਮਲ ਦੀ ਮੁਖ਼ਤਿਆਰੀ ਰਹੀ। ਫੂਲ ਦੀ ਦੂਜੀ ਪਤਨੀ ਮਾਈ ਬਾਲੀ ਦੇ ਪੁੱਤਰਾਂ ਚੌਧਰੀ ਤਿਲੋਕਾ, ਰਾਮਾ ਅਤੇ ਰਘੂ ਦੀ ਆਰਥਕ ਹਾਲਤ ਚੰਗੀ ਨਹੀਂ ਸੀ। ਮਾਈ ਬਾਲੀ ਦਾ ਪਿਤਾ ਕਾਹਨਾ, ਮਾਈ ਬਾਲੀ ਅਤੇ ਉਸਦੇ ਪੁੱਤਰਾਂ ਨੂੰ ਆਪਣੇ ਪਿੰਡ ਚਕ ਢਿਲੋਂ ਲੈ ਗਿਆ।

ਈਸਾ ਖ਼ਾਨ ਨੇ ਫਿਰੋਜ਼ਪੁਰ ਨੇੜੇ ਇਕ ਛੋਟੀ ਜਿਹੀ ਰਿਆਸਤ ਸਥਾਪਿਤ ਕਰ ਲਈ ਸੀ। ਫੂਲ ਨੇ ਈਸਾ ਖ਼ਾਨ ਦੇ ਡਰ ਕਰਕੇ ਪਿੰਡ ਫੂਲ ਛੱਡ ਦਿੱਤਾ ਅਤੇ ਬੀਦੋਵਾਲੀ ਚਲਿਆ ਗਿਆ। ਈਸਾ ਖ਼ਾਨ ਨੇ ਪਿੰਡ 'ਫੂਲ' ਨੂੰ ਲੁੱਟਿਆ ਅਤੇ ਮੂਲਾ ਸਿੰਘ ਨੂੰ ਪਿੰਡ ਫੂਲ ਦਾ ਜਿਮੀਂਦਾਰ ਨਿਯੁਕਤ ਕੀਤਾ। ਫੂਲ ਨੇ ਤਿਆਰੀ ਕਰਕੇ ਮੂਲਾ ਸਿੰਘ ਨੂੰ ਬਾਹਰ ਕੱਢ ਦਿੱਤਾ ਅਤੇ ਪਿੰਡ ਤੇ ਕਬਜ਼ਾ ਕਰ ਲਿਆ। ਫੂਲ ਨੇ ਈਸਾ ਖ਼ਾਨ ਦੇ ਪਿਤਾ ਦੌਲਤ ਖਾਨ ਨੂੰ ਹਰਾਇਆ ਅਤੇ ਇਸ ਲੜਾਈ ਵਿਚ ਲੁੱਟ ਦਾ ਮਾਲ ਉਸ ਦੇ ਹੱਥ ਲੱਗਾ। ਇਸ ਦੇ ਪਿੱਛੋਂ ਫੂਲ ਅਤੇ ਡਲਾ ਬਰਾੜ ਨੇ ਮਿਲ ਕੇ ਭਟਨੇਰ ਦੇ ਹਾਕਮ ਹਯਾਤ ਖਾਨ ਤੇ ਹਲਾ ਕੀਤਾ। ਲੜਾਈ ਵਿਚ ਭਟਨੇਰ ਦੀ ਸੈਨਾ ਨੂੰ ਹਾਰ ਹੋਈ। ਫੂਲ ਨੇ ਜਗਰਾਉਂ ਦੇ ਫ਼ੌਜਦਾਰ ਨੂੰ ਹਰਾਇਆ ਅਤੇ ਕੁਝ ਸਮਾਂ ਬੰਦੀ ਰਖਿਆ।

ਸਰਹੰਦ ਦੇ ਸੂਬੇਦਾਰ ਨੇ ਸੰਨ 1703 ਵਿਚ ਫੂਲ ਤੋਂ ਲਗਾਨ ਪ੍ਰਾਪਤ ਕਰਨ ਲਈ ਉਸ ਨੂੰ ਬੁਲਾਇਆ। ਸੂਬੇਦਾਰ ਨੇ ਉਸ ਨੂੰ ਬਹੁਤ ਤੰਗ ਕੀਤਾ। ਫੂਲ ਨੇ ਇਹ ਦੇਖ ਕੇ ਕਿ ਹੋਰ ਕਿਸੇ ਤਰ੍ਹਾਂ ਖਲਾਸੀ ਨਹੀਂ ਹੋਣੀ, ਇਸ ਲਈ ਸਵਾਸ ਚੜ੍ਹਾਉਣ ਦੇ ਅਮਲ ਨੂੰ ਜਿਹੜਾ ਉਸ ਨੇ ਬਾਬਾ ਸੁਮੇਰ ਪੁਰੀ ਤੋਂ ਸਿੱਖਿਆ ਸੀ, ਪ੍ਰਸੰਗ ਵਿਚ ਲਿਆਂਦਾ। ਉਸ ਨੇ ਕੈਦ ਵਿਚ ਹੀ ਸਵਾਸ ਦਸਵੇਂ ਦੁਆਰ ਚੜ੍ਹਾ ਲਏ। ਉਸ ਨੂੰ ਮੁਰਦਾ ਸਮਝਕੇ ਉਸ ਦੀ ਲਾਸ਼ ਗੁਡੀਆ ਮਰਾਸੀ ਅਤੇ

ਉਸਦੇ ਸੇਵਕਾਂ ਹੱਥ ਪਿੰਡ ਵੱਲ ਨੂੰ ਭੇਜ ਦਿੱਤੀ। ਪਿੰਡ ਫੂਲ ਵਿਚ ਮਾਈ ਰਜੀ, ਰਾਮਾ ਅਤੇ ਤਿਲੋਕਾ ਨੂੰ ਇਸ ਘਟਨਾ ਬਾਰੇ ਪਤਾ ਲੱਗਾ। ਰਾਮਾ ਤੇ ਤਿਲੋਕਾ ਤੁਰੰਤ ਚਲ ਪਏ। ਉਹ ਲਾਸ਼ ਨਾਲ ਆ ਰਹੇ ਸੇਵਕਾਂ ਨੂੰ ਸੁਨਾਮ ਨੇੜੇ ਪਿੰਡ ਡੁਕ ਵਿਖੇ ਮਿਲੇ। ਮਾਈ ਰਜੀ ਦਾ ਇੰਤਜ਼ਾਰ ਨਾ ਕਰਦੇ ਹੋਏ ਉਨ੍ਹਾਂ ਨੇ ਫੂਲ ਦੀ ਦੇਹ ਦਾ ਦਾਹ ਸੰਸਕਾਰ ਕਰ ਦਿੱਤਾ। ਇਸ ਪਿਛੋਂ ਰਾਮਾ ਤੇ ਤਿਲੋਕਾ ਦਾ ਪਿੰਡ ਫੂਲ ਤੇ ਕਬਜ਼ਾ ਹੋ ਗਿਆ। ਉਨ੍ਹਾਂ ਨੇ ਮਾਈ ਬਾਲੀ, ਰਘੂ ਅਤੇ ਰਾਮੀ ਨੂੰ ਪਿੰਡ ਚਕ ਢਿਲੋਂ ਤੋਂ ਬੁਲਾ ਲਿਆ। ਮਾਈ ਰਜੀ ਆਪਣੇ ਤਿੰਨਾਂ ਪੁੱਤਰਾਂ ਝੰਡੂ, ਚੰਨੂ ਅਤੇ ਤਖ਼ਤਮਲ ਨੂੰ ਲੈ ਕੇ ਆਪਣੇ ਪੇਕੇ ਪਿੰਡ ਸਿਧਾਨੇ ਚਲੀ ਗਈ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਭਵਿੱਖਬਾਣੀ ਪੂਰਨ ਹੋਈ ਅਤੇ ਫੂਲ ਦੀ ਸੰਤਾਨ ਵਿਚ ਰਾਜਿਆਂ ਅਤੇ ਸਰਦਾਰਾਂ ਦੇ ਕਈ ਘਰਾਣੇ ਹਨ। ਫੂਲ ਦੀ ਪਹਿਲੀ ਪਤਨੀ ਬਾਲੀ ਤੋਂ ਉਸਦੇ ਤਿੰਨ ਲੜਕੇ ਤਿਲੋਕਾ, ਰਾਮਾ ਅਤੇ ਰਘੂ ਅਤੇ ਇਕ ਲੜਕੀ ਰਾਮੀ ਜਾਂ ਰਾਮ ਕੌਰ ਪੈਦਾ ਹੋਈ। ਲੜਕੀ ਦਾ ਵਿਆਹ ਰਾਮਦਾਸ ਦੇ ਇਕ ਸਰਦਾਰ ਨਾਲ ਹੋਇਆ। ਉਸਦੇ ਦਾਜ ਵਿਚ ਪਿੰਡ ਡੁਗਰ ਦਿੱਤਾ ਗਿਆ ਜਿਹੜਾ ਹੁਣ ਤੱਕ ਉਸਦੀ ਸੰਤਾਨ ਦੇ ਕਬਜ਼ੇ ਵਿਚ ਰਿਹਾ। ਤਿਲੋਕਾ ਦੀ ਸੰਤਾਨ ਵਿਚੋਂ ਰਾਜ ਘਰਾਣੇ ਨਾਭਾ, ਜੀਂਦ ਅਤੇ ਬਡਰੁਖਾਂ ਦੇ ਹਨ ਅਤੇ ਰਾਮਾ ਦੀ ਔਲਾਦ ਵਿਚੋਂ ਰਾਜ ਘਰਾਣੇ ਭਦੌੜ, ਪਟਿਆਲਾ ਅਤੇ ਮਲੋਦ ਦੇ ਹਨ। ਰਘੂ ਦੀ ਸੰਤਾਨ ਵਿਚੋਂ ਜਵੰਦਾ ਦੇ ਸਰਦਾਰ ਹਨ। ਫੂਲ ਦੀ ਦੂਜੀ ਪਤਨੀ ਰਜੀ ਦੀ ਸੰਤਾਨ-ਤਿੰਨ ਲੜਕੇ ਚੰਨੂ, ਝੰਡੂ ਅਤੇ ਤਖ਼ਤਮਲ ਸਨ। ਝੰਡੂ ਤਾਂ ਬੇਔਲਾਦ ਹੀ ਮਰ ਗਿਆ ਅਤੇ ਚੰਨੂ ਅਤੇ ਤਖ਼ਤਮਲ ਦੀ ਸੰਤਾਨ ਲੋਡ ਘਰੀਏ ਸਰਦਾਰ ਕਹਾਉਂਦੀ ਹੈ ਅਤੇ ਪਿੰਡ ਗੁਮਟੀ ਦੇ ਜਾਗੀਰਦਾਰ ਹਨ।

ਪਟਿਆਲੇ ਦੇ ਰਾਜ ਘਰਾਣੇ ਦੇ ਬਜ਼ੁਰਗ ਰਾਮਾ ਜੀ ਦਾ ਜਨਮ ਸੰਨ 1638 ਵਿਚ ਇਕ ਵਾਰ ਹੋਇਆ। ਉਹ ਆਪਣੇ ਵੱਡੇ ਭਾਈ ਤਿਲੋਕੇ ਦੇ ਅਧੀਨ ਕੰਮ ਕਰਦਾ ਸੀ। ਉਸਨੇ ਪਿੰਡ ਫੂਲ ਦੇ ਨੇੜੇ ਜਾਂਦੇ ਡਾਕੂਆਂ ਉੱਤੇ ਹੱਲਾ ਕਰ ਦਿੱਤਾ ਅਤੇ ਉਨ੍ਹਾਂ ਦਾ ਮਾਲ ਲੁੱਟ ਲਿਆ। ਇਸ ਕਾਰਵਾਈ ਨਾਲ ਉਸ ਦੀ ਦਲੇਰੀ ਅਤੇ ਹਿੰਮਤ ਵਿਚ ਵਾਧਾ ਹੋਇਆ ਅਤੇ ਉਸ ਨੇ ਭੱਟੀਆਂ ਦੇ ਦੇਸ਼ ਤੇ ਹੱਲੇ ਕਰਨੇ ਆਰੰਭ ਕਰ ਦਿੱਤੇ। ਉਸ ਨੇ ਭਟਨੇਰ ਦੇ ਸਰਦਾਰ ਹਸਨ ਖ਼ਾਨ ਨੂੰ ਹਰਾਇਆ। ਲੜਾਈ ਵਿਚ ਹਸਨ ਖ਼ਾਨ ਘੋੜੇ ਅਤੇ ਮਾਲ ਅਸਬਾਬ ਛੱਡਕੇ ਭੱਜ ਗਿਆ। ਰਾਮਾ ਨੇ ਈਸਾ ਖ਼ਾਨ ਨੂੰ ਲੜਾਈ ਵਿਚ ਹਰਾਇਆ ਅਤੇ ਬਹੁਤ ਲੁੱਟ ਦਾ ਮਾਲ ਉਸ ਦੇ ਹੱਥ ਲੱਗਿਆ। ਉਸ ਸਮੇਂ ਦਿੱਲੀ ਦੇ ਮੁਗ਼ਲ ਬਾਦਸ਼ਾਹਾ ਨੂੰ ਦਰਿਆ ਜਮਨਾ ਦੇ ਉਰਾਰ ਵੱਲ ਦੇ ਪਾਸੇ ਬਾਹਰਲੇ ਮੁਲਕ ਉੱਤੇ ਹਕੂਮਤ ਕਾਇਮ ਰਖਣੀ ਔਖੀ ਪ੍ਰਤੀਤ ਹੁੰਦੀ ਸੀ। ਰਾਮਾ ਨੇ ਆਪਣੀ ਅਮਲਦਾਰੀ ਵਧਾਉਣ ਦਾ ਇਹ ਅਵਸਰ ਚੰਗਾ ਸਮਝਿਆ। ਉਸ ਨੇ ਆਪਣੇ ਸੰਬੰਧੀ ਚੈਨ ਸਿੰਘ

ਦੇ ਵਸੀਲੇ ਨਾਲ ਸਰਹੰਦ ਦੇ ਸੂਬੇਦਾਰ ਤੋਂ ਜੰਗਲ ਦੇ ਇਲਾਕੇ ਦੀ ਮਾਲਗੁਜ਼ਾਰੀ ਇਕੱਠੀ ਕਰਕੇ ਸ਼ਾਹੀ ਖ਼ਜ਼ਾਨੇ ਵਿਚ ਦੇਣ ਦੀ ਆਗਿਆ ਪ੍ਰਾਪਤ ਕਰ ਲਈ।

ਚੈਨ ਸਿੰਘ ਜਿਸਦੇ ਰਸੂਖ਼ ਨਾਲ ਰਾਮੇ ਨੂੰ ਮਾਲਗੁਜ਼ਾਰ ਦਾ ਅਹੁਦਾ ਮਿਲਿਆ ਸੀ, ਆਪਣੇ ਹਿੱਸੇ ਦੀ ਆਮਦਨੀ ਤੇ ਸ਼ਾਕਰ ਨਹੀਂ ਸੀ। ਚੈਨ ਸਿੰਘ ਨੇ ਸਰਹੰਦ ਦੇ ਸੂਬੇਦਾਰ ਨਾਲ ਇਹ ਸਾਜਿਸ਼ ਕੀਤੀ ਕਿ ਰਾਮਾ ਦੇ ਮਾਲਗੁਜ਼ਾਰੀ ਇਕੱਠੇ ਕਰਨ ਦੇ ਆਦੇਸ਼ ਰੱਦ ਹੋ ਜਾਣ ਅਤੇ ਸਾਰੇ ਇਲਾਕੇ ਦੀ ਅਫ਼ਸਰੀ ਉਸ ਨੂੰ ਮਿਲ ਜਾਵੇ। ਆਪਣੇ ਭਾਈ ਤਿਲੋਕੇ ਦੀ ਸਲਾਹ ਤੇ ਰਾਮਾ ਨੇ ਚੈਨ ਸਿੰਘ ਨੂੰ ਮਰਵਾ ਦਿੱਤਾ। ਸੰਨ 1714 ਵਿਚ ਚੈਨ ਸਿੰਘ ਦੇ ਪੁੱਤਰਾਂ ਨੇ ਰਾਮਾ ਨੂੰ ਕੋਟਲੀ ਦੇ ਸਥਾਨ ਤੇ ਮਾਰ ਦਿੱਤਾ ਅਤੇ ਆਪਣੇ ਪਿਤਾ ਦੇ ਕਤਲ ਦਾ ਬਦਲਾ ਲਿਆ।

-0-

ਕਾਂਡ ਦੂਜਾ

## ਬਾਬਾ ਆਲਾ ਸਿੰਘ ਦਾ ਆਰੰਭਕ ਜੀਵਨ

ਸੰਨ 1691 ਵਿਚ ਸ੍ਰੀ ਰਾਮਾ ਦੇ ਤੀਜਾ ਪੁੱਤਰ ਪੈਦਾ ਹੋਇਆ। ਉਸ ਦਾ ਨਾਂ ਆਲਾ ਸਿੰਘ ਰੱਖਿਆ ਗਿਆ। ਆਪਣੇ ਪਿਤਾ ਰਾਮਾ ਦੀ ਮ੍ਰਿਤੂ ਵੇਲੇ ਉਸ ਦੀ ਉਮਰ 23 ਸਾਲ ਦੀ ਸੀ।

ਆਲਾ ਸਿੰਘ ਦੇ ਦੋ ਵੱਡੇ ਭਰਾ ਦੁਨਾ ਅਤੇ ਸੱਭਾ ਵੀ ਸਨ। ਦੁਨਾ ਖ਼ਾਨਦਾਨ ਭਦੌੜ ਦਾ ਬਾਨੀ ਸੀ। ਸਭਾ ਸੰਨ 1729 ਵਿਚ ਮਰ ਗਿਆ। ਉਸ ਦਾ ਇਕਲੌਤਾ ਪੁੱਤਰ ਜੋਧ ਵੀ ਉਸੇ ਸਾਲ ਮਰ ਗਿਆ। ਇਸ ਲਈ ਪਿੰਡ ਹੰਡਿਆਇਆ ਜਿਹੜਾ ਕਿ ਸੱਭਾ ਨੇ ਜਿੱਤ ਕੇ ਆਪਣੇ ਰਹਿਣ ਲਈ ਥਾਂ ਬਣਾਈ ਸੀ, ਉਸ ਦੇ ਭਾਈ ਆਲਾ ਸਿੰਘ ਦੇ ਕਬਜ਼ੇ ਵਿਚ ਆ ਗਿਆ। ਬਖ਼ਤਾ ਖ਼ਾਨਦਾਨ ਮਲੌਦ ਦਾ ਵਡੇਰਾ ਹੋਇਆ ਹੈ। ਬੁਧਾ ਅਤੇ ਲਧਾ ਦੀ ਸੰਤਾਨ ਵਿਚੋਂ ਕੋਈ ਨਹੀਂ ਹੈ। ਰਾਮਾ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਸੀ, ਉਸ ਦੇ ਪੁੱਤਰਾਂ ਵਿਚੋਂ ਆਲਾ ਸਿੰਘ ਤੋਂ ਬਿਨਾਂ ਕਿਸੇ ਹੋਰ ਨੇ 'ਸਿੰਘ' ਉਪਨਾਮ ਨਹੀਂ ਲਗਾਇਆ

ਬਾਬਾ ਆਲਾ ਸਿੰਘ ਨੂੰ ਸਕੂਲੀ ਵਿਦਿਆ ਨਹੀਂ ਪੜ੍ਹਾਈ ਗਈ। ਸਮੇਂ ਅਨੁਸਾਰ ਉਨ੍ਹਾਂ ਨੂੰ ਲੜਾਈ ਅਤੇ ਹਥਿਆਰ ਚਲਾਉਣ ਦੀ ਸਿੱਖਿਆ ਦਿੱਤੀ ਗਈ। ਉਹ ਇਸ ਵਿਚ ਨਿਪੁੰਨ ਹੋ ਗਏ। ਉਹ ਸਿਆਣੇ ਅਤੇ ਦਲੇਰ ਸਨ।

ਸੋਲਾਂ ਸਾਲ ਦੀ ਉਮਰ ਵਿਚ ਉਨ੍ਹਾਂ ਦਾ ਵਿਆਹ ਧਨੌਲਾ ਨੇੜੇ ਪਿੰਡ ਕਾਲੇਕੇ ਦੇ ਸਰੋਂ ਜ਼ਿਮੀਦਾਰ ਚੌਧਰੀ ਖਾਨੇ ਦੀ ਪੁੱਤਰੀ ਫ਼ਤਿਹ ਕੌਰ ਨਾਲ ਹੋਇਆ। ਉਹ ਮਾਈ ਫ਼ੱਤੋ ਦੇ ਨਾਂ ਨਾਲ ਪ੍ਰਸਿੱਧ ਸਨ। ਉਸ ਬਾਰੇ ਰਵਾਇਤ ਮਸ਼ਹੂਰ ਹੈ ਕਿ ਉਸ ਦੇ ਜਨਮ ਵੇਲੇ ਉਸ ਦੀ ਮਾਂ ਇਸ ਨੂੰ ਦੇਖ ਕੇ ਨਿਰਾਸ਼ ਹੋ ਗਈ ਕਿਉਂਕਿ ਉਹ ਲੜਕੇ ਦੀ ਚਾਹਵਾਨ ਸੀ। ਸੋ ਉਸ ਨੇ ਨਵੀਂ ਜੰਮੀ ਬੱਚੀ ਨੂੰ ਇਕ ਭਾਂਡੇ ਵਿਚ ਪਾਕੇ ਬਾਹਰ ਧਰਤੀ ਵਿਚ ਦਬਵਾ ਦਿੱਤਾ। ਉਸੀ ਵੇਲੇ ਭਾਈ ਦਿਆਲ ਦਾਸ ਜਿਹੜੇ ਭਾਈ ਭਗਤੂ ਸੰਨਿਆਸੀ ਦੇ ਚੇਲੇ ਸਨ 1698 ਵਿਚ ਪਿੰਡ ਕਾਲੇਕੇ ਪਧਾਰੇ। ਉਨਾਂ ਨੇ ਚੌਧਰੀ ਖਾਨੇ ਦੇ ਘਰ ਖਾਣਾ ਖਾਣ ਤੋਂ ਨਾਂਹ ਕਰ ਦਿੱਤੀ ਕਿ ਉਹ ਕੁੜੀਮਾਰ ਦੇ ਘਰ ਖਾਣਾ

ਨਹੀਂ ਖਾਣਗੇ। ਖਾਨੇ ਨੇ ਮਾਫ਼ੀ ਮੰਗੀ ਤੇ ਲੜਕੀ ਨੂੰ ਜ਼ਮੀਨ ਵਿਚੋਂ ਕੱਢਿਆ ਗਿਆ। ਲੜਕੀ ਜਿਊਂਦੀ ਸੀ। ਭਾਈ ਦਿਆਲ ਦਾਸ ਨੇ ਖਾਨੇ ਦੇ ਘਰ ਖਾਣਾ ਖਾਧਾ ਅਤੇ ਦੱਸਿਆ ਕਿ ਲੜਕੀ ਤੋਂ ਇਕ ਬੜੀ ਮਸ਼ਹੂਰ ਸੰਤਾਨ ਪੈਦਾ ਹੋਵੇਗੀ ਜੋ ਕਿ ਆਸ-ਪਾਸ ਦੇ ਇਲਾਕੇ ਤੇ ਰਾਜ ਕਰੇਗੀ। ਲੜਕੀ ਦਾ ਨਾ ਫ਼ੱਤੋਂ ਰੱਖਿਆ ਗਿਆ ਅਤੇ ਨੌਂ ਸਾਲ ਦੀ ਉਮਰ ਵਿਚ ਉਸਦੀ ਸ਼ਾਦੀ ਆਲਾ ਸਿੰਘ ਨਾਲ ਕੀਤੀ ਗਈ।

ਫ਼ਤਿਹ ਕੌਰ ਸੂਝਵਾਨ ਸੀ ਅਤੇ ਉਸ ਨੇ ਆਪਣੇ ਪਤੀ ਦੀ ਰਾਜ ਪ੍ਰਬੰਧ ਅਤੇ ਰਾਜਨੀਤਿਕ ਮਾਮਲਿਆਂ ਵਿਚ ਸਹਾਇਤਾ ਕੀਤੀ। ਲੰਗਰ ਚਲਾ ਕੇ ਉਹ ਸਿੱਖਾਂ ਦੀ ਵੀ ਸੇਵਾ ਕਰਦੀ ਸੀ। ਉਹ ਭਾਈ ਦਿਆਲ ਦਾਸ ਦੀ ਬੜੀ ਸ਼ਰਧਾਲੂ ਸੀ। ਇਸ ਕਾਰਨ ਵੀ ਆਲਾ ਸਿੰਘ ਦਾ ਭਾਈ ਖਾਨਦਾਨ ਨਾਲ ਮੇਲ ਹੋਇਆ। ਭਾਈ ਦਿਆਲ ਦਾਸ ਦਾ ਪੁੱਤਰ ਭਾਈ ਗੁਰਬਖਸ਼ ਸਿੰਘ ਸੂਰਬੀਰ ਸੀ। ਉਸੇ ਨੇ ਆਲਾ ਸਿੰਘ ਦੀ ਪਟਿਆਲਾ ਰਾਜ ਦੀ ਸਥਾਪਨਾ ਕਰਨ ਵਿਚ ਸਹਾਇਤਾ ਕੀਤੀ। ਪਿੱਛੋਂ ਭਾਈ ਗੁਰਬਖ਼ਸ਼ ਸਿੰਘ ਨੇ ਆਪ ਕੈਥਲ ਰਾਜ ਦੀ ਨੀਂਹ ਰੱਖੀ। ਇਸ ਤੋਂ ਇਲਾਵਾ, ਫਤਿਹ ਕੌਰ ਦੇ ਚਾਚੇ ਦੇ ਲੜਕੇ ਗੁਰਬਖ਼ਸ਼ ਸਿੰਘ ਕਾਲੇਕਾ ਨੇ ਆਲਾ ਸਿੰਘ ਦੀ ਪਟਿਆਲਾ ਸ਼ਹਿਰ ਦੀ ਨੀਂਹ ਰੱਖਣ ਵਿਚ ਬੜੀ ਸਹਾਇਤਾ ਕੀਤੀ। ਇਸ ਤਰ੍ਹਾਂ ਆਲਾ ਸਿੰਘ ਦਾ ਫ਼ਤਿਹ ਕੌਰ ਨਾਲ ਵਿਆਹ ਉਸਦੇ ਰਾਜਸੀ ਜੀਵਨ ਵਿਚ ਬਹੁਤ ਲਾਭਦਾਇਕ ਸਿੱਧ ਹੋਇਆ।

ਬਾਬਾ ਆਲਾ ਸਿੰਘ 23 ਸਾਲ ਦੇ ਸਨ ਜਦੋਂ ਉਨ੍ਹਾਂ ਨੇ ਆਪਣੇ ਪਿਤਾ ਰਾਮੇ ਦੇ ਕਤਲ ਦਾ ਬਦਲਾ ਚੈਨ ਸਿੰਘ ਦੇ ਪੁੱਤਰਾਂ ਤੋਂ ਲਿਆ। ਰਾਮਾ ਦੇ ਕਤਲ ਤੋਂ ਦੋ ਸਾਲ ਪਿੱਛੋਂ ਉਸਦੇ ਕਾਤਲ ਬੀਰੂ, ਕਮਾਲਾ ਅਤੇ ਉਗਰ ਸੈਨ ਥੋੜ੍ਹੇ ਜਿਹੇ ਸੈਨਕਾਂ ਨਾਲ ਪਿੰਡ ਗੁਮਟੀ ਆਏ। ਆਲਾ ਸਿੰਘ ਅਤੇ ਉਸਦੇ ਭਾਈ ਸੱਭਾ ਸਿੰਘ ਨੂੰ ਇਸ ਦੀ ਸੂਹ ਮਿਲੀ। ਉਨ੍ਹਾਂ ਨੇ ਜਲਦੀ ਹੀ ਕੁਝ ਸਵਾਰ ਨਾਲ ਲੈ ਕੇ ਪਿੰਡ ਨੂੰ ਘੇਰ ਲਿਆ। ਕਮਾਲਾ ਅਤੇ ਉਸਦੇ ਸੈਨਕਾਂ ਨੇ ਡੱਟ ਕੇ ਟਾਕਰਾ ਕੀਤਾ। ਪਰ ਅੰਤ ਨੂੰ ਉਨ੍ਹਾਂ ਦੀ ਹਾਰ ਹੋਈ। ਬੀਰ ਅਤੇ ਕਮਾਲਾ ਅਤੇ ਉਸਦੇ 18 ਸੈਨਿਕ ਮਾਰੇ ਗਏ। ਉਗਰ ਸੈਨ ਭੱਜ ਕੇ ਪਿੰਡ ਸੇਮੇ ਚਲਾ ਗਿਆ ਪਰ ਜਲਦੀ ਹੀ ਬਾਬਾ ਆਲਾ ਸਿੰਘ ਅਤੇ ਸਭਾ ਸਿੰਘ ਨੇ ਹੱਲਾ ਕਰਕੇ ਉਸ ਨੂੰ ਲੁੱਟ ਲਿਆ ਅਤੇ ਪਿੰਡ ਸੇਮੇ ਨੂੰ ਨਸ਼ਟ ਕਰ ਦਿੱਤਾ। ਉਗਰ ਸੈਨ ਨੂੰ ਜਾਨ ਬਚਾਉਣ ਲਈ ਫਿਰ ਭਜਣਾ ਪਿਆ। ਇਸ ਦੇ ਥੋੜ੍ਹੇ ਚਿਰ ਪਿੱਛੋਂ ਆਲਾ ਸਿੰਘ ਨੇ ਪਿੰਡ ਸੰਘੇੜਾ ਦੇ ਵਸਨੀਕਾਂ ਦੀ ਬਿਨੈ ਤੇ ਇਸ ਪਿੰਡ ਵਿਚ ਆਪਣਾ ਥਾਣਾ ਬਿਠਾ ਦਿਤਾ। ਏਥੋਂ ਦੇ ਵਸਨੀਕਾਂ ਨੇ ਰਾਏਕੋਟ ਅਤੇ ਜਗਰਾਉਂ ਦੇ ਰਈਜਾਂ ਦੇ ਹੱਥੋਂ ਤੰਗ ਆਕੇ ਬਾਬਾ ਆਲਾ ਸਿੰਘ ਤੋਂ ਸ਼ਰਣ ਮੰਗੀ ਸੀ।

ਰਿਆਸਤ ਰਾਏ ਕੋਟ ਦਾ ਹਾਕਮ ਉਨ੍ਹੀ ਦਿਨੀਂ ਨਵਾਂ ਮੁਸਲਮਾਨ ਹੋਇਆ ਸੀ। ਉਸ ਨੇ ਹਿੰਦੂਆਂ ਤੇ ਬੜੇ ਅਤਿਆਚਾਰ ਕਰਨੇ ਸ਼ੁਰੂ ਕੀਤੇ ਅਤੇ ਜ਼ੋਰ ਦੇਣ ਲੱਗਾ ਕਿ ਸਾਰੇ ਹਿੰਦੂ

ਮੁਸਲਮਾਨ ਹੋ ਜਾਣ। ਇਸ ਕਾਰਨ ਇਲਾਕੇ ਦੇ ਹਿੰਦੂ ਜਿਮੀਦਾਰਾਂ ਨੇ ਸਰਦਾਰ ਆਲਾ ਸਿੰਘ ਪਾਸ ਆਕੇ ਰਾਏ ਕੋਟ ਦੇ ਹਾਕਮ ਦੀ ਸ਼ਿਕਾਇਤ ਕੀਤੀ। ਰਾਏ ਕੋਟ ਦੇ ਰਈਸ ਰਾਏ ਕਲ੍ਹਾ ਨੇ ਗੋਜ਼ ਮੁਹੰਮਦ ਨੂੰ ਬਹੁਤ ਸਾਰੀ ਫੌਜ ਨਾਲ ਭੇਜਿਆ ਕਿ ਆਲਾ ਸਿੰਘ ਦਾ ਥਾਣਾ ਉਠਾ ਦਿੱਤਾ ਜਾਵੇ। ਦੋਹਾਂ ਫੌਜਾਂ ਵਿਚ ਘਮਸਾਨ ਦਾ ਯੁੱਧ ਹੋਇਆ। ਗੋਸ਼ ਮੁਹੰਮਦ ਲੜਾਈ ਵਿਚ ਮਾਰਿਆ ਗਿਆ ਤੇ ਉਸਦੀ ਫੌਜ ਭਜ ਗਈ। ਇਸੇ ਤਰ੍ਹਾਂ ਤਿੰਨ ਵੇਰ ਰਾਇਕਿਆਂ ਨੇ ਕੋਸ਼ਿਸ਼ ਕੀਤੀ ਆਲਾ ਸਿੰਘ ਨਾਲ ਲੜਾਈ ਹੋਈ। ਹਰ ਵਾਰ ਰਾਇਕਿਆਂ ਨੂੰ ਹਾਰ ਹੋਈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਉਹ ਪਿੰਡ ਆਲਾ ਸਿੰਘ ਦੇ ਕਬਜ਼ੇ ਵਿਚ ਆ ਗਿਆ ਅਤੇ ਰਾਏ ਦੇ ਬਹੁਤ ਸਾਰੇ ਸੈਨਿਕ ਮਾਰੇ ਗਏ।

ਰਾਮਾ ਦੇ ਮਰਨ ਤੇ ਭਾਈਆਂ ਵਿਚ ਸੰਪਤੀ ਦੀ ਵੰਡ ਕਰਨੀ ਸੀ। ਤਿਲੋਕੇ ਨੂੰ ਜਾਇਦਾਦ ਦੀ ਵੰਡ ਲਈ ਕਿਹਾ ਗਿਆ। ਤਿਲੋਕੇ ਨੇ ਮਾਮਲੇ ਨੂੰ ਦਬਣ ਲਈ ਸੇਮੇ ਦੀ ਸੰਤਾਨ ਨੂੰ ਪਿੰਡ ਫੂਲ ਵਿਖੇ ਵਸਣ ਲਈ ਕਿਹਾ। ਇਸ ਕਾਰਨ ਰਾਮੇ ਦੇ ਪੁੱਤਰਾਂ ਨੂੰ ਫੂਲ ਪਿੰਡ ਤੋਂ ਨਿਕਲਣਾ ਪਿਆ। ਰਾਮੇ ਦਾ ਦੂਜਾ ਪੁੱਤਰ ਸੱਭਾ ਸਿੰਘ ਢਬਾਲੀ ਵਿਖੇ ਵਸ ਗਿਆ। ਦੁਨਾ ਸਿੰਘ, ਆਲਾ ਸਿੰਘ ਅਤੇ ਬਖਤਾ ਭਦੌੜ ਵਸ ਗਏ। ਭਦੌੜ ਨੂੰ ਸੇਮੇ ਦੀ ਸੰਤਾਨ ਛੱਡ ਕੇ ਆਈ ਸੀ।

ਇਨ੍ਹਾਂ ਦਿਨਾਂ ਵਿਚ ਪ੍ਰਸਿੱਧ ਸੰਤ ਭਾਈ ਮੂਲ ਚੰਦ ਭਦੌੜ ਇਕ ਉੱਘੇ ਸੰਤ ਭਾਈ ਚਰਨ ਦਾਸ ਨੂੰ ਮਿਲਣ ਲਈ ਆਏ। ਆਲਾ ਸਿੰਘ ਅਤੇ ਉਨ੍ਹਾਂ ਦੇ ਭਰਾ ਭਾਈ ਮੂਲ ਚੰਦ ਨੂੰ ਮਿਲਣ ਲਈ ਆਏ। ਭਾਈ ਚਰਨ ਦਾਸ ਨੇ ਕਿਹਾ ਕਿ ਰਾਮੇ ਦੇ ਪੁੱਤਰਾਂ ਵਿਚੋਂ ਇਕ ਰਾਜਾ ਬਣੇਗਾ। ਆਲਾ ਸਿੰਘ ਨੇ ਪੁੱਛਿਆ ਕਿ ਉਨ੍ਹਾਂ ਵਿਚੋਂ ਕੌਣ ਰਾਜਾ ਬਣੇਗਾ ਤਾਂਕਿ ਦੂਜੇ ਭਾਈ ਉਸਦੀ ਆਗਿਆ ਮੰਨਣ।ਤਿੰਨ ਵਾਰ ਪੁੱਛਣ ਤੇ ਭਾਈ ਜੀ ਨੇ ਕਿਹਾ ਕਿ ਪ੍ਰਸ਼ਨ ਪੁੱਛਣ ਵਾਲਾ ਹੀ ਰਾਜਾ ਬਣੇਗਾ ਦਿਸ ਭਵਿੱਖ ਬਾਣੀ ਨੇ ਆਲਾ ਸਿੰਘ ਨੂੰ ਆਪਣੇ ਰਾਜ ਸਥਾਪਿਤ ਕਰਨ ਦੇ ਨਿਸਚੇ ਵਿਚ ਦ੍ਰਿੜ ਕਰ ਦਿੱਤਾ।

ਆਪਣੇ ਭਾਈ ਦੁਨਾ ਸਿੰਘ ਦੇ ਵਰਤਾਉ ਤੇ ਆਲਾ ਸਿੰਘ ਭਦੌੜ ਵਿਖੇ ਖੁਸ਼ ਨਹੀਂ ਸੀ। ਆਲਾ ਸਿੰਘ ਭਦੌੜ ਛੱਡਣ ਲਈ ਸਮੇਂ ਦੀ ਭਾਲ ਵਿਚ ਸੀ। ਕਾਲ ਪੈ ਗਿਆ। ਦੁਨਾ ਸਿੰਘ ਮਾਲੀਆ ਨਾ ਦੇ ਸਕਿਆ। ਉਸ ਨੂੰ ਆਪਣੇ ਪੁੱਤਰ ਦਾਉ ਸਿੰਘ ਨਾਲ ਕੈਦ ਕਰ ਲਿਆ ਗਿਆ। ਦਾਊ ਸਿੰਘ ਕੈਦ ਵਿਚ ਹੀ ਮਰ ਗਿਆ। ਸੰਨ 1722 ਵਿਚ ਆਲਾ ਸਿੰਘ ਨੇ ਭਦੌੜ ਛੱਡ ਦਿੱਤਾ ਅਤੇ ਬਰਨਾਲੇ ਆ ਗਿਆ। ਬਰਨਾਲਾ ਭਦੌੜ ਤੋਂ 24 ਕਿਲੋਮੀਟਰ ਦੀ ਵਿੱਥ ਤੇ ਸੀ।

ਆਲਾ ਸਿੰਘ ਨੇ ਬਰਨਾਲਾ ਨੂੰ ਸੰਨ 1722 ਵਿਚ ਵਸਾਇਆ ਸੀ ਜਿਹੜਾ ਉਜੜਿਆ ਹੋਇਆ ਸੀ। ਇਸ ਨੂੰ ਉਸਨੇ ਆਪਣੀ ਰਾਜਧਾਨੀ ਬਣਾਇਆ। ਉਸ ਨੇ ਪਿੰਡ ਦੇ ਗਿਰਦ ਇਕ ਇੱਟਾਂ ਦੀ ਦੀਵਾਰ ਬਣਵਾਈ ਅਤੇ ਇਸਦੇ ਵਿਚ ਇਕ ਕਿਲ੍ਹਾ ਬਣਵਾਇਆ। ਕਿਲ੍ਹੇ ਦੇ ਅੰਦਰਲੇ ਵਿਹੜੇ ਦੇ ਸਾਹਮਣੇ ਇਕ ਬਹੁਤ ਵੱਡੀ ਬਾਉਲੀ ਹੈ ਜਿਸ ਦੀਆਂ 127 ਪਾਉੜੀਆਂ ਹਨ। ਚਾਲੀ

ਸਾਲ ਤੱਕ ਬਰਨਾਲਾ ਉਸਦੀ ਰਾਜਧਾਨੀ ਰਿਹਾ। ਬਰਨਾਲੇ ਤੋਂ ਹੀ ਆਲਾ ਸਿੰਘ ਨੇ ਆਪਣਾ ਇਲਾਕਾ ਵਧਾਇਆ ਅਤੇ ਚਾਲੀ ਵਰ੍ਹਿਆਂ ਵਿਚ ਇਕ ਵੱਡੀ ਰਿਆਸਤ ਕਾਇਮ ਕੀਤੀ। 14 ਜਨਵਰੀ, 1764 ਨੂੰ ਜਦ ਬਾਬਾ ਆਲਾ ਸਿੰਘ ਦਾ ਵੱਡਾ ਵਿਰੋਧੀ ਜ਼ੈਨ ਖਾਨ ਸਰਹੰਦ ਦਾ ਸੂਬੇਦਾਰ ਲੜਾਈ ਵਿਚ ਮਾਰਿਆ ਗਿਆ ਅਤੇ ਸਾਰੇ ਖੇਤਰ ਵਿਚ ਸਿੰਘਾਂ ਦਾ ਰਾਜ ਹੋ ਗਿਆ ਤਾਂ ਬਾਬਾ ਆਲਾ ਸਿੰਘ ਨੇ ਬਰਨਾਲੇ ਨੂੰ ਛੱਡਕੇ ਪਟਿਆਲੇ ਨੂੰ ਆਪਣੀ ਰਾਜਧਾਨੀ ਬਣਾ ਲਿਆ।

ਆਪਣੇ ਭਾਈ ਤੋਂ ਵੱਖ ਹੋਕੇ ਨਵੇਂ ਸਥਾਨ ਵਿਚ ਆਬਾਦ ਹੋਣ ਨਾਲ ਉਸ ਨੂੰ ਆਪਣੀ ਸੂਝ-ਬੂਝ ਨਾਲ ਅੱਗੇ ਵਧਣ ਦਾ ਮੌਕਾ ਮਿਲਿਆ। ਉਸ ਵੇਲੇ ਦੀ ਰਾਜਨੀਤਿਕ ਹਾਲਤ ਉਸ ਵਰਗੇ ਦਲੇਰ, ਸੂਝਵਾਨ ਅਤੇ ਰਾਜਨੀਤਿਗ ਦੇ ਉੱਨਤੀ ਕਰਨ ਦੇ ਅਨਕੂਲ ਸੀ।

-0-

ਕਾਂਡ ਤੀਜਾ

# ਪੰਥ ਅਤੇ ਦੇਸ਼ ਦੀ ਹਾਲਤ

ਪੰਜਾਬ ਦੇ ਹਿਠਾੜ ਸਤਲੁਜ ਖੇਤਰ ਵਿਚ ਈਸਾ ਖ਼ਾਨ ਬਹੁਤ ਸ਼ਕਤੀਸ਼ਾਲੀ ਹਾਕਮ ਸੀ। ਆਲਾ ਸਿੰਘ ਦੇ ਬਜ਼ੁਰਗਾਂ ਦੇ ਇਲਾਕੇ ਫੂਲ, ਰਾਮਪੁਰਾ ਅਤੇ ਭਦੌੜ ਈਸਾ ਖ਼ਾਨ ਦੇ ਅਧੀਨ ਸਨ। ਸੰਨ 1712 ਵਿਚ ਉਸ ਨੇ ਮੁਗਲ ਬਾਦਸ਼ਾਹ ਜਹਾਂਦਾਰ ਸ਼ਾਹ ਦੀ ਰਾਜ ਪ੍ਰਾਪਤੀ ਲਈ ਲੜਾਈ ਵਿਚ ਸਹਾਇਤਾ ਕੀਤੀ ਸੀ। ਜਹਾਂਦਾਰ ਸ਼ਾਹ ਨੇ ਬਾਦਸ਼ਾਹ ਬਣਨ ਪਿੱਛੋਂ ਉਸ ਨੂੰ ਪੰਜ ਹਜ਼ਾਰੀ ਦੀ ਪਦਵੀ ਦਿੱਤੀ ਅਤੇ ਲਖੀ ਜੰਗਲ ਦੀ ਫ਼ੌਜਦਾਰੀ ਤੇ ਨਿਯੁਕਤ ਕੀਤਾ। ਉਸਨੂੰ ਜਲੰਧਰ ਦੁਆਬ ਦਾ ਫ਼ੌਜਦਾਰ ਵੀ ਨਿਯੁਕਤ ਕੀਤਾ ਗਿਆ। ਉਹ ਬਹੁਤ ਦਲੇਰ ਅਤੇ ਜੌਰਾਵਰ ਸੀ। ਉਸ ਨੇ ਲੋਕਾਂ ਦੇ ਦਿਲਾਂ ਵਿਚ ਡਰ ਪਾ ਦਿੱਤਾ।

ਸੰਨ 1714 ਵਿਚ ਰਾਮਾ ਦੀ ਮ੍ਰਿਤੂ ਵੇਲੇ ਈਸਾ ਖਾਨ ਆਪਣੀ ਸੱਤਾ ਦੀ ਉਚ-ਸੀਮਾ ਤੇ ਸੀ ਅਤੇ 1718 ਤੱਕ ਰਿਹਾ। ਬੰਦਾ ਬਹਾਦਰ ਨੇ ਜਦੋਂ ਪੰਜਾਬ ਵਿਚ ਤਾਕਤ ਪਕੜ ਲਈ ਤਾਂ ਈਸਾ ਖ਼ਾਨ ਨੇ ਦਿੱਲੀ ਤੋਂ ਕਾਬਲ ਵੱਲ ਚਲਦੇ ਕਾਫ਼ਲਿਆਂ ਨੂੰ ਲੁੱਟਣਾ ਆਰੰਭ ਕਰ ਦਿੱਤਾ। ਉਸ ਖੇਤਰ ਵਿਚ ਮਿਲੀਆਂ ਮੁਗਲ ਸਰਕਾਰੀ ਅਫ਼ਸਰਾਂ ਦੀਆਂ ਜਾਗੀਰਾਂ ਤੋਂ ਵੀ ਮਾਲੀਆ ਉਸ ਨੇ ਵਸੂਲ ਕਰਨਾ ਆਰੰਭ ਕਰ ਦਿੱਤਾ। ਖਾਨ ਦੌਰਾਂ ਦੀ ਸਹਾਇਤਾ ਨਾਲ ਉਸ ਨੇ ਮੁਗਲ ਦਰਬਾਰ ਤੋਂ ਲਾਹੌਰ ਦੀ ਸੂਬੇਦਾਰੀ ਤੇ ਨਿਯੁਕਤੀ ਲੈਣ ਦੀ ਕੋਸ਼ਿਸ਼ ਕੀਤੀ। ਪਰ ਮੁਹੰਮਦ ਅਮੀਨ ਖ਼ਾਨ ਦੇ ਰਸੂਖ਼ ਕਾਰਨ ਅਬਦੁਲ ਸਮਦ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਬੰਦੇ ਬਹਾਦਰ ਦੇ ਸ਼ਹੀਦ ਹੋਣ ਤੋਂ ਪਿੱਛੋਂ, ਅਬਦੁਲ ਸਮਦ ਖ਼ਾਨ ਨੇ ਆਪਣੀ ਸੈਨਾ ਕਸੂਰ ਦੇ ਸ਼ਾਹਦਾਦ ਖ਼ਾਨ ਦੀ ਕਮਾਨ ਅਧੀਨ ਈਸਾ ਖ਼ਾਨ ਦੇ ਵਿਰੁੱਧ ਭੇਜੀ।

ਬਰਾੜਾਂ ਨੇ ਸ਼ਾਹਦਾਦ ਖਾਨ ਦੀ ਸਹਾਇਤਾ ਕੀਤੀ। ਈਸਾ ਖ਼ਾਨ ਨੇ ਕਪੂਰਾ ਜਿਹੜਾ ਫ਼ਰੀਦਕੋਟ ਦੇ ਰਾਜਿਆਂ ਦਾ ਵੱਡੇਰਾ ਸੀ, ਨੂੰ ਮਾਰਿਆ ਸੀ। ਬਦਲੇ ਦੀ ਭਾਵਨਾ ਨਾਲ ਬਰਾੜਾਂ ਨੇ ਸ਼ਾਹਦਾਦ ਖ਼ਾਨ ਦੀ ਸਹਾਇਤਾ ਕੀਤੀ ਸੀ। ਪਿੰਡ ਬਾੜਾ ਵਿਖੇ ਹੋਈ ਲੜਾਈ ਵਿਚ ਈਸਾ ਖ਼ਾਨ 1718 ਵਿਚ ਮਾਰਿਆ ਗਿਆ।

ਈਸਾ ਖਾਨ ਵਰਗੇ ਸ਼ਕਤੀਸ਼ਾਲੀ ਹਾਕਮ ਦੀ ਮ੍ਰਿਤੂ ਨਾਲ ਆਲਾ ਸਿੰਘ ਦੀ ਉੱਨਤੀ ਦੇ ਰਾਹ ਦੀ ਵੱਡੀ ਰੁਕਾਵਟ ਹਟ ਗਈ। ਈਸਾ ਖ਼ਾਨ ਹੀ ਉਸਦੀ ਉੱਨਤੀ ਦੇ ਰਾਹ ਵਿਚ ਵੱਡਾ ਰੋੜਾ ਸੀ। ਈਸਾ ਖਾਨ ਦੇ ਡਰ ਕਰਕੇ ਹੀ ਫੂਲ ਨੂੰ ਆਪਣਾ ਪਿੰਡ ਫੂਲ ਕੁਝ ਸਮਾਂ ਲਈ ਛੱਡਣਾ

ਪਿਆ ਸੀ। ਫੂਲ ਦੇ ਪੁੱਤਰ ਤਿਲੋਕਾ ਤੇ ਰਾਮਾ ਈਸਾ ਖ਼ਾਨ ਦੇ ਡਰ ਕਾਰਨ ਬੰਦਾ ਬਹਾਦਰ ਦਾ ਸਾਥ ਨਾ ਦੇ ਸਕੇ।

ਆਲਾ ਸਿੰਘ ਦੇ ਇਲਾਕੇ ਦੇ ਪੂਰਬ ਵਿਚ ਸੂਬਾ ਸਰਹੰਦ ਸੀ। ਇਹ ਦਿੱਲੀ ਅਤੇ ਲਾਹੌਰ ਦੇ ਵਿਚਾਲੇ ਮੁਗਲਾਂ ਦਾ ਇਕ ਮਹੱਤਵਪੂਰਣ ਸੈਨਿਕ ਠਿਕਾਣਾ ਸੀ। ਸੰਨ 1717 ਵਿਚ ਸਰਹੰਦ ਦੇ ਫੌਜਦਾਰ ਦੇ ਇਬਰਾਹੀਮ-ਉਦ-ਦੀਨ-ਖਾਨ ਦੇ ਆਪਣੇ ਨੌਕਰ ਦੇ ਹੱਥੋਂ ਮਾਰੇ ਜਾਣ ਤੋਂ ਪਿੱਛੋਂ, ਜੈਨ-ਉਦ-ਦੀਨ ਅਹਿਮਦ ਸਰਹੰਦ ਦਾ ਫ਼ੌਜਦਾਰ ਨਿਯੁਕਤ ਹੋ ਕੇ ਆਇਆ। ਸੰਨ 1741 ਵਿਚ ਅਲੀ ਮੁਹੰਮਦ ਖ਼ਾਨ ਸਰਹੰਦ ਦਾ ਫੌਜ਼ਦਾਰ ਨਿਯੁਕਤ ਹੋਇਆ। ਇਹ ਬਹੁਤ ਬਹਾਦਰ ਸੀ। ਆਲਾ ਸਿੰਘ ਨੇ 1745 ਵਿਚ ਉਸ ਦੀ ਕੋਟ ਦੇ ਹਾਕਮ ਰਾਏ-ਕਲਾਂ ਵਿਰੁੱਧ ਸਹਾਇਤਾ ਕੀਤੀ। ਪਿੱਛੋਂ ਭੀਖਣ ਖਾਨ ਕੋਟਲਾ ਦੇ ਹਾਕਮ ਆਦਿ ਦੇ ਕਹਿਣ ਤੇ ਆਲਾ ਸਿੰਘ ਨੂੰ ਅਲੀ ਮੁਹੰਮਦ ਖ਼ਾਨ ਨੇ ਸੁਨਾਮ ਦੇ ਕਿਲ੍ਹੇ ਵਿਚ ਕੈਦ ਕਰ ਲਿਆ ਅਤੇ ਉਸ ਦੀ ਰਾਜਧਾਨੀ ਬਰਨਾਲਾ ਲੁੱਟ ਲਈ। ਸੰਨ 1747 ਵਿਚ ਆਲਾ ਸਿੰਘ ਦਾ ਨੌਕਰ ਕਰਮਾ ਕਿਲ੍ਹੇ ਦੇ ਵਿਚ ਪਹੁੰਚ ਗਿਆ। ਕਰਮਾ ਆਲਾ ਸਿੰਘ ਦੀ ਥਾਂ ਬੈਠ ਗਿਆ ਅਤੇ ਆਲਾ ਸਿੰਘ ਨੂੰ ਕਿਲ੍ਹੇ ਵਿਚੋਂ ਨਿਕਲਣ ਵਿਚ ਸਹਾਇਤਾ ਦਿੱਤੀ।

ਆਲਾ ਸਿੰਘ ਦੇ ਇਲਾਕੇ ਦੇ ਉੱਤਰ ਵਿਚ ਰਾਏ ਕੋਟ ਸੀ। ਰਾਏ ਕੋਟ ਦਾ ਰਾਏ ਕਲ੍ਹਾ ਬਹੁਤ ਬਹਾਦਰ ਸੀ ਅਤੇ ਉਸ ਦਾ ਅਸਰ ਰਸੂਖ ਬਹੁਤ ਸੀ ਪਰ ਆਲਾ ਸਿੰਘ ਨੇ 1731 ਵਿਚ ਉਸ ਨੂੰ ਬਰਨਾਲੇ ਦੀ ਲੜਾਈ ਵਿਚ ਹਰਾਇਆ ਸੀ।

ਮਲੇਰਕੋਟਲੇ ਦੇ ਅਫ਼ਗਾਨ ਹਾਕਮ ਬਹੁਤ ਸ਼ਕਤੀਸ਼ਾਲੀ ਸਨ। ਆਲਾ ਸਿੰਘ ਨੂੰ ਜਮਾਲ ਖ਼ਾਨ ਅਤੇ ਭੀਖਣ ਖ਼ਾਨ ਮਲੇਰਕੋਟਲੇ ਦੇ ਹਾਕਮਾਂ ਦਾ ਟਾਕਰਾ ਕਰਨਾ ਪਿਆ। ਜਮਾਲ ਖ਼ਾਨ ਅਤੇ ਭੀਖਣ ਖ਼ਾਨ ਦੇ ਬਜ਼ੁਰਗ ਦਿੱਲੀ ਦੇ ਸੁਲਤਾਨਾਂ ਅਤੇ ਸੂਬਾ ਸਰਹੰਦ ਵਿਚ ਉੱਚ ਪਦਵੀਆਂ ਤੇ ਨਿਯੁਕਤ ਰਹੇ ਸਨ। ਇਹ ਸਾਰਾ ਇਲਾਕਾ ਇਨ੍ਹਾਂ ਦੀ ਜਾਗੀਰ ਵਿਚ ਸੀ। ਜਦੋਂ ਦਿੱਲੀ ਸਲਤਨਤ ਦਾ ਪਤਨ ਹੋਇਆ ਅਤੇ ਸਰਹੰਦ ਦੇ ਸੂਬੇਦਾਰ ਦਾ ਅਸਰ ਰਸੂਖ ਨਾ ਰਿਹਾ ਤਾਂ ਇਹ ਦੇਸ਼ ਦੇ ਦੂਜੇ ਹਾਕਮਾਂ ਦੀ ਤਰ੍ਹਾਂ ਸੁਤੰਤਰ ਹਾਕਮ ਬਣ ਗਏ। ਆਲਾ ਸਿੰਘ ਦੇ ਭਤੀਜੇ ਮਾਨ ਸਿੰਘ ਨੇ ਮਲੌਦ ਦਾ ਇਲਾਕਾ ਮਲੇਰਕੋਟਲੇ ਦੇ ਹਾਕਮਾਂ ਤੋਂ ਜਿੱਤਿਆ। ਸੰਨ 1731 ਵਿਚ ਆਲਾ ਸਿੰਘ ਨੇ ਜਮਾਲ ਖ਼ਾਨ ਨੂੰ ਬਰਨਾਲੇ ਦੀ ਲੜਾਈ ਵਿਚ ਹਰਾਇਆ ਅਤੇ ਭੀਖਣ ਖ਼ਾਨ ਆਲਾ ਸਿੰਘ ਦੇ ਪੋਤੇ ਹਿੰਮਤ ਸਿੰਘ ਨਾਲ ਲੜਾਈ ਵਿਚ ਮਾਰਿਆ ਗਿਆ।

ਪੱਛਮ ਵਿਚ ਬਰਾੜਾਂ ਦਾ ਜ਼ੋਰ ਸੀ ਅਤੇ ਇਹ ਬਹੁਤ ਸ਼ਕਤੀਸ਼ਾਲੀ ਸਨ। ਕੁਝ ਵੱਡੇ ਇਲਾਕਿਆਂ ਦੇ ਹਾਕਮ ਆਲਾ ਸਿੰਘ ਦੀ ਤਰ੍ਹਾਂ ਸਿਧੂਆਂ ਦੀ ਸੰਤਾਨ ਸਨ। ਫ਼ਰੀਦਕੋਟ ਦੇ ਲਾਗੇ ਦਾ ਇਲਾਕਾ ਉਨ੍ਹਾਂ ਦੇ ਅਧੀਨ ਸੀ। ਆਲਾ ਸਿੰਘ ਨੇ ਉਨ੍ਹਾਂ ਨਾਲ ਲੜਾਈ ਨਹੀਂ ਕੀਤੀ ਕੇਵਲ ਇਕ ਜੰਗ ਵਿਚ ਆਲਾ ਸਿੰਘ ਅਤੇ ਦਲ ਖਾਲਸਾ ਨੇ ਬਠਿੰਡੇ ਦੇ ਜੋਧੇ ਨੂੰ ਹਾਰ ਦਿੱਤੀ ਸੀ।

ਦੱਖਣ ਦੇ ਵਿਚ ਭੱਟੀ ਸਨ। ਇਹ ਪਟਿਆਲਾ ਦੇ ਰਾਜ-ਘਰਾਣੇ ਦੇ ਕੱਟੜ ਵਿਰੋਧੀ ਸਨ। ਆਲਾ ਸਿੰਘ ਅਤੇ ਅਮਰ ਸਿੰਘ ਨੂੰ ਭੱਟੀਆਂ ਨਾਲ ਲੰਬੀ ਲੜਾਈ ਲੜਨੀ ਪਈ। ਉਹ ਬਹਾਦਰ ਸਨ, ਤੇਜ਼ ਤਰਾਰ ਸਨ ਅਤੇ ਉਨ੍ਹਾਂ ਦਾ ਖੇਤਰ ਜੰਗਲ ਵਿਚ ਹੋਣ ਕਰਕੇ ਉਨ੍ਹਾਂ ਨੂੰ ਅਧੀਨ ਕਰਨਾ ਬਹੁਤ ਕਠਿਨ ਸੀ। ਉਹ ਪਿੰਡਾਂ ਵਿਚ ਰਹਿੰਦੇ ਸਨ ਅਤੇ ਆਪਣੇ ਪਸ਼ੂਆਂ ਨੂੰ ਚਰਾਉਣ ਲਈ ਫਿਰਦੇ ਰਹਿੰਦੇ ਸਨ। ਉਨ੍ਹਾਂ ਨੇ ਆਪਣੀ ਸੁਰੱਖਿਆ ਲਈ ਫ਼ਤਿਹਾਬਾਦ, ਸਰਸਾ, ਰਾਨੀਆ ਅਤੇ ਅਬੋਹਰ ਵਿਖੇ ਕਿਲ੍ਹੇ ਬਣਾਏ ਹੋਏ ਸਨ। ਉਨ੍ਹਾਂ ਦੇ ਇਲਾਕੇ ਨੂੰ ਭਟੀਆਨਾ ਕਹਿੰਦੇ ਸਨ। ਭਟਨੇਰ ਦੇ ਮੁਹੰਮਦ ਅਮੀਰ ਖ਼ਾਨ ਅਤੇ ਮੁਹੰਮਦ ਹਸਨ ਖ਼ਾਨ ਨਾਲ ਆਲਾ ਸਿੰਘ ਨੂੰ ਲੜਾਈਆਂ ਲੜਨੀਆਂ ਪਈਆਂ। ਆਲਾ ਸਿੰਘ ਉਨ੍ਹਾਂ ਨੂੰ ਇਕੱਲਾ ਕੁਚਲ ਨਹੀਂ ਸਕਦਾ ਸੀ ਅਤੇ ਉਸ ਨੂੰ ਦਲ ਖ਼ਾਲਸਾ ਦੀ ਸਹਾਇਤਾ ਲੈਣੀ ਪਈ।

ਦਲ ਖ਼ਾਲਸਾ ਦੀ ਸ਼ਕਤੀ ਬਹੁਤ ਵੱਧ ਗਈ ਸੀ। ਉਹ ਹਿਠਾੜ ਸਤਲੁਜ ਦੇ ਬਹੁਤ ਸਾਰੇ ਹਾਕਮਾਂ ਪਾਸੋਂ ਨਜ਼ਰਾਨਾ ਲੈਂਦੇ ਸਨ। ਮੁਗਲ ਸਰਕਾਰ ਦਲ ਖ਼ਾਲਸੇ ਨੂੰ ਦਬਾਣ ਵਿਚ ਅਸਫ਼ਲ ਸੀ। ਦਲ ਖ਼ਾਲਸਾ ਦੇ ਹੱਲਿਆਂ ਕਾਰਨ ਸ਼ਾਹੀ ਮਾਲੀਆ ਵੇਲੇ ਸਿਰ ਦਿੱਲੀ ਪੁਜਣਾ ਕਠਿਨ ਹੋ ਗਿਆ ਸੀ। ਦੱਖਣ-ਲਹਿੰਦੇ ਵੱਲ ਵੀ ਲੋਕਾਂ ਵਿਚ ਗੜਬੜ ਰਹਿਣ ਕਰਕੇ ਮਾਂਝੇ ਦੀ ਤਰ੍ਹਾਂ ਮਾਲੀਆ ਉੱਥੇ ਵੀ ਇਕੱਠਾ ਨਹੀਂ ਹੁੰਦਾ ਸੀ। ਸੰਨ 1722 ਵਿਚ ਜਦੋਂ ਦੁਆਬੇ ਦੇ ਫੌਜ਼ਦਾਰ ਸੱਯਦ ਅਸਦ ਅਲੀ ਅਤੇ ਮਲੇਰਕੋਟਲੇ ਦੇ ਹਾਕਮ ਜਮਾਲ ਖ਼ਾਨ ਨੇ ਆਲਾ ਸਿੰਘ ਨੂੰ ਬਰਨਾਲੇ ਘੇਰ ਲਿਆ ਤਾਂ ਤਰੁਣਾ ਦਲ ਨੇ ਸਰਦਾਰ ਦੀਪ ਸਿੰਘ ਦੀ ਅਗਵਾਈ ਵਿਚ ਆਲਾ ਸਿੰਘ ਦੀ ਸਹਾਇਤਾ ਕੀਤੀ ਅਤੇ ਵੈਰੀਆਂ ਨੂੰ ਹਰਾ ਕੇ ਭਜਾ ਦਿੱਤਾ ਗਿਆ ਸੀ। ਆਲਾ ਸਿੰਘ ਨੇ ਪਾਹੁਲ ਲੈ ਕੇ ਆਪਣੇ ਆਪ ਨੂੰ ਦਲ ਖ਼ਾਲਸਾ ਦਾ ਸਾਥੀ ਬਣਾ ਲਿਆ ਸੀ। ਆਲਾ ਸਿੰਘ ਦੀਆ ਜਿੱਤਾਂ ਵਿਚ ਦਲ ਖ਼ਾਲਸਾ ਦਾ ਬਹੁਤ ਹੱਥ ਸੀ। ਆਲਾ ਸਿੰਘ ਦਾ ਸਮਕਾਲੀ ਬਾਬਾ ਜੱਸਾ ਸਿੰਘ ਆਹਲੂਵਾਲੀਆ ਵੀ ਉਸੀ ਸਮੇਂ ਵਿਚ ਸਿੱਖ ਕੌਮ ਦੇ ਆਗੂ ਦੇ ਤੌਰ ਤੇ ਉਭਰ ਰਿਹਾ ਸੀ।

-0-

ਕਾਂਡ ਚੌਥਾ

# ਰਾਜ ਦੀ ਸਥਾਪਨਾ

ਆਲਾ ਸਿੰਘ ਦੀ ਦਲੇਰੀ ਅਤੇ ਸੂਝ-ਬੂਝ ਕਾਰਨ ਉਸ ਦੀ ਪ੍ਰਸਿੱਧੀ ਵਿਚ ਬਹੁਤ ਵਾਧਾ ਹੋ ਰਿਹਾ ਸੀ ਹੁਣ ਆਲਾ ਸਿੰਘ ਭਦੌੜ ਤੋਂ ਜਾਕੇ ਬਰਨਾਲੇ ਰਹਿਣ ਲੱਗ ਪਿਆ। ਉਨ੍ਹਾਂ ਦਿਨਾਂ ਵਿਚ ਭੱਟੀਆਂ ਅਤੇ ਬਰਾੜਾਂ ਦੇ ਗਰੋਹ ਹਮਲੇ ਕਰਦੇ ਸਨ ਅਤੇ ਇਸਤ੍ਰੀਆਂ, ਬੱਚਿਆਂ ਅਤੇ ਪਸ਼ੂਆਂ ਨੂੰ ਵੀ ਖੋਹ ਕੇ ਲੈ ਜਾਂਦੇ ਸਨ। ਆਲਾ ਸਿੰਘ ਅਤੇ ਉਸ ਦੇ ਭਾਈ ਸੱਭਾ ਸਿੰਘ ਨੇ ਆਪਣੇ ਪਿਤਾ ਦੇ ਕਾਤਲਾਂ ਨੂੰ ਮਾਰਨ ਵਿਚ ਬਹੁਤ ਬਹਾਦਰੀ ਦਿਖਾਈ ਸੀ। ਇਹੀ ਕਾਰਨ ਸੀ ਕਿ ਸੰਘੇੜਾ ਦੇ ਚੌਧਰੀ ਬੀਰ ਭਾਨ ਨੇ ਆਲਾ ਸਿੰਘ ਨੂੰ ਸੁਰੱਖਿਆ ਲਈ ਬਿਨੈ ਕੀਤੀ ਤੇ ਆਲਾ ਸਿੰਘ ਨੇ ਆਪਣਾ ਥਾਣਾ ਉੱਥੇ ਕਾਇਮ ਕੀਤਾ।

ਬਰਨਾਲੇ ਵਸਣ ਪਿੱਛੋਂ ਆਲਾ ਸਿੰਘ ਅਤੇ ਉਸ ਦੇ ਭਾਈ ਨੇ ਜੱਦੀ ਪਿੰਡਾਂ ਦੀ ਵੰਡ ਲਈ ਜ਼ੋਰ ਦਿੱਤਾ ਜਿਹੜੇ ਤਿਲੋਕਾ ਦੀ ਸੰਤਾਨ ਦੇ ਕਬਜ਼ੇ ਵਿਚ ਸਨ। ਤਿਲੋਕਾ ਦੀ ਸੰਤਾਨ ਨੇ ਪਿੰਡ ਧਨੌਲਾ ਦੇ ਜੋਗ ਰਾਜ ਅਤੇ ਕਾਲਾ ਨੂੰ ਵੰਡ ਲਈ ਸਾਲਸ ਬਣਾਇਆ। ਰਾਮਾ ਦੀ ਸੰਤਾਨ ਦੇ ਹਿੱਸੇ ਵਿਚ 17 ਨਿਮਨਲਿਖਤ ਪਿੰਡ ਆਏ :--

1.ਢਬਾਲੀ 2.ਖੋਰੀ 3.ਤਾਜੋ ਕੇ 4.ਤਪਾ 5.ਖੋਸੇ 6.ਮਹਿਤਾ 7.ਆਕਾਲੀਆਂ 8. ਫੇਰਵਾਲੀ,9. ਬਰਨਾਲਾ,10. ਰਾਮਪੁਰਾ,11. ਸਹਿਣਾ, 12.ਆਲੀਕੇ, 13.ਭਦੌੜ, 14. ਬਾਲੂਕੇ, 15. ਰਾਏਕੀ, 16. ਹੰਡਿਆਇਆ,17. ਜੇਠੂ ਕੇ।

ਇਨ੍ਹਾਂ ਪਿੰਡਾਂ ਵਿੱਚੋਂ ਆਲਾ ਸਿੰਘ ਅਤੇ ਸੱਭਾ ਸਿੰਘ ਦੇ ਹਿੱਸੇ ਵਿਚ ਨਿਮਨ-ਲਿਖਤ ਪਿੰਡ ਆਏ :--

ਬਰਨਾਲਾ, ਤਪਾ, ਖੋਰੀ, ਤਾਜੋਕੇ, ਖੋਸੇ, ਮਹਿਤਾ, ਆਕਾਲੀਆ, ਫੇਰਵਾਲੀ, ਹੰਡਿਆਇਆ, ਢਬਾਲੀ।

ਸਭਾ ਸਿੰਘ ਦੇ ਕੋਈ ਸੰਤਾਨ ਨਹੀਂ ਬਚੀ ਅਤੇ ਉਸਦੀ ਵਿਧਵਾ ਨੂੰਹ ਰੇਸਾਂ ਦਾ ਵਿਆਹ ਆਲਾ ਸਿੰਘ ਦੇ ਪੁੱਤਰ ਸਰਦੂਲ ਸਿੰਘ ਨਾਲ ਕਰ ਦਿੱਤਾ ਗਿਆ। ਸਿੱਟੇ ਵਜੋਂ ਸਭਾ ਸਿੰਘ ਦੇ ਪਿੰਡ ਵੀ ਉਸ ਦੇ ਹਿੱਸੇ ਵਿਚ ਆ ਗਏ।

ਪਿੰਡਾਂ ਦੀ ਵੰਡ ਤੋਂ ਪਹਿਲਾਂ ਆਲਾ ਸਿੰਘ ਨੇ ਬਰਨਾਲਾ ਅਤੇ ਤਪੇ ਤੇ ਕਬਜ਼ਾ ਕਰ ਲਿਆ ਸੀ ਅਤੇ ਉਸ ਦੇ ਭਾਈ ਸਭਾ ਸਿੰਘ ਦੇ ਕਬਜ਼ੇ ਵਿਚ ਢਬਾਲੀ ਅਤੇ ਹੰਡਿਆਇਆ ਸਨ। ਸਭਾ ਸਿੰਘ ਦੀ ਮ੍ਰਿਤੂ ਪਿੱਛੋਂ, ਆਲਾ ਸਿੰਘ ਦੇ ਭਤੀਜੇ ਬਖਤਾ ਸਿੰਘ ਦੇ ਪੁੱਤਰ ਮਾਨ ਸਿੰਘ ਨੇ ਪਿੰਡ ਢਬਾਲੀ ਤੇ ਕਬਜ਼ਾ ਕਰ ਲਿਆ।

## 13/ਬਾਬਾ ਆਲਾ ਸਿੰਘ

ਆਲਾ ਸਿੰਘ ਸੁਨਾਮ ਦੇ ਦੁਆਲੇ ਫ਼ੌਜੀ ਮਹੱਤਤਾ ਨੂੰ ਮੁੱਖ ਰੱਖ ਕੇ ਪਿੰਡ ਵਸਾਉਣੇ ਚਾਹੁੰਦਾ ਸੀ। ਬਾਬਾ ਆਲਾ ਸਿੰਘ ਨੇ ਲੌਂਗੋਵਾਲ ਅਤੇ ਉਬੋਵਾਲ ਪਿੰਡ ਵਸਾਏ। ਉਸ ਸਮੇਂ ਪਿੰਡ ਲੌਂਗੋਵਾਲ ਦੁਲਟਾਂ, ਦਾੜਚਾਲ ਕਾਲ ਨੇ ਉਜਾੜਿਆ ਹੋਇਆ ਸੀ। ਹਿੰਮਤ ਸਿੰਘ, ਕਾਲਾ ਸਿੰਘ, ਸਾਗਰ ਸਿੰਘ, ਬੀਘਾ ਸਿੰਘ ਆਦਿਕ ਅਨੇਕ ਦੁਲਟ ਬਾਬਾ ਆਲਾ ਸਿੰਘ ਦੀ ਸੇਵਾ ਵਿਚ ਰਿਹਾ ਕਰਦੇ ਸਨ। ਉਨ੍ਹਾਂ ਦੇ ਕਹਿਣ ਤੇ ਬਾਬਾ ਆਲਾ ਸਿੰਘ ਉੱਥੇ ਪਧਾਰੇ। ਹੁਣ ਤੱਕ, ਉੱਥੇ ਬਾਬੇ ਵਾਲੀ ਡਾਬ ਪ੍ਰਸਿੱਧ ਹੈ। ਭਾਈ ਮੂਲ ਚੰਦ ਬੱਗੀ ਬੋਧੀ ਵਾਲਾ ਮੰਨਿਆ ਹੋਇਆ ਸੰਤ ਸੀ। ਉਸ ਦਿਨ ਉਹ ਵੀ ਉੱਧਰ ਆ ਨਿਕਲਿਆ। ਉਸ ਦਾ ਬਚਨ ਮੰਨ ਕੇ ਬਾਬਾ ਜੀ ਨੇ ਕੱਤਕ ਸੰਮਤ 1788 ਬਿਕਰਮੀ (ਸੰਨ 1731 ਈ:) ਨੂੰ ਲੌਂਗੋਵਾਲ ਪਿੰਡ ਦੀ ਮੋੜੀ ਗੱਡੀ ਜਿੱਥੇ ਹੁਣ ਬਾਬੇ ਆਲੇ ਦੀ ਧਰਮਸ਼ਾਲਾ ਹੈ। ਜਦ ਪਿੰਡ ਆਬਾਦ ਹੋਣ ਦੇ ਟੰਮਕ ਢੋਲ ਵਜੇ, ਪ੍ਰਸ਼ਾਦ ਵੰਡਿਆ ਤਾਂ ਨੇੜੇ ਦੇ ਬਡਬਰ, ਸਾਹਕੇ ਰੱਤੋਕੇ, ਤਕੀਪੁਰ, ਢੱਡਰੀਆਂ ਆਦਿ ਦੇ ਮੁਸਲਮਾਨਾਂ ਨੇ ਚੜ੍ਹਾਈ ਕਰ ਦਿੱਤੀ। ਆਲਾ ਸਿੰਘ ਉਸ ਦਿਨ ਉਬੋਵਾਲ ਸੀ ਜੋ ਲੌਂਗੋਵਾਲ ਤੋਂ ਦੋ ਸਾਲ ਪਹਿਲਾਂ ਵਸਾਇਆ ਗਿਆ ਸੀ। ਮੁਸਲਮਾਨ ਮੋੜੀ ਪੁਟ ਖੂਹ ਵਿਚ ਸੁਟ ਗਏ। ਇਹ ਖੂਹ ਦੁਲਟ ਨੇ ਪਿੰਡ ਉਜੜਨ ਤੋਂ ਪਹਿਲਾਂ ਲਗਵਾਇਆ ਸੀ। ਜਦ ਬਾਬਾ ਆਲਾ ਸਿੰਘ ਉਬੋਵਾਲ ਤੋਂ ਵਾਪਸ ਆਇਆ ਤਾਂ ਭਾਈ ਮੂਲ ਚੰਦ ਨੇ ਮੋੜੀ ਪੁਟੀ ਜਾਣ ਸਬੰਧੀ ਹਾਲ ਦੱਸਿਆ ਅਤੇ ਫੁਰਮਾਇਆ ਕਿ ਇਸ ਪਿੰਡ ਦੀਆਂ ਜੜ੍ਹਾਂ ਪਾਤਾਲ ਵਿਚ ਜਾ ਲੱਗੀਆਂ ਹਨ। ਇਹ ਬਹੁਤ ਵਧੇਗਾ। ਇਹ ਜੱਟਾਂ ਦੇ ਬਹੁਤ ਵੱਡੇ ਪਿੰਡਾਂ ਵਿਚੋਂ ਹੋਵੇਗਾ।

ਬਰਨਾਲਾ ਨੂੰ ਆਪਣੀ ਰਾਜਧਾਨੀ ਬਣਾਉਣ ਕਾਰਨ ਸੋਧੇ ਖ਼ਾਨ ਜੋ ਰਾਏ ਕੋਟ ਦੇ ਹਾਕਮ ਦਾ ਸੰਬੰਧੀ ਸੀ ਅਤੇ ਕੁਝ ਪਿੰਡਾਂ ਦਾ ਜ਼ਿਮੀਂਦਾਰ ਸੀ, ਨਾਲ ਆਲਾ ਸਿੰਘ ਦੀ ਦੁਸ਼ਮਨੀ ਪੈ ਗਈ। ਸੋਧ ਖ਼ਾਨ ਦੀ ਮ੍ਰਿਤੂ ਪਿੱਛੋਂ 1731 ਵਿਚ ਉਸ ਦੇ ਗੋਦ ਲਿਆ ਲਾਂਤੇ ਪੁੱਤਰ ਨਿਗਾਹੀ ਖ਼ਾਨ ਅਤੇ ਉਸ ਦੇ ਪੁੱਤਰਾਂ ਵਿਚ ਝਗੜਾ ਹੋ ਗਿਆ। ਨਿਗਾਹੀ ਖ਼ਾਨ ਨੇ ਆਲਾ ਸਿੰਘ ਦੀ ਨੌਕਰੀ ਕਰ ਲਈ। ਆਲਾ ਸਿੰਘ ਦੇ ਵੱਡੇ ਪੁੱਤਰ ਕੰਵਰ ਸਰਦੂਲ ਸਿੰਘ ਨੇ ਨੀਮਾ ਤੇ ਹਮਲਾ ਕਰ ਦਿੱਤਾ। ਨੀਮਾ ਨੂੰ ਜਿੱਤ ਕੇ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ।

ਆਲਾ ਸਿੰਘ ਦੀ ਨੀਮਾ ਦੀ ਜਿੱਤ ਨੂੰ ਮੁੱਖ ਰਖਦੇ ਹੋਏ ਰਾਏਕੋਟ ਦੇ ਹਾਕਮ ਰਾਏ ਕਲ ਹਲਵਾਰਾ ਦੇ ਹਾਕਮ ਦਲੇਰ ਖ਼ਾਨ ਕੁਤਬ-ਉਦ-ਦੀਨ ਖ਼ਾਨ ਮਲਸੀਆਂ ਵਾਲੇ ਮਾਲੇਰਕੋਟਲਾ ਦੇ ਹਾਕਮ ਜਮਾਲ ਖ਼ਾਨ ਅਤੇ ਦੁਆਬਾ ਜਲੰਧਰ ਦੇ ਫ਼ੌਜਦਾਰ ਸੱਯਦ ਅਸਦ ਅਲੀ ਖਾਨ ਨੇ ਮਿਲਕੇ ਸੰਨ 1722 ਵਿਚ ਬਰਨਾਲੇ ਤੇ ਚੜ੍ਹਾਈ ਕਰ ਦਿੱਤੀ। ਆਲਾ ਸਿੰਘ ਨੂੰ ਪਤਾ ਸੀ ਕਿ ਉਹ ਇਸ ਸੰਘ ਦਾ ਇਕੱਲੇ ਟਾਕਰਾ ਨਹੀਂ ਕਰ ਸਕਦੇ, ਇਸ ਲਈ ਉਨ੍ਹਾਂ ਨੇ ਦਲ ਖਾਲਸੇ ਦੀ ਸਹਾਇਤਾ ਲੈਣੀ ਉਚਿਤ ਸਮਝੀ। ਤਰੁਣਾ ਦਲ ਨੇ ਦੀਪ ਸਿੰਘ ਦੀ ਅਗਵਾਈ ਹੇਠ ਉਸ ਦੀ ਸਹਾਇਤਾ ਕੀਤੀ।

ਲੜਾਈ ਵਿਚ ਦੁਆਬਾ ਜਲੰਧਰ ਦਾ ਫ਼ੌਜਦਾਰ ਅਸਦ ਅਲੀਖ਼ਾਨ ਮਾਰਿਆ ਗਿਆ। ਫ਼ੌਜਦਾਰ ਦੀ ਸੈਨਾ ਉਸ ਦੀ ਮ੍ਰਿਤੂ ਪਿੱਛੋਂ ਲੜਾਈ ਦੇ ਮੈਦਾਨ ਵਿਚੋਂ ਭੱਜ ਗਈ। ਜਲਦੀ ਹੀ ਦੂਜੀ ਸੈਨਾ ਨੂੰ ਵੀ ਹਾਰ ਹੋਈ ਅਤੇ ਸਿੱਖਾਂ ਦੇ ਹੱਥ ਬਹੁਤ ਸਾਰਾ ਜੰਗੀ ਸਮਾਨ ਲੱਗਿਆ।

ਬਰਨਾਲਾ ਦੀ ਇਹ ਲੜਾਈ ਆਲਾ ਸਿੰਘ ਦੇ ਸਿਆਸੀ ਜੀਵਨ ਵਿਚ ਬਹੁਤ ਮਹੱਤਤਾ ਰੱਖਦੀ ਹੈ। ਇਸ ਜੰਗ ਵਿਚ ਜੇਤੂ ਹੋਣ ਪਿੱਛੋਂ ਉਹ ਹੇਠਲਾ-ਸਤਲੁਜ ਦਾ ਇਕ ਸ਼ਕਤੀਸ਼ਾਲੀ ਹਾਕਮ ਬਣ ਗਿਆ। ਇਸ ਜਿੱਤ ਨੇ ਉਸਦਾ ਹੌਂਸਲਾ ਵਧਾ ਦਿੱਤਾ ਕਿ ਉਹ ਹੋਰ ਲੜਾਈਆਂ ਲੜੇ ਅਤੇ ਆਪਣੇ ਇਲਾਕੇ ਨੂੰ ਵਧਾਏ। ਇਸ ਜਿੱਤ ਨੇ ਆਲਾ ਸਿੰਘ ਦਾ ਇਕ ਸੁਤੰਤਰ ਸਰਦਾਰ ਦੇ ਤੌਰ ਤੇ ਸਥਾਨ ਸਥਾਪਿਤ ਕਰ ਦਿੱਤਾ ਅਤੇ ਦਲੇਰ ਸਿੱਖ ਨੌਜਵਾਨ ਦੇਸ਼ ਦੇ ਸਾਰੇ ਭਾਗਾਂ ਤੋਂ ਉਸਦੇ ਝੰਡੇ ਹੇਠ ਜਮ੍ਹਾਂ ਹੋਣੇ ਆਰੰਭ ਹੋ ਗਏ। ਇਸ ਲੜਾਈ ਕਾਰਨ ਆਲਾ ਸਿੰਘ ਦੇ ਦਲ ਖਾਲਸਾ ਨਾਲ ਨੇੜੇ ਦੇ ਸੰਬੰਧ ਹੋ ਗਏ। ਪਿੰਡ ਠੀਕਰੀ ਵਾਲੇ ਵਿਖੇ ਆਲਾ ਸਿੰਘ ਨੇ ਨਵਾਬ ਕਪੂਰ ਸਿੰਘ ਤੋਂ ਪਾਹੁਲ ਲਈ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਬਣ ਗਿਆ ਇਸ ਤੋਂ ਬਾਅਦ ਪਿੰਡ ਠੀਕਰੀ ਵਾਲੇ ਵਿਚ ਗੁਰਦੁਵਾਰਾ ਬਣਾਇਆ ਗਿਆ। ਦਲ ਖ਼ਾਲਸਾ ਨਾਲ ਉਸ ਦਾ ਮੇਲ-ਜੋਲ ਉਸ ਦੀਆਂ ਭੱਟੀਆਂ ਵਿਰੁੱਧ ਲੜਾਈਆਂ ਅਤੇ ਇਲਾਕੇ ਜਿੱਤਣ ਵਿਚ ਬੜਾ ਲਾਭਦਾਇਕ ਸਿੱਧ ਹੋਇਆ।

ਬਰਨਾਲੇ ਦੀ ਜਿੱਤ ਨੇ ਆਲਾ ਸਿੰਘ ਦੀ ਸਥਿਤੀ ਹੇਠਲੇ ਸਤਲੁਜ ਦੇ ਇਲਾਕੇ ਵਿਚ ਬਹੁਤ ਮਜ਼ਬੂਤ ਕਰ ਦਿੱਤੀ। ਇਸ ਸ਼ਾਨਦਾਰ ਸਫਲਤਾ ਨਾਲ ਆਲਾ ਸਿੰਘ ਦੀ ਹੈਸੀਅਤ ਵਿਚ ਬੜੀ ਉੱਨਤੀ ਹੋਈ। ਉਸਦੀ ਵੱਧਦੀ ਸ਼ਕਤੀ ਨੂੰ ਮੁੱਖ ਰਖ ਕੇ ਸਤਲੁਜ ਤੋਂ ਪਾਰ ਦੇ ਬਹੁਤ ਸਾਰੇ ਜਿਮੀਂਦਾਰ ਬਰਨਾਲੇ ਵਿਚ ਉਸਦੀ ਨੌਕਰੀ ਕਰਨ ਲਈ ਆਏ।

-0-

ਕਾਂਡ ਪੰਜਵਾਂ

## ਸੰਘਰਸ਼

ਭੱਟੀ ਬਹੁਤ ਖ਼ਰੂਦੀ ਸਨ ਅਤੇ ਲੁੱਟਮਾਰ ਕਰਦੇ ਰਹਿੰਦੇ ਸਨ। ਇਸ ਸਮੇਂ ਭੱਟੀ ਚਰਵਾਹਿਆਂ ਦੀ ਸ਼੍ਰੇਣੀ ਸੀ। ਉਹ ਤੁੰਦ ਅਤੇ ਚੰਚਲ ਸਨ ਅਤੇ ਕਿਸੀ ਬੰਧੇਜ ਨੂੰ ਸਹਾਰਦੇ ਨਹੀਂ ਸਨ। ਉਹ ਡਾਕੂਆਂ ਦੀ ਮੰਡਲੀ ਤੋਂ ਕੁੱਝ ਵਧੀਕ ਸਨ; ਪਰ ਉਨ੍ਹਾਂ ਦੀ ਦਲੇਰੀ, ਉਨ੍ਹਾਂ ਦੀ ਗਤੀ ਦੀ ਤੇਜ਼ੀ ਅਤੇ ਉਨ੍ਹਾਂ ਦੇ ਦੇਸ਼ ਦੇ ਜੰਗਲੀ ਹੋਣ ਕਾਰਨ, ਉਹ ਆਪਣੇ ਸ਼ਕਤੀ-ਸ਼ਾਲੀ ਗੁਆਂਢੀ ਪਟਿਆਲਾ ਅਤੇ ਜੀਂਦ ਰਿਆਸਤ ਦੇ ਕੁਚਲਣ ਤੋਂ ਬਚ ਗਏ, ਜਿਨ੍ਹਾਂ ਨੂੰ ਉਨ੍ਹਾਂ ਦੇ ਲਗਾਤਾਰ ਹਮਲਿਆ ਨੇ ਗੁੱਸੇ ਕਰ ਦਿੱਤਾ ਸੀ। ਪਟਿਆਲਾ ਰਿਆਸਤ ਅਤੇ ਬੀਕਾਨੇਰ ਰਿਆਸਤ ਦੇ ਰਿਕਾਰਡਾਂ ਵਿਚ ਭੱਟੀਆਂ ਦੇ ਕਟਕਾਂ ਦੇ ਪਿੰਡਾਂ ਤੇ ਕਸਬਿਆਂ ਦੇ ਗ਼ਰੀਬ ਵਸਨੀਕਾਂ ਤੇ ਹੱਲਿਆਂ ਦਾ ਵੇਰਵਾ ਹੈ। ਇਨ੍ਹਾਂ ਹੱਲਿਆਂ ਦਾ ਟਾਕਰਾ ਕਰਨ ਲਈ ਹਰ ਪਿੰਡ ਵਿਚ ਇਕ ਕੱਚਾ ਕਿਲ੍ਹਾ ਬਣਾਇਆ ਗਿਆ ਸੀ। ਸੁਨਾਮ ਉੱਤੇ ਭੱਟੀਆਂ ਨੇ ਕਈ ਵਾਰੀ ਹੱਲੇ ਕੀਤੇ ਤੇ ਲੁੱਟ-ਮਾਰ ਵੀ ਕੀਤੀ। ਲੌਂਗੋਵਾਲ ਪਿੰਡ ਦੇ ਵਸਨੀਕ ਵੀ ਭੱਟੀਆਂ ਦੇ ਹੱਲਿਆਂ ਤੋਂ ਬਚੇ ਹੋਏ ਨਹੀਂ ਸਨ।

ਭੱਟੀ ਲੋਕ ਆਲਾ ਸਿੰਘ ਦੇ ਪੁਸ਼ਤੈਣੀ ਦੁਸ਼ਮਣ ਸਨ।। ਫੂਲ ਦਾ ਦਾਦਾ ਮੋਹਨ ਅਤੇ ਪਿਤਾ ਰੂਪ ਚੰਦ ਭੱਟੀਆਂ ਨਾਲ ਲੜਾਈ ਵਿਚ ਮਾਰੇ ਗਏ ਸਨ। ਲੌਂਗੋਵਾਲ ਪਿੰਡ ਵਸਾਣ ਪਿੱਛੋਂ ਆਲਾ ਸਿੰਘ ਭੱਟੀਆਂ ਨੂੰ ਕੁਚਲਣ ਦੇ ਮੌਕੇ ਦੀ ਤਲਾਸ਼ ਵਿਚ ਸੀ। ਸੰਨ 1741 ਤਕ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਦੇ ਅੱਤਿਆਚਾਰ ਕਾਰਨ ਦਲ ਖ਼ਾਲਸਾ ਨੂੰ ਹੇਠਲੇ ਸਤਲੁਜ ਵੱਲ ਆਉਣ ਦਾ ਅਵਸਰ ਮਿਲਿਆ।

ਆਲਾ ਸਿੰਘ ਨੇ ਦਲ ਖਾਲਸਾ ਦੀ ਸਹਾਇਤਾ ਨਾਲ ਅਲਾਦਾਦ ਖ਼ਾਨ ਬੋਹਾ ਦੇ ਹਾਕਮ, ਅਨਾਇਤ ਖ਼ਾਨ ਅਤੇ ਵਲਾਇਤ ਖ਼ਾਨ, ਬੁੱਢਲਾਡਾ ਅਤੇ ਬਾਕਰ ਖਾਨ ਹਰਿਆਉ ਉੱਤੇ ਹੱਲੇ ਕਰਨੇ ਸ਼ੁਰੂ ਕੀਤੇ। ਇਹ ਕਟਨੇਰ ਦੇ ਹਾਕਮ ਮੁਹੰਮਦ ਖ਼ਾਨ ਦੇ ਸੰਬੰਧੀ ਸਨ। ਦਲ ਖਾਲਸਾ ਨੇ 1741 ਤੱਕ ਭੱਟੀ ਇਲਾਕੇ ਤੋਂ ਨਜ਼ਰਾਨਾ ਲਿਆ। ਆਲਾ ਸਿੰਘ ਦੇ ਭੱਟੀਆ ਤੇ ਹੱਲੇ 1741 ਤੱਕ ਜਾਰੀ ਰਹੇ ਪਰ ਉਸ ਨੂੰ ਸਫਲਤਾ ਨਹੀਂ ਮਿਲੀ। ਭੱਟੀਆਂ ਦੇ ਮੁਰਕ ਨੂੰ ਜਿੱਤਣਾ ਬੜਾ ਹੀ ਕਠਿਨ ਸੀ ਕਿਉਂਕਿ ਏਥੇ ਘਾ ਅਤੇ ਪਾਣੀ ਦੀ ਬੜੀ ਤੋਟ ਸੀ ਅਤੇ ਭੱਟੀ ਲੋਕ ਵੀ ਲੜਨ ਮਾਰਨ ਵਿਚ ਸਿੱਖਾਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਸਨ।

ਇਸ ਸਮੇਂ ਵਿਚ ਆਲਾ ਸਿੰਘ ਨੇ ਨਵੇਂ ਪਿੰਡ ਵਸਾਏ। ਸੁਨਾਮ ਦੇ ਗਿਰਦ ਪਿੰਡ ਵਸਾਉਣ ਦਾ ਮੰਤਵ ਸੁਨਾਮ ਵੱਲ ਜਿੱਤਾ ਪ੍ਰਾਪਤ ਕਰਨਾ ਸੀ। ਉਨ੍ਹਾਂ ਨੇ ਨਵੇਂ ਪਿੰਡ ਛਾਜਲੀ, ਦਿੜਬਾ ਅਤੇ ਸੇਰੋਂ ਵਸਾਏ।

ਆਲਾ ਸਿੰਘ ਨੇ ਢੋਡਿਆਂ ਵਰਤਮਾਨ ਭਵਾਨੀਗੜ੍ਹ ਤੇ ਕਬਜ਼ਾ ਕੀਤਾ। ਢੋਡਿਆ ਆਲਾ ਸਿੰਘ ਦੇ ਵੱਡੇ ਭਾਈ ਸਭਾ ਸਿੰਘ ਨੇ ਵਸਾਇਆ ਸੀ। ਉਹਦੀ ਮ੍ਰਿਤੂ ਸੰਨ 1744 ਵਿਚ ਹੋ ਗਈ। ਉਹਦੀ ਵਿਧਵਾ ਨੂੰਹ ਰੇਸਾਂ ਨਾਲ ਆਲਾ ਸਿੰਘ ਨੇ ਆਪਣੇ ਪੁੱਤਰ ਸਰਦੂਲ ਸਿੰਘ ਦੀ ਸ਼ਾਦੀ ਕਰੇਵੇ ਦੀ ਰਸਮ ਨਾਲ ਕਰ ਦਿੱਤੀ। ਸੱਭਾ ਸਿੰਘ ਦੇ ਹਿੱਸੇ ਦਾ ਇਲਾਕਾ, ਢੋਡਿਆਂ, ਰਲਾ, ਹੰਡਿਆਇਆ ਅਤੇ ਖੁੱਡੀ ਉਸਦੇ ਕਬਜ਼ੇ ਵਿਚ ਆ ਗਿਆ। ਢੋਡਿਆਂ ਵਿਚ ਆਲਾ ਸਿੰਘ ਨੇ 1743 ਵਿਚ ਕਿਲ੍ਹਾ ਬਣਵਾਇਆ ਅਤੇ ਇਸ ਨੂੰ ਭਵਾਨੀਗੜ੍ਹ ਦਾ ਨਾਉਂ ਦਿੱਤਾ। ਢੋਡਿਆ ਵਰਤਮਾਨ ਭਵਾਨੀਗੜ੍ਹ ਭੱਟੀਆਂ ਨਾਲ ਜੰਗ ਕਰਨ ਵਿਚ ਸੈਨਿਕ ਦ੍ਰਿਸ਼ਟੀ ਤੋਂ ਇਕ ਮਹੱਤਵਪੂਰਣ ਸਥਾਨ ਸੀ। ਬਾਬਾ ਆਲਾ ਸਿੰਘ ਦੇ ਪੋਤੇ ਮਹਾਰਾਜਾ ਅਮਰ ਸਿੰਘ ਨੇ ਭੱਟੀਆਂ ਨਾਲ ਜੰਗ ਕਰਨ ਲਈ ਇਸ ਨੂੰ ਹੀ ਟਿਕਾਣਾ ਬਣਾਇਆ ਸੀ।

ਬਰਨਾਲੇ ਦੀ ਲੜਾਈ ਪਿੱਛੋਂ ਆਲਾ ਸਿੰਘ ਨੂੰ ਹੇਠਲੇ ਸਤਲੁਜ ਖੇਤਰ ਦਾ ਇਕ ਸ਼ਕਤੀਸ਼ਾਲੀ ਸਰਦਾਰ ਸਮਝਿਆ ਜਾਣ ਲੱਗਾ। ਦੂਜੇ ਸਰਦਾਰਾਂ ਦੀ ਤਰ੍ਹਾਂ ਉਹ ਸ਼ਕਤੀਸ਼ਾਲੀ ਨਵਾਬ ਅਲੀ ਮੁਹੰਮਦ ਖਾਨ ਸੂਬੇਦਾਰ ਸਰਹੰਦ ਦੀ ਸ਼ਕਤੀ ਨੂੰ ਕੁਚਲ ਨਹੀਂ ਸਕਦਾ ਸੀ। ਇਹ ਨਵਾਬ 1741 ਵਿਚ ਸਰਹੰਦ ਦਾ ਸੂਬੇਦਾਰ ਨਿਯੁਕਤ ਹੋਇਆ ਸੀ।

ਅਲੀ ਮੁਹੰਮਦ ਖ਼ਾਨ ਭਾਗਾਂ ਵਾਲਾ ਮਨੁੱਖ ਸੀ। ਜਦੋਂ ਸਤ ਜਾਂ ਅੱਠ ਸਾਲ ਦੀ ਉਮਰ ਦਾ ਸੀ, ਇਸ ਨੂੰ ਦਾਊਦ ਖ਼ਾਨ ਰੁਹੇਲੇ ਨੇ ਪਕੜ ਲਿਆ ਅਤੇ ਆਪਣਾ ਮੁਤਬੰਨਾ ਬਣਾ ਲਿਆ। ਆਪਣੇ ਪਿਤਾ ਦੀ ਮ੍ਰਿਤੂ ਪਿੱਛੋਂ, ਇਸ ਨੇ ਪਹਾੜਾ ਸਿੰਘ ਫ਼ੌਜਦਾਰ ਬਰੇਲੀ ਦੀ ਨੌਕਰੀ ਕਰ ਲਈ ਅਤੇ ਉਨੱਤੀ ਕਰਦਾ ਹੋਇਆ ਡਿਉਢੀ ਤੇ ਨਿਯੁਕਤ ਹੋਇਆ ਅਤੇ ਨਵਾਬ ਕਹਾਉਣ ਲੱਗਾ। ਦਿੱਲੀ ਦੇ ਸੁਲਤਾਨ ਨੇ ਹਰਨੰਦ ਫ਼ੌਜਦਾਰ ਮੁਰਾਦਾਬਾਦ ਨੂੰ ਆਦੇਸ਼ ਦਿੱਤਾ ਕਿ ਅਲੀ ਮੁਹੰਮਦ ਨੂੰ ਸ਼ਜਾ ਦੇਵੇ। ਲੜਾਈ ਵਿਚ ਹਰਨੰਦ ਮਾਰਿਆ ਗਿਆ।

ਅਲੀ ਮੁਹੰਮਦ ਖ਼ਾਨ ਦੀ ਉਨੱਤੀ ਨੇ ਅਵਧ ਦੇ ਨਵਾਬ ਸਫਦਰ ਜੰਗ ਨੂੰ ਪਰੇਸ਼ਾਨ ਕਰ ਦਿੱਤਾ ਕਿਉਂਕਿ ਉਹ ਰੁਹੇਲਿਆਂ ਦੀ ਉੱਨਤੀ ਆਪਣੇ ਲਈ ਹਾਨੀਕਾਰਕ ਸਮਝਦਾ ਸੀ। ਉਸ ਨੇ ਬਾਦਸ਼ਾਹ ਮੁਹੰਮਦ ਸ਼ਾਹ ਨੂੰ ਖੁਦ ਅਲੀ ਮੁਹੰਮਦ ਖ਼ਾਨ ਤੇ ਸੈਨਾ ਨਾਲ ਹਮਲਾ ਕਰਨ ਲਈ ਬਿਨੈ ਕੀਤੀ। ਮੁਹੰਮਦ ਸ਼ਾਹ ਦੀ ਅਲੀ ਮੁਹੰਮਦ ਖ਼ਾਨ ਵਿਰੁੱਧ ਮੁਹਿੰਮ ਨੇ ਇਹ ਸਾਬਤ ਕਰ ਦਿੱਤਾ ਕਿ ਮੁਗਲਾਂ ਦੀ ਸ਼ਕਤੀ ਦਾ ਪਤਨ ਹੋ ਰਿਹਾ ਹੈ। ਅਨੰਦ ਰਾਮ ਮੁਖ਼ਲਿਸ ਜਿਹੜਾ ਬਾਦਸ਼ਾਹੀ ਸੈਨਾ ਨਾਲ ਸੀ ਲਿਖਦਾ ਹੈ ਕਿ ਬਾਦਸ਼ਾਹ ਦੇ ਅਮੀਰ ਕੁੱਝ ਪਿੰਡਾਂ ਦੇ ਤੁਅੱਲਕਦਾਰ ਨੂੰ ਅਧੀਨ ਕਰਨ ਵਿਚ ਅਸਫ਼ਲ ਹੋਏ। ਇਸ ਕਾਰਨ ਬਾਦਸ਼ਾਹ ਦੀ ਹੇਠੀ ਹੋਈ। ਵਜ਼ੀਰ ਕਮਰ-

ਉਦ-ਦੀਨ, ਜਿਹੜਾ ਅਲੀ ਮੁਹੰਮਦ ਖ਼ਾਨ ਦਾ ਦਿਲੋਂ ਹਮਦਰਦ ਸੀ, ਨੇ ਬਾਦਸ਼ਾਹ ਨੂੰ ਅਲੀ ਮੁਹੰਮਦ ਖ਼ਾਨ ਨਾਲ ਸੁਲ੍ਹਾ ਲਈ ਪ੍ਰੇਰਣਾ ਕੀਤੀ। ਅਲੀ ਮੁਹੰਮਦ ਖ਼ਾਨ ਨੂੰ ਖੁਦ ਹਵਾਲੇ ਕਰਨ ਅਤੇ ਉਸ ਨੂੰ ਕੈਦੀਆਂ ਦੀ ਤਰ੍ਹਾਂ ਦਿੱਲੀ ਲਿਆਂਦਾ। ਛੇ ਮਹੀਨੇ ਕੈਦ ਰਖਣ ਪਿੱਛੋਂ ਉਸ ਨੂੰ ਜੂਨ, 1745 ਵਿਚ ਸਰਹੰਦ ਦੇ ਸੂਬੇਦਾਰ ਦੇ ਤੌਰ ਤੇ ਨਿਯੁਕਤ ਕੀਤਾ ਗਿਆ।

ਆਲਾ ਸਿੰਘ ਦੇ ਅਲੀ ਮੁਹੰਮਦ ਖ਼ਾਨ ਨਾਲ ਸੰਬੰਧ ਬਹੁਤ ਚੰਗੇ ਸਨ। ਸੰਨ 1745 ਵਿਚ ਬਾਬਾ ਆਲਾ ਸਿੰਘ ਨੇ ਉਸ ਦੀ ਰਾਏ ਕਲ੍ਹਾ ਰਈਸ ਰਾਏਕੋਟ ਅਤੇ ਜਗਰਾਉਂ ਤੇ ਹੱਲਾ ਕਰਨ ਵੇਲੇ ਸਹਾਇਤਾ ਕੀਤੀ। ਰਾਏ ਕਲ੍ਹਾ ਨੂੰ ਹਾਰ ਹੋਈ। ਮੱਖਣ ਖ਼ਾਨ ਲੜਾਈ ਵਿਚ ਮਾਰਿਆ ਗਿਆ ਅਤੇ ਰਾਏ ਕਲ੍ਹਾ ਭੱਜ ਕੇ ਆਪਣੇ ਅਸਲੀ ਵਤਨ ਪਾਕਪਟਣ ਵੱਲ ਚਲਾ ਗਿਆ। ਆਲਾ ਸਿੰਘ ਆਪਣੇ ਆਪ ਨੂੰ ਸੁਤੰਤਰ ਖਿਆਲ ਕਰਦਾ ਸੀ ਅਤੇ ਸੂਬੇਦਾਰ ਦੇ ਦਰਬਾਰ ਵਿਚ ਰਹਿਣਾ ਆਪਣੀ ਸੁਤੰਤਰਤਾ ਲਈ ਹਾਨੀਕਾਰਕ ਸਮਝਦਾ ਸੀ। ਆਲਾ ਸਿੰਘ ਨੇ ਸੂਬੇਦਾਰ ਤੋਂ ਜਾਣ ਦੀ ਆਗਿਆ ਮੰਗੀ। ਭੀਖਣ ਖ਼ਾਨ ਰਈਸ ਮਾਲੇਰਕੋਟਲਾ ਅਤੇ ਦੂਜੇ ਸਰਦਾਰ ਜਿਹੜੇ ਆਲਾ ਸਿੰਘ ਨਾਲ ਦੁਸ਼ਮਣੀ ਰਖਦੇ ਸਨ ਨੇ ਨਵਾਬ ਨੂੰ ਆਲਾ ਸਿੰਘ ਵਿਰੁੱਧ ਉਕਸਾਇਆ। ਆਲਾ ਸਿੰਘ ਨੂੰ ਸੁਨਾਮ ਦੇ ਕਿਲ੍ਹੇ ਵਿਚ ਸੰਨ 1745 ਵਿਚ ਕੈਦ ਕੀਤਾ ਗਿਆ।

ਉਪਰ ਲਿਖੇ ਵਰਣਨ ਤੋਂ ਇਹ ਤਥ ਨਿਕਲਦੇ ਹਨ :-

(1) ਆਲਾ ਸਿੰਘ ਨੂੰ ਅਲੀ ਮੁਹੰਮਦ ਨੇ ਸੰਨ 1745 ਵਿਚ ਕੈਦ ਕੀਤਾ।

(2) ਆਲਾ ਸਿੰਘ ਨੇ ਅਲੀ ਮੁਹੰਮਦ ਦੀ ਰਾਏ ਕਲ੍ਹਾ ਵਿਰੁੱਧ ਸਹਾਇਤਾ ਕੀਤੀ।

ਆਲਾ ਸਿੰਘ ਨੂੰ ਅਲੀ ਮੁਹੰਮਦ ਖ਼ਾਨ ਨੇ, ਰਾਜਪੁਰ ਦੇ ਪਹਾੜਾਂ ਮਲ, ਰਾਏ ਕਲ੍ਹਾ, ਜੋਧਮਨ ਸੂਰ ਦੇ ਹਾਕਮ ਨਿਗਾਹੀਆ ਮਲ ਦੀ ਤਰ੍ਹਾਂ ਸਰਹੰਦ ਮਾਲੀਆ ਦੇ ਬਕਾਏ ਦੀ ਭੁਗਤਾਨ ਕਰਨ ਲਈ ਬੁਲਾਇਆ। ਮਾਲੀਏ ਦੇ ਬਕਾਏ ਦੇ ਨਾ ਭੁਗਤਾਨ ਕਾਰਨ ਹੀ, ਆਲਾ ਸਿੰਘ ਨੂੰ ਅਲੀ ਮੁਹੰਮਦ ਖ਼ਾਨ ਨੇ ਗ੍ਰਿਫ਼ਤਾਰ ਕੀਤਾ। ਆਲਾ ਸਿੰਘ ਨੂੰ ਉਸ ਵੇਲੇ ਗ੍ਰਿਫ਼ਤਾਰ ਕੀਤਾ ਜਦੋਂ ਉਹ ਬੁਲਾਵੇ ਤੇ ਸਰਹੰਦ ਗਿਆ ਸੀ। ਇਸ ਦੀ ਪੁਸ਼ਟੀ ਬਿਹਾਰੀ ਲਾਲ ਦੀ ਲਿਖਤ ਤੋਂ ਹੁੰਦੀ ਹੈ। ਉਹ ਲਿਖਦਾ ਹੈ ਕਿ ਆਲਾ ਸਿੰਘ ਨੂੰ ਸਰਹੰਦ ਬੁਲਾਇਆ ਗਿਆ ਅਤੇ ਉੱਥੇ ਗ੍ਰਿਫ਼ਤਾਰ ਕੀਤਾ। ਆਲਾ ਸਿੰਘ ਨੂੰ ਸੁਨਾਮ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ।

ਆਲਾ ਸਿੰਘ ਨੂੰ ਕੈਦ ਕਰਨ ਪਿੱਛੋਂ ਅਲੀ ਮੁਹੰਮਦ ਖ਼ਾਨ ਨੇ ਬਰਨਾਲਾ ਲੁੱਟਿਆ। ਆਲਾ ਸਿੰਘ ਦੇ ਕੁਟੰਬ ਨੂੰ ਇਨ੍ਹਾਂ ਦਿਨਾਂ ਵਿਚ ਬਹੁਤ ਕਸ਼ਟ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦਾ ਧਨ ਅਤੇ ਜਾਇਦਾਦ ਅਲੀ ਮੁਹੰਮਦ ਖ਼ਾਨ ਨੇ ਆਪਣੇ ਕਬਜ਼ੇ ਵਿਚ ਕਰ ਲਈ। ਆਲਾ ਸਿੰਘ ਸੰਨ 1745 ਦੇ ਅੰਤ ਤੋਂ ਸੰਨ 1748 ਦੇ ਅਰੰਭ ਤੱਕ ਕੈਦ ਵਿਚ ਹੀ ਰਿਹਾ।

ਆਲਾ ਸਿੰਘ ਦੀ ਰਿਹਾਈ ਕਰਮ ਸਿੰਘ ਉਰਫ਼ ਕਰਮਾ ਦੇ ਕਾਰਨ ਹੋਈ। ਕਰਮਾ ਚੈਨ ਸਿੰਘ ਦਾ ਸੰਬੰਧੀ ਸੀ ਜਿਸ ਨੂੰ ਰਾਮਾ ਨੇ ਮਰਵਾਇਆ ਸੀ। ਰਾਮਾ ਨੂੰ ਚੈਨ ਸਿੰਘ ਦੇ ਪੁੱਤਰਾ ਨੇ ਮਾਰ ਦਿੱਤਾ ਸੀ। ਰਾਮਾ ਦੇ ਪੁੱਤਰਾਂ ਸਭਾ ਸਿੰਘ ਅਤੇ ਆਲਾ ਸਿੰਘ ਨੇ ਰਾਮਾ ਦੇ ਕਾਤਲਾਂ ਚੈਨ ਸਿੰਘ ਦੇ ਪੁੱਤਰਾਂ ਬੀਰਾ ਅਤੇ ਕਮਲਾ ਨੂੰ ਮਾਰ ਦਿੱਤਾ ਸੀ। ਬੀਰਾ ਤੇ ਕਮਲਾ ਦੇ ਮਾਰਨ ਪਿੱਛੋਂ ਉਗਰ ਸੈਨ ਭੱਜ ਗਿਆ ਅਤੇ ਪਿੰਡ ਸੇਮੇ ਵਿਚ ਸ਼ਰਨ ਲੈ ਲਈ। ਪਿੰਡ ਸੇਮੇ ਨੂੰ ਨਸ਼ਟ ਕਰ ਦਿੱਤਾ ਗਿਆ ਅਤੇ ਸੇਮੇ ਦੀ ਸੰਤਾਨ ਨੂੰ ਪਿੰਡ ਮਰ੍ਹਾਜ ਤੋਂ ਕੱਢ ਦਿੱਤਾ। ਚੈਨ ਸਿੰਘ ਦੇ ਭਰਾ ਆਲਮ ਸਿੰਘ ਦਾ ਪੋਤਰਾ ਕਰਮ ਸਿੰਘ ਉਰਫ਼ ਕਰਮਾ ਸੀ।

ਜਦੋਂ ਆਲਾ ਸਿੰਘ ਸੁਨਾਮ ਦੇ ਕਿਲ੍ਹੇ ਵਿਚ ਕੈਦ ਸੀ ਤਾਂ ਕਰਮੇ ਨੇ ਜੀਵਨ ਸਿੰਘ ਰੰਧਾਵਾ ਅਤੇ ਦੂਜਿਆਂ ਨਾਲ ਮਿਲ ਕੇ ਆਲਾ ਸਿੰਘ ਨੂੰ ਕਿਲ੍ਹੇ ਵਿਚੋਂ ਬੰਦੀ ਤੋਂ ਛੁਟਕਾਰਾ ਦਿਲਵਾਉਣ ਦੀ ਯੋਜਨਾ ਬਣਾਈ। ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਸਰਦਾਰ ਆਲਾ ਸਿੰਘ ਵਾਸਤੇ ਹਰ ਰੋਜ਼ ਪ੍ਰਸ਼ਾਦ ਦਾ ਥਾਲ ਬਾਹਰ ਤੋਂ ਤਿਆਰ ਹੋ ਕੇ ਜਾਂਦਾ ਸੀ। ਕਰਮ ਸਿੰਘ ਸੇਮੇ ਵਾਲਾ ਤੇ ਜੀਵਨ ਸਿੰਘ ਰੰਧਾਵਾ ਸਰਦਾਰ ਆਲਾ ਸਿੰਘ ਪਾਸ ਰਿਹਾ ਕਰਦੇ ਸਨ। ਭਾਈ ਦਿਆਲ ਦਾਸ ਦੇ ਕਹਿਣ ਤੇ ਇਨ੍ਹਾਂ ਸਰਦਾਰ ਆਲਾ ਸਿੰਘ ਨੂੰ ਕਹਿ ਦਿੱਤਾ ਕਿ ਬੀਮਾਰਾਂ ਦੀ ਤਰ੍ਹਾਂ ਕੋਠੜੀ ਵਿਚ ਚਾਦਰ ਤਾਣ ਕੇ ਸੁਤਾ ਰਹੇ। ਸੋ ਇਸ ਤਰ੍ਹਾਂ ਕੀਤਾ ਗਿਆ। ਕੰਵਰ ਲਾਲ ਸਿੰਘ ਨੂੰ ਚੋਣਵੇਂ ਬਹਾਦਰ ਸਿੰਘਾਂ ਨਾਲ ਤਲਾ ਦੇ ਕੰਢੇ ਤੇ ਜੋ ਸ਼ਹਿਰ ਦੀ ਫਸੀਲ ਨਾਲ ਹੈ ਠਹਿਰਾਇਆ। ਇਸ ਤਰ੍ਹਾਂ ਤਿੰਨ ਚਾਰ ਥਾਵਾਂ ਤੇ ਮੀਲ-ਮੀਲ ਦੀ ਦੂਰੀ ਤੇ ਜਿੱਥੋਂ ਤੱਕ ਬੰਦੂਕ ਦੀ ਆਵਾਜ਼ ਸੁਣਾਈ ਦਿੰਦੀ ਸੀ, ਸਿੱਖ ਸੈਨਕਾਂ ਦੀਆਂ ਪਾਰਟੀਆਂ ਖੜੀਆਂ ਕਰ ਦਿੱਤੀਆਂ ਤਾਂ ਜੋ ਬੰਦੂਕ ਦੀ ਆਵਾਜ਼ ਸੁਣ ਕੇ ਇਕੱਠੀਆਂ ਹੋ ਸਕਣ। ਹਰ ਰੋਜ਼ ਦੀ ਤਰ੍ਹਾਂ ਕਰਮ ਸਿੰਘ ਪ੍ਰਸ਼ਾਦ ਦਾ ਥਾਲ ਲੈ ਕੇ ਕਿਲ੍ਹੇ ਵਿਚ ਗਿਆ। ਉਸ ਨੇ ਅਜਿਹੀ ਬਹਾਦਰੀ ਕੀਤੀ ਕਿ ਆਪਣੇ ਕੱਪੜੇ ਸਰਦਾਰ ਆਲਾ ਸਿੰਘ ਨੂੰ ਪਵਾਕੇ ਕਿਲ੍ਹੇ ਵਿਚੋਂ ਬਾਹਰ ਕੱਢ ਦਿੱਤਾ ਅਤੇ ਆਪ ਉਨ੍ਹਾਂ ਦੀ ਥਾਂ ਪਲੰਘ ਤੇ ਸੋ ਗਿਆ। ਜਦੋਂ ਸਰਦਾਰ ਆਲਾ ਸਿੰਘ ਆਪਣੇ ਸਵਾਰਾਂ ਵਿਚ ਜੋ ਬਾਹਰ ਖੜੇ ਸਨ, ਪਾਸ ਪੁੱਜੇ ਤੇ ਬੰਦੂਕ ਚਲਾਈ ਗਈ ਤਾਂ ਉਹ ਸਾਰੀਆਂ ਟੋਲੀਆਂ ਜੋ ਇਸੇ ਉਡੀਕ ਵਿਚ ਸਨ, ਆ ਮਿਲੀਆਂ ਤੇ ਉੱਧਰੋਂ ਕਿਲ੍ਹੇ ਵਿਚੋਂ ਕਰਮ ਸਿੰਘ ਵੀ ਸਰਦਾਰ ਆਲਾ ਸਿੰਘ ਦੇ ਕੱਪੜੇ ਉਤਾਰ ਕੇ ਆ ਗਿਆ। ਸਾਰੇ ਇਕੱਠੇ ਹੋ ਕੇ ਲੌਂਗੋਵਾਲ ਪਿੰਡ ਵੱਲ ਚਲ ਪਏ।

ਕਿਲ੍ਹੇ ਵਿਚ ਸੁਰੱਖਿਆ ਲਈ ਰੱਖੀ ਸੈਨਾ ਦੀ ਟੁਕੜੀ ਨੇ ਪਿੱਛਾ ਕੀਤਾ। ਉਸ ਵੇਲੇ ਤੱਕ ਸਰਦਾਰ ਆਲਾ ਸਿੰਘ ਲੌਂਗੋਵਾਲ ਪੁੱਜ ਚੁੱਕੇ ਸਨ ਅਤੇ ਉਨ੍ਹਾਂ ਨੂੰ ਕੁਮਕ ਪਹੁੰਚ ਚੁੱਕੀ ਸੀ। ਪਿਛਾ ਕਰਨ ਵਾਲੀ ਟੁਕੜੀ ਨੂੰ ਹਾਰ ਹੋਈ ਅਤੇ ਉਨ੍ਹਾਂ ਨੂੰ ਪਿੱਛੇ ਹਟਣਾ ਪਿਆ।

ਕਰਮ ਸਿੰਘ ਦੀ ਇਸ ਸੇਵਾ ਨੇ ਪੁਸ਼ਤੈਨੀ ਦੁਸ਼ਮਣੀ ਦਾ ਅੰਤ ਕਰ ਦਿੱਤਾ। ਸੇਮੇ ਦੀ ਸੰਤਾਨ ਨੂੰ ਜੱਦੀ ਪਿੰਡ ਮਰ੍ਹਾਜ ਵਿਚ ਵਸਣ ਦਿੱਤਾ ਗਿਆ ਅਤੇ ਉਨ੍ਹਾਂ ਦੇ ਹਿੱਸੇ ਦੀ ਜ਼ਮੀਨ ਉਨ੍ਹਾਂ ਨੂੰ ਦਿੱਤੀ ਗਈ। ਕਰਮ ਸਿੰਘ ਨੂੰ ਵਫ਼ਾਦਾਰ ਸਮਝਕੇ ਉੱਚ ਪਦਵੀ ਦੇ ਕੇ ਆਪਣੇ ਪਾਸ ਰੱਖਿਆ।

ਸਰਹੰਦ ਦੇ ਸੂਬੇਦਾਰ ਅਲੀ ਮੁਹੰਮਦ ਖ਼ਾਨ ਨੇ ਆਲਾ ਸਿੰਘ ਦੇ ਸੁਨਾਮ ਦੇ ਕਿਲ੍ਹੇ ਵਿਚੋਂ ਨਿਕਲ ਜਾਣ ਪਿੱਛੋਂ ਕੋਈ ਕਾਰਵਾਈ ਨਹੀਂ ਕੀਤੀ। ਅਹਿਮਦ ਸ਼ਾਹ ਅਬਦਾਲੀ ਦੇ ਹੱਲੇ ਬਾਰੇ ਚਰਚਾ ਸੀ। ਅਲੀ ਮੁਹੰਮਦ ਖ਼ਾਨ ਆਪਣੀ ਮਰਜ਼ੀ ਨਾਲ ਸੂਬੇਦਾਰ ਦੇ ਅਹੁਦੇ ਦਾ ਤਿਆਗ ਕਰਕੇ ਕਟੇਹਰ ਵੱਲ ਫ਼ਰਵਰੀ ਸੰਨ 1748 ਵਿਚ ਚਲਾ ਗਿਆ ਸੀ।ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਰਾਏ ਪ੍ਰਤਾਪ ਸਿੰਘ ਕਾਨੂੰਗੋ ਵਾਸੀ ਸੁਨਾਮ ਜਿਸਦਾ ਪਿਤਾ ਬਿਸੰਬਰ ਦਾਸ ਉਸ ਵੇਲੇ ਦਿੱਲੀ ਵਿਚ ਦੀਵਾਨ ਸੀ, ਆਲਾ ਸਿੰਘ ਦਾ ਸਾਥੀ ਸੀ। ਉਸ ਨੇ ਦਿੱਲੀ ਤੋਂ ਅਲੀ ਮੁਹੰਮਦ ਖ਼ਾਨ ਦੇ ਅਹੁਦੇ ਤੋਂ ਹਟਾਏ ਜਾਣ ਦਾ ਹੁਕਮ ਭਿਜਵਾ ਦਿੱਤਾ। ਉਸਦੀ ਥਾਂ ਅਬਦੁਲ ਸਮਦ ਖਾਨ ਸਰਹੰਦ ਦਾ ਸੂਬੇਦਾਰ ਨਿਯੁਕਤ ਹੋਇਆ।

-0-

ਕਾਂਡ ਛੇਵਾਂ

# ਰਾਜ ਵਿਚ ਵਾਧਾ (1749-1754)

ਮਾਰਚ, ਸੰਨ 1748 ਵਿਚ ਅਹਿਮਦ ਸ਼ਾਹ ਅਬਦਾਲੀ ਨਾਲ ਮਨੂਪੁਰ ਦੀ ਲੜਾਈ ਵਿਚ ਕੁਮਰ-ਉਦ-ਦੀਨ ਵਜ਼ੀਰ ਮਾਰਿਆ ਗਿਆ ਸੀ ਅਤੇ ਮੁਹੰਮਦ ਸ਼ਾਹ ਦਿੱਲੀ ਦਾ ਬਾਦਸ਼ਾਹ ਵੀ ਮਰ ਗਿਆ ਸੀ। ਦੇਸ਼ ਵਿਚ ਗੜਬੜੀ ਫੈਲੀ ਹੋਈ ਸੀ। ਸਰਹੰਦ ਦਾ ਸੂਬੇਦਾਰ ਸਥਿਤੀ ਤੇ ਕਾਬੂ ਪਾਉਣ ਵਿਚ ਅਸਫ਼ਲ ਸੀ। ਸਰਦਾਰ ਆਲਾ ਸਿੰਘ ਨੇ 1749 ਵਿਚ ਢੋਡਿਆਂ ਵਿਖੇ ਕਿਲ੍ਹਾ ਬਣਾਉਣਾ ਆਰੰਭ ਕੀਤਾ। ਫ਼ਰੀਦ ਖ਼ਾਨ ਰਾਜਪੂਤ ਦੇ ਦੋ ਮੀਲ ਦੀ ਦੂਰੀ ਤੋਂ ਪਿੰਡ ਕਾਕੜਾ ਵਿਚ ਰਹਿੰਦਾ ਸੀ। ਉਹ ਆਪਣੇ ਪਿੰਡ ਦੇ ਨੇੜੇ ਬਣਦੇ ਕਿਲ੍ਹੇ ਨੂੰ ਆਪਣੀ ਸੁਤੰਤਰਤਾ ਦੇ ਲਈ ਖਤਰਾ ਸਮਝਦਾ ਸੀ। ਉਹ ਸਮਾਣੇ ਦੇ ਮੁਗਲ ਹਾਕਮ ਕੋਲ ਸਹਾਇਤਾ ਲਈ ਗਿਆ ਪਰ ਸਰਦਾਰ ਆਲਾ ਸਿੰਘ ਦੇ ਇਕ ਅਫ਼ਸਰ ਅਮਰ ਸਿੰਘ ਨੇ ਉਸ ਨੂੰ ਰਾਹ ਵਿਚ ਘੇਰ ਲਿਆ ਅਤੇ ਲੜਾਈ ਵਿਚ ਫ਼ਰੀਦ ਖ਼ਾਨ ਮਾਰਿਆ ਗਿਆ ਅਤੇ ਉਸਦਾ ਇਲਾਕਾ ਜਿਹੜਾ ਪਰਗਨਾ ਸਮਾਣੇ ਦਾ ਇਕ ਭਾਗ ਸੀ, ਸਰਦਾਰ ਆਲਾ ਸਿੰਘ ਦੇ ਕਬਜ਼ੇ ਵਿਚ ਆ ਗਿਆ। ਢੋਡਿਆਂ ਵਿਖੇ ਇਕ ਕਿਲ੍ਹਾ ਉਸਾਰਿਆ ਗਿਆ। ਕਿਲ੍ਹੇ ਦੇ ਆਲੇ-ਦੁਆਲੇ ਇਕ ਕਸਬਾ ਵਸ ਗਿਆ ਜਿਸਨੂੰ ਹੁਣ ਭਵਾਨੀਗੜ੍ਹ ਕਹਿੰਦੇ ਹਨ। ਇਹ ਕਿਲ੍ਹਾ ਸਰਦਾਰ ਆਲਾ ਸਿੰਘ ਦੀ ਮੂਣਕ ਵੱਲ ਸ਼ਕਤੀ ਵਧਾਉਣ ਲਈ ਇਕ ਚੰਗਾ ਟਿਕਾਣਾ ਬਣ ਗਿਆ।

ਮੁਹੰਮਦ ਸਾਂਲਹ ਖੋਖਰ ਸਨੌਰ ਦੇ ਪਰਗਣੇ ਵਿਚ ਰਸੂਖ ਵਾਲਾ ਜਿਮੀਂਦਾਰ ਸੀ। ਉਸਦੇ ਪਰਗਣੇ ਸਨੌਰ ਵਿਚ 84 ਪਿੰਡ ਸਨ। ਉਸ ਨੇ ਆਲਾ ਸਿੰਘ ਦੀ ਅਧੀਨਗੀ ਮੰਨ ਲਈ। ਆਲਾ ਸਿੰਘ ਨੇ ਆਪਣੇ ਸਾਲੇ ਗੁਰਬਖਸ਼ ਸਿੰਘ ਕਾਲੇਕਾ ਨੂੰ ਇਸ ਨਵੇਂ ਪ੍ਰਾਪਤ ਕੀਤੇ ਇਲਾਕੇ ਦਾ ਹਾਕਮ ਨਿਯੁਕਤ ਕੀਤਾ।

ਸਨੌਰ ਤੋਂ ਤਿੰਨ ਮੀਲ ਦੀ ਦੂਰੀ ਤੋ ਪਟਨ ਵਾਲਾ ਥੇਹ ਸੀ। ਸੰਨ 1753 ਵਿਚ ਆਲਾ ਸਿੰਘ ਨੇ ਉੱਥੇ ਇਕ ਕਚੀ ਗੜ੍ਹੀ ਬਣਵਾਈ। ਫੂਲਕੀਆ ਸਟੇਟਸ ਗਜ਼ੀਟੀਅਰ ਦੇ ਅਨੁਸਾਰ "ਇਹ ਗੜ੍ਹੀ ਵਰਤਮਾਨ ਕਿਲ੍ਹੇ ਦੇ ਪੂਰਬ ਵਿਚ ਸੀ, ਜਿਸ ਦੀ ਨੀਂਹ ਮਹਾਰਾਜਾ ਆਲਾ ਸਿੰਘ ਨੇ ਸੰਨ 1763 ਵਿਚ ਰਖੀ ਅਤੇ ਇਸ ਕਿਲ੍ਹੇ ਨੂੰ ਸਰਹੰਦ ਵਿਚੋਂ ਇਕੱਠੇ ਕੀਤੇ ਮਾਲੀਏ ਦੇ ਬਕਾਏ ਨਾਲ ਬਣਾਇਆ ਸੀ।"

# 21/ਬਾਬਾ ਆਲਾ ਸਿੰਘ

ਪ੍ਰੋ: ਐਸ. ਐਨ. ਬੈਨਰਜੀ ਅਨੁਸਾਰ ਪਟਿਆਲਾ ਸ਼ਹਿਰ ਵੈਦਿਕ ਕਾਲ ਦੇ ਪ੍ਰਾਚੀਨ ਸਥਾਨ 'ਪਰਾਸਥਲਾ' ਜਾਂ 'ਪਸਤਿਆਵੰਤ' ਦੀ ਥਾਂ ਤੇ ਵੱਸਿਆ ਹੋਇਆ ਹੈ। ਇਹ ਰਿਗਵੇਦ ਵਿਚ ਥਾਂ ਪਸਤਿਆਵੰਤ ਦਾ ਜ਼ਿਕਰ ਹੈ, ਜਿਹੜਾ ਕਿ ਵਰਤਮਾਨ ਪਟਿਆਲਾ ਦੇ ਸਥਾਨ ਦੇ ਪਾਸ ਸੀ। ਜਿਸ ਤੋਂ ਕਸਬੇ ਨੇ ਨਾਮ ਪ੍ਰਾਪਤ ਕੀਤਾ। ਇਹ ਰਾਇ ਕਿ ਪਟਿਆਲਾ ਨਾਂ ਅਠਾਰਵੀਂ ਸਦੀ ਵਿਚ ਇਸ ਲਈ ਪਿਆ ਕਿ ਇਹ ਥਾਂ ਆਲਾ ਸਿੰਘ ਦੀ ਪੱਟੀ (ਭਾਗ) ਵਿਚ ਆਈ ਸੀ, ਠੀਕ ਨਹੀਂ ਹੈ। ਇਸ ਨਾਂ ਦਾ ਪਿੰਡ ਉਸ ਵੇਲੇ ਮੌਜੂਦ ਸੀ ਜਦੋਂ ਸਨੌਰ ਦੇ ਸਰਦਾਰ ਨੇ ਬਾਬਾ ਆਲਾ ਸਿੰਘ ਨੂੰ ਇਹ ਪਿੰਡ ਦਿੱਤਾ ਸੀ। ਮਹਾਂਭਾਰਤ ਦੇ ਪ੍ਰਮਾਣ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਪਰਾਸਥਲਾ ਉਸ ਜਗ੍ਹਾ ਸੀ, ਜਿੱਥੇ ਹੁਣ ਪਟਿਆਲਾ ਹੈ।

ਫੂਲਕੀਆ ਸਟੇਟਸ ਗਜ਼ੀਟੀਅਰ, ਅਨੁਸਾਰ ਪਟਿਆਲੇ ਦਾ ਕਿਲ੍ਹਾ 'ਪਟਨਵਾਲਾ ਥੇਹ' ਦੇ ਥੇਹਾਂ ਤੇ ਬਣਾਇਆ ਗਿਆ ਸੀ। ਜਿੱਥੇ ਇਕ ਰਾਜਪੂਤ ਸ਼ਹਜ਼ਾਦੀ ਪਟਨ ਦੀ ਰਾਣੀ ਕਦੇ ਰਾਜ ਕਰਦੀ ਸੀ। ਪਟਿਆਲਾ ਨਾਮ ਟਿਲੇ ਤੋਂ ਪਿਆ ਹੈ ਨਾ ਕਿ ਬਾਬਾ ਆਲਾ ਸਿੰਘ ਦੇ ਨਾਂ ਤੋਂ। ਬਾਬਾ ਆਲਾ ਸਿੰਘ ਨੇ ਇਸ ਕਸਬੇ ਨੂੰ ਆਬਾਦ ਕੀਤਾ ਅਤੇ ਸਰਹੰਦ ਦੀ ਤਬਾਹੀ ਪਿੱਛੋਂ 1764 ਵਿਚ ਸਰਹੰਦ ਦੇ ਬਹੁਤ ਸਾਰੇ ਵਸਨੀਕ ਇੱਥੇ ਆ ਕੇ ਵਸ ਗਏ। ਪਟਿਆਲਾ ਨੂੰ ਬਾਬਾ ਆਲਾ ਸਿੰਘ ਨੇ 1761 ਵਿਚ ਪੱਕਾ ਕਿਲ੍ਹਾ ਬਣਾ ਕੇ ਆਪਣੀ ਰਾਜਧਾਨੀ ਬਣਾਇਆ। ਬਾਬਾ ਜੀ ਨੇ 1763 ਵਿਚ ਪਟਿਆਲੇ ਵਿਖੇ ਪੱਕੇ ਕਿਲ੍ਹੇ ਦੀ ਨੀਂਹ ਰਖੀ। ਸ਼ਾਹੀ ਸੜਕ ਦੀ ਜੁਗਾਤ ਨਾਲ ਕਿਲ੍ਹੇ ਨੂੰ ਬਣਾਉਣਾ ਤੇ ਪਟਿਆਲੇ ਨੂੰ ਵਸਾਉਣਾ ਆਰੰਭ ਕੀਤਾ। ਪਟਿਆਲੇ ਦੇ ਚੜ੍ਹਦੇ ਵੱਲ ਸਰਹੰਦ ਦੇ ਉਜੜੇ ਵਸਨੀਕਾਂ ਨੂੰ ਖੁਲ੍ਹੀ ਥਾਂ ਦਿੱਤੀ। ਉਨ੍ਹਾਂ ਦਾ ਸਾਮਾਨ ਲਿਆਉਣ ਲਈ ਗੱਡੇ ਅਤੇ ਊਠ ਭੇਜੇ। ਸ਼ੁਰੂ ਵਿਚ ਉਨ੍ਹਾਂ ਦੇ ਖਾਣ-ਪੀਣ ਦੇ ਪ੍ਰਬੰਧ ਲਈ ਗੁਰੂ ਦਾ ਲੰਗਰ ਲੱਗਾ ਦਿੱਤਾ।

ਸਰਹੰਦ ਦੇ ਸੂਬੇਦਾਰ ਦਾ ਦੀਵਾਨ ਲਛੱਮੀ ਨਾਰਾਇਣ ਭੱਜ ਕੇ ਸਨੋਰ ਆ ਗਿਆ ਸੀ। ਗੁਰਬਖਸ਼ ਸਿੰਘ ਨੇ ਉਸ ਨੂੰ ਸੂਬੇਦਾਰ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ। ਸਰਹੰਦ ਦੇ ਸੂਬੇਦਾਰ ਅਬਦੁਲ ਸਮਦ ਖ਼ਾਨ ਨੇ ਸਨੌਰ ਤੇ ਚੜ੍ਹਾਈ ਕਰ ਦਿੱਤੀ। ਸਰਦਾਰ ਆਲਾ ਸਿੰਘ ਵੀ ਗੁਰਬਖਸ਼ ਸਿੰਘ ਦੀ ਸਹਾਇਤਾ ਲਈ ਪਟਿਆਲੇ ਆ ਗਿਆ। ਗੁਰਬਖਸ਼ ਸਿੰਘ ਨੇ ਦੀਵਾਨ ਨੂੰ ਸਨੌਰ ਤੋਂ ਪਟਿਆਲੇ ਲੈ ਆਂਦਾ। ਕੁਝ ਦਿਨ ਇੱਥੇ ਲੜਾਈ ਹੁੰਦੀ ਰਹੀ। ਫਿਰ ਸਰਦਾਰ ਆਲਾ ਸਿੰਘ ਉਸਨੂੰ ਢੋਡਿਆਂ ਦੇ ਕਿਲ੍ਹੇ ਵਿਚ ਲੈ ਗਿਆ। ਕਿਲ੍ਹੇ ਵਿਚ ਥੋੜ੍ਹੀ ਜਿਹੀ ਸੈਨਾ ਲੜਨ ਲਈ ਰਖ ਕੇ ਸੂਬੇਦਾਰ ਤੇ ਵੇਲੇ ਕੁਵੇਲੇ ਹੱਲੇ ਕਰਨੇ ਸੁਰੂ ਕਰ ਦਿੱਤੇ। ਉਨ੍ਹਾਂ ਨੇ ਸਰਹੰਦ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਵੀ ਲੁੱਟਣਾ ਸ਼ੁਰੂ ਕਰ ਦਿੱਤਾ। ਇਸ ਲੜਾਈ ਵਿਚ ਸੂਬੇਦਾਰ ਨੂੰ ਹਾਰ ਹੋਈ ਅਤੇ ਉਹ ਵਾਪਸ ਸਰਹੰਦ ਚਲਾ ਗਿਆ।

## 22/ਬਾਬਾ ਆਲਾ ਸਿੰਘ

ਜਿਸ ਸਮੇਂ ਸਰਦਾਰ ਆਲਾ ਸਿੰਘ ਸੂਬੇਦਾਰ ਸਰਹੰਦ ਦੀ ਕੈਦ ਵਿਚ ਸੀ ਉਸ ਸਮੇਂ ਬਠਿੰਡੇ ਦਾ ਹਾਕਮ ਜੋਧਾ ਆਲਾ ਸਿੰਘ ਦੀ ਪਰਜਾ ਵਿਚ ਬਗਾਵਤ ਫੈਲਾਉਂਦਾ ਸੀ। ਪਿੰਡ ਉਬਾ, ਘੁਮਣਾ, ਕੁਤੀਵਾਲ, ਭੈਣੀ ਅਤੇ ਚੁਰਵਾਲੀ ਦੇ ਵਸਨੀਕਾਂ ਨੇ ਜੋਧੇ ਦੀ ਚੁਕ ਵਿਚ ਆ ਕੇ ਸਰਦਾਰ ਆਲਾ ਸਿੰਘ ਵਿਰੁੱਧ ਬਗਾਵਤ ਕਰ ਦਿਤੀ। ਆਲਾ ਸਿੰਘ ਉਨ੍ਹਾ ਦੀ ਬਗਾਵਤ ਦਬਾਉਣ ਵਿਚ ਸਫਲ ਹੋਇਆ ਅਤੇ ਉਹ ਜੋਧੇ ਨੂੰ ਸਜ਼ਾ ਦੇਣ ਦੇ ਮੌਕੇ ਦੀ ਤਲਾਸ਼ ਵਿਚ ਸੀ। ਜੋਧੇ ਨੇ ਆਲਾ ਸਿੰਘ ਨੂੰ ਨਾਰਾਜ਼ ਕਰ ਲਿਆ ਸੀ। ਆਲਾ ਸਿੰਘ ਦੇ ਮਿੱਤਰ ਭਾਈ ਗੁਰਬਖਸ਼ ਸਿੰਘ ਕੈਥਲ ਰਿਆਸਤ ਦੇ ਬਾਨੀ ਨਾਲ ਗੈਡਾ ਚਾਹਲ ਜ਼ਿਮੀਂਦਾਰ ਪਰਗਨਾ ਭੀਖੀ ਦੀ ਲੜਕੀ ਦੀ ਮੰਗਣੀ ਹੋਈ ਸੀ ਪਰ ਜੋਧੇ ਨੇ ਆਪ ਉਸ ਨਾਲ ਮੰਗਣੀ ਕਰ ਲਈ। ਆਲਾ ਸਿੰਘ ਨੇ ਆਪਣੇ ਭਤੀਜੇ ਦੁਨੇ ਦੇ ਪੁੱਤਰ ਬੱਗਾ ਸਿੰਘ ਨੂੰ ਜੋਧੇ ਨੂੰ ਸਮਝਾਉਣ ਲਈ ਭੇਜਿਆ ਪਰ ਜੋਧੇ ਨੇ ਇਸ ਦਾ ਕੋਈ ਖਿਆਲ ਨਾ ਕੀਤਾ ਅਤੇ ਉਸ ਲੜਕੀ ਨਾਲ ਵਿਆਹ ਕਰ ਲਿਆ। ਸਰਦਾਰ ਆਲਾ ਸਿੰਘ ਨੇ ਗੁੱਸੇ ਵਿਚ ਆ ਕੇ ਭਾਈ ਗੁਰਬਖਸ਼ ਸਿੰਘ ਨੂੰ ਨਾਲ ਲੈ ਕੇ ਤਿੰਨ ਚਾਰ ਹਜ਼ਾਰ ਸਵਾਰਾਂ ਨਾਲ ਉਸ ਤੇ ਹੱਲਾ ਕਰ ਦਿੱਤਾ। ਉਨ੍ਹਾਂ ਨੇ ਦਲ ਖਾਲਸਾ ਨੂੰ ਵੀ ਆਪਣੇ ਨਾਲ ਮਿਲਾ ਲਿਆ। ਜੋਧਾ ਟਾਕਰਾ ਨਾ ਕਰ ਸਕਿਆ ਅਤੇ ਉਸ ਤੋਂ ਬਹੁਤ ਰੁਪਿਆ ਨਜ਼ਰਾਨੇ ਦੇ ਤੌਰ ਤੇ ਵਸੂਲ ਕੀਤਾ। ਭੁਚੇ ਅਤੇ ਗੋਬਿੰਦਪੁਰਾ ਦੇ ਪਿੰਡ ਸਰਦਾਰ ਆਲਾ ਸਿੰਘ ਦੇ ਕਬਜ਼ੇ ਵਿਚ ਆ ਗਏ ਅਤੇ ਉਨ੍ਹਾਂ ਨੇ ਇਹ ਪਿੰਡ ਭਾਈ ਗੁਰਬਖਸ਼ ਸਿੰਘ ਨੂੰ ਦੇ ਦਿਤੇ।

ਆਲਾ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਲਾਲ ਸਿੰਘ ਨੇ ਮੂਣਕ ਨੂੰ ਜਿੱਤਿਆ। ਆਲਾ ਸਿੰਘ ਦੇ ਜ਼ੋਰ ਫੜਨ ਤੋਂ ਪਹਿਲਾਂ ਮੂਣਕ ਟੋਹਾਣਾ ਦੇ ਪਰਗਨੇ ਵਿਚ ਸੀ ਅਤੇ ਸਰਦਾਰ ਖ਼ਾਨ ਦੇ ਅਧੀਨ ਸੀ। ਨਾਦਰ ਸ਼ਾਹ ਦੇ ਹੱਲਿਆਂ ਅਤੇ ਭੱਟੀਆਂ ਦੀ ਲੁੱਟਮਾਰ ਕਾਰਨ, ਮੂਣਕ ਦੇ ਵਸਨੀਕਾਂ ਨੇ ਅਬੂ ਖ਼ਾਨ ਅਤੇ ਸਲੀਮ ਖ਼ਾਨ ਦੀ ਸ਼ਰਣ ਲਈ ਜਿਨ੍ਹਾਂ ਨੇ ਮੂਣਕ ਤੇ ਕਬਜ਼ਾ ਕਰ ਲਿਆ। ਸਰਦਾਰ ਖ਼ਾਨ ਕੰਵਰ ਲਾਲ ਸਿੰਘ ਪਾਸ ਹੀ ਦਸ ਬਾਰ੍ਹਾਂ ਸਾਲਾਂ ਤੋਂ ਰਹਿ ਰਿਹਾ ਸੀ। ਉਸ ਨੇ ਕੰਵਰ ਨੂੰ ਅਬੂ ਖ਼ਾਨ ਅਤੇ ਸਲੀਮ ਖ਼ਾਨ ਨੂੰ ਬਾਹਰ ਕੱਢਕੇ ਮੂਣਕ ਤੇ ਕਬਜ਼ਾ ਕਰਨ ਲਈ ਸੁਝਾਉ ਦਿੱਤਾ। ਕੰਵਰ ਨੇ ਸੈਨਾ ਦੀ ਟੁਕੜੀ ਸਰਦਾਰ ਖ਼ਾਨ ਨਾਲ ਭੇਜ ਦਿੱਤੀ। ਅਬੂਖ਼ਾਨ ਅਤੇ ਸਲੀਮ ਖ਼ਾਨ ਬਾਹਰ ਗਏ ਹੋਏ ਸਨ। ਸਰਦਾਰ ਖ਼ਾਨ ਨੇ ਤਿੰਨ ਸੋ ਸਵਾਰਾਂ ਨਾਲ ਕਿਲ੍ਹੇ ਤੇ ਹੱਲਾ ਕਰਕੇ ਕਬਜ਼ਾ ਕਰ ਲਿਆ। ਉਸ ਨੇ ਆਪਣੀ ਸਫ਼ਲਤਾ ਬਾਰੇ ਕੰਵਰ ਨੂੰ ਸੂਚਿਤ ਕੀਤਾ ਜਿਹੜਾ ਉਹਦੀ ਸਹਾਇਤਾ ਲਈ ਆ ਗਿਆ।ਅਬੂ ਖ਼ਾਨ ਅਤੇ ਸਲੀਮ ਖ਼ਾਨ ਵਿਚ ਟਾਕਰਾ ਕਰਨ ਦੀ ਹਿੰਮਤ ਨਹੀਂ ਸੀ। ਇਸ ਲਈ ਮੂਣਕ ਅਤੇ ਉਸ ਦੇ ਆਸ-ਪਾਸ ਦੇ ਇਲਾਕੇ ਤੇ ਕੰਵਰ ਲਾਲ ਸਿੰਘ ਦਾ ਕਬਜ਼ਾ ਹੋ ਗਿਆ। ਇਹ ਘਟਨਾ ਸੰਨ 1750 ਵਿਚ ਵਾਪਰੀ।

ਆਲਾ ਸਿੰਘ ਲਈ ਮੂਣਕ ਦੇ ਕਿਲ੍ਹੇ ਤੇ ਕਬਜ਼ਾ ਬੜਾ ਮਹੱਤਵਪੂਰਨ ਸੀ। ਭੱਟੀਆ ਵਿਰੁੱਧ ਲੜਾਈ ਕਰਨ ਲਈ ਇਹ ਇਕ ਸ਼ਾਨਦਾਰ ਫੌਜੀ ਟਿਕਾਣਾ ਸੀ। ਮੂਣਕ ਦੀ ਜਿੱਤ ਪਿੱਛੋਂ ਲਾਲ ਸਿੰਘ ਨੇ ਆਸ-ਪਾਸ ਦੇ ਇਲਾਕੇ ਤੇ ਵੀ ਕਬਜ਼ਾ ਕਰ ਲਿਆ।

ਮੂਣਕ ਦਾ ਸੰਬੰਧ ਹਿਸਾਰ ਨਾਲ ਸੀ। ਨਾਦਰਸ਼ਾਹ ਦੇ ਸਮੇਂ ਤੋਂ ਫਰੁਖ਼ ਨਗਰ ਦੇ ਨਵਾਬ ਪਾਸ ਟੋਹਾਣਾ ਵੀ ਸੀ। ਜਿਸ ਦੇ ਅਧੀਨ ਮੂਣਕ ਸੀ। ਫਰੁਖ ਨਗਰ ਦੇ ਨਵਾਬ ਕਾਮਗਾਰ ਖ਼ਾਨ ਨੇ ਬਹਾਦਰ ਖ਼ਾਨ ਨੂੰ 1750 ਵਿਚ ਟੋਹਾਣੇ ਭੇਜਿਆ ਕਿ ਮਾਲੀਆ ਉਗ-ਰਾਹੇ। ਜਦੋਂ ਬਹਾਦਰ ਖ਼ਾਨ ਟੋਹਾਨੇ ਆਇਆ ਤਾਂ ਕੰਵਰ ਲਾਲ ਸਿੰਘ ਮੂਣਕ ਨੂੰ ਛੱਡ ਕੇ ਚਲਾ ਗਿਆ। ਕੁਝ ਮਹੀਨਿਆਂ ਪਿੱਛੋਂ ਮਾਲੀਆ ਉਗਰਾਹ ਕੇ ਬਹਾਦਰ ਖ਼ਾਨ ਚਲਿਆ ਗਿਆ। ਉਸ ਦੇ ਜਾਣ ਤੋਂ ਪਿੱਛੋਂ ਕੰਵਰ ਲਾਲ ਸਿੰਘ ਨੇ ਫਿਰ ਮੂਣਕ ਤੇ ਕਬਜ਼ਾ ਕਰ ਲਿਆ। ਕੰਵਰ ਲਾਲ ਸਿੰਘ ਦੇ ਸਰਕਰਦੇ ਹਰੀ ਸਿੰਘ ਗੁਜਰ ਨੇ ਬਾਂਗਰ ਵੱਲ ਵਧਕੇ ਕਾਲਵਾਨ, ਧਮਤਾਨ, ਲਾਵਨ, ਧਰਦੀ, ਬੇਲਰਖਾ, ਖਰਲ ਅਤੇ ਪੀਪਲ ਥੇਹ ਪਿੰਡਾਂ ਪਾਸੋਂ ਰਾਖੀ ਵਸੂਲ ਕੀਤੀ।

ਸਰਦਾਰ ਆਲਾ ਸਿੰਘ ਨੇ 1750 ਵਿਚ ਹੀ ਮੂਣਕ ਵਿਖੇ ਪੱਕਾ ਕਿਲ੍ਹਾ ਬਣਵਾ ਲਿਆ। ਸੀ। ਮੋਤੀ ਰਾਮ ਅਤੇ ਦਯਾ ਰਾਮ ਪੂਰਬੀਆਂ ਨੂੰ ਕਿਲ੍ਹੇਦਾਰ ਅਤੇ ਖੁਸ਼ਹਾਲ ਸਿੰਘ ਢਿੱਲੋਂ ਨੂੰ ਥਾਣੇਦਾਰ ਨਿਯੁਕਤ ਕੀਤਾ। ਜਦੋਂ ਤੱਕ ਕੰਵਰ ਲਾਲ ਸਿੰਘ ਜੀਉਂਦਾ ਰਿਹਾ ਉਹ ਇਸ ਇਲਾਕੇ ਦੇ ਪ੍ਰਬੰਧ ਵਿਚ ਬਹੁਤ ਦਿਲਚਸਪੀ ਲੈਂਦਾ ਰਿਹਾ। ਉਸਦੀ ਮ੍ਰਿਤੂ ਸੰਨ 1757 ਵਿਚ ਹੋਈ।

-0-

ਕਾਂਡ ਸੱਤਵਾਂ

## ਭੱਟੀਆ ਨਾਲ ਲੜਾਈਆਂ

ਸਰਦਾਰ ਆਲਾ ਸਿੰਘ ਸਦਾ ਹੀ ਭੱਟੀਆ ਵਿਰੁੱਧ ਲੜਨ ਦੇ ਮੌਕੇ ਦੀ ਭਾਲ ਵਿਚ ਰਹਿੰਦੇ ਸਨ। ਸੰਜੋਗ ਨਾਲ ਨਵੰਬਰ, 1753 ਵਿਚ ਮੀਰ ਮੰਨੂ ਦੀ ਮ੍ਰਿਤੂ ਹੋਣ ਨਾਲ ਸਿੰਘਾਂ ਤੇ ਜ਼ੁਲਮ ਦਾ ਅੰਤ ਹੋ ਗਿਆ। ਮੀਰ ਮੰਨੂ ਦੀ ਪਤਨੀ ਮੁਗਲਾਨੀ ਬੇਗਮ ਅਤੇ ਉਸਦੇ ਬੱਚੇ ਦੇ ਰਾਜ ਵਿਚ ਪੰਜਾਬ ਵਿਚ ਅਸਥਿਰਤਾ ਆ ਗਈ ਸੀ। ਸਿੱਖ ਜਿਹੜੇ ਪਹਾੜਾਂ ਅਤੇ ਜੰਗਲਾਂ ਵਿਚ ਲੁੱਕੇ ਹੋਏ ਸਨ, ਨੇ ਜੰਗਲਾਂ ਵਿਚੋਂ ਨਿਕਲ ਕੇ 1754 ਵਿਚ ਸਰਹੰਦ ਨੂੰ ਲੁੱਟਿਆ। ਸਰਹੱਦ ਦੀ ਲੁੱਟ ਪਿੱਛੋਂ ਸਿੱਖ ਬਰਨਾਲੇ ਨੇੜੇ ਪਿੰਡ ਠੀਕਰੀ ਵਾਲੇ ਪੁੱਜੇ ਜਿੱਥੇ ਸਿੱਖ ਦਲਾਂ ਦਾ ਸੁਆਗਤ ਸਰਦਾਰ ਆਲਾ ਸਿੰਘ ਅਤੇ ਭਾਈ ਗੁਰਬਖਸ਼ ਸਿੰਘ ਨੇ ਕੀਤਾ। ਆਲਾ ਸਿੰਘ ਨੇ ਬੁੱਢਲਾਡਾ ਦੇ ਭੱਟੀ ਰਾਜਪੂਤਾਂ ਵਿਰੁੱਧ ਸਿੰਘਾਂ ਦੀ ਸਹਾਇਤਾ ਪ੍ਰਾਪਤ ਕੀਤੀ।

ਅਨਾਇਤ ਖ਼ਾਨ ਅਤੇ ਵਲਾਇਤ ਖ਼ਾਨ, ਬੁੱਢਲਾਡਾ ਅਤੇ ਬੋਹੇ ਦੇ ਭੱਟੀ ਸਰਦਾਰ, ਆਲਾ ਸਿੰਘ ਦੇ ਇਲਾਕੇ ਵਿਚ ਲੁੱਟਮਾਰ ਕਰਦੇ ਰਹਿੰਦੇ ਸਨ। ਦਲ ਖ਼ਾਲਸਾ ਦੇ ਦਸ ਹਜ਼ਾਰ ਸਵਾਰ ਅਤੇ ਭਾਈ ਗੁਰਬਖਸ਼ ਸਿੰਘ ਨੂੰ ਨਾਲ ਲੈ ਕੇ ਆਲਾ ਸਿੰਘ ਨੇ ਬੁੱਢਲਾਡਾ ਤੇ ਹਮਲਾ ਕਰ ਦਿੱਤਾ ਅਤੇ ਕਿਲ੍ਹੇ ਨੂੰ ਘੇਰ ਲਿਆ। ਅਨਾਇਤ ਖ਼ਾਨ ਅਤੇ ਵਲਾਇਤ ਖ਼ਾਨ ਨੇ ਹਸਨ ਖ਼ਾਨ ਅਤੇ ਮੁਹੰਮਦ ਅਮੀਨ ਖ਼ਾਨ ਤੋਂ ਸਹਾਇਤਾ ਮੰਗੀ। ਉਨ੍ਹਾਂ ਨੇ ਰੁਝੇਵਿਆਂ ਕਾਰਨ ਕੋਈ ਸਹਾਇਤਾ ਨਾ ਕੀਤੀ। ਅਖ਼ੀਰ ਅਨਾਇਤ ਖ਼ਾਨ ਅਤੇ ਵਲਾਇਤ ਖ਼ਾਨ ਆਪਣੇ ਦੋ ਹਜ਼ਾਰ ਮੁਸਲਮਾਨ ਰਾਜਪੂਤਾਂ ਨਾਲ ਕਿਲ੍ਹੇ ਤੋਂ ਬਾਹਰ ਆਏ। ਇਸ ਗੈਹਗਚ ਲੜਾਈ ਵਿਚ ਸਿੱਖ ਅਤੇ ਰਾਜਪੂਤ ਬਹਾਦਰੀ ਨਾਲ ਲੜੇ। ਅਨਾਇਤ ਖ਼ਾਨ ਅਤੇ ਵਲਾਇਤ ਖ਼ਾਨ ਅਤੇ 700 ਰਾਜਪੂਤ ਲੜਾਈ ਵਿਚ ਮਾਰੇ ਗਏ। ਬਾਕੀ ਦੇ ਰਾਜਪੂਤ ਜਾਨ ਬਚਾ ਕੇ ਭਜ ਗਏ। 500 ਸਿੱਖ ਵੀ ਲੜਾਈ ਵਿਚ ਮਾਰੇ ਗਏ। ਬੁੱਢਲਾਡਾ ਅਤੇ ਬੋਂਹਾ ਤੇ ਆਲਾ ਸਿੰਘ ਦਾ ਕਬਜ਼ਾ ਹੋ ਗਿਆ। ਉਸ ਨੇ ਚਾਰ ਸਾਲ ਪਿੱਛੋਂ ਬੁੱਢਲਾਡਾ ਭਾਈ ਗੁਰਬਖਸ਼ ਸਿੰਘ ਨੂੰ ਸੌਂਪ ਦਿੱਤਾ।

ਬੁੱਢਲਾਡਾ ਅਤੇ ਬੋਹਾ ਦੀ ਜਿੱਤ ਪਿੱਛੇ, ਆਲਾ ਸਿੰਘ ਅਤੇ ਭਾਈ ਗੁਰਬਖਸ਼ ਸਿੰਘ ਨੇ ਟੋਹਾਣਾ ਅਤੇ ਜਮਾਲਪੁਰ ਤੇ ਹਮਲਾ ਕਰ ਦਿੱਤਾ। ਜਮਾਲਪੁਰ ਦੇ ਵਸਨੀਕਾਂ ਨੇ ਭਟਨੇਰ ਦੇ ਮੁਹੰਮਦ ਅਮੀਨ ਖ਼ਾਨ ਦੀ ਸ਼ਰਣ ਲਈ ਹੋਈ ਸੀ ਅਤੇ ਉਸਦੀ ਕੁਝ ਸੈਨਾ ਵੀ ਉੱਥੇ ਹੀ ਸੀ। ਉਹ ਸੈਨਾ ਸਿੱਖਾਂ ਦਾ ਟਾਕਰਾ ਨਾ ਕਰ ਸਕੀ। ਸਿੱਖਾਂ ਨੇ ਇਸ ਇਲਾਕੇ ਤੋਂ ਖਿਰਾਜ ਵਸੂਲ ਕੀਤਾ

ਅਤੇ ਟੋਹਾਣਾ ਅਤੇ ਜਮਾਲਪੁਰ ਦੇ ਪ੍ਰਗਨਿਆਂ ਉੱਤੇ ਸਰਦਾਰ ਆਲਾ ਸਿੰਘ ਦਾ ਕਬਜ਼ਾ ਹੋ ਗਿਆ।

ਸਿੱਖਾਂ ਹੱਥੋਂ ਅਨਾਇਤ ਖ਼ਾਨ ਅਤੇ ਵਲਾਇਤ ਖ਼ਾਨ ਦੀ ਹਾਰ ਅਤੇ ਕਤਲ ਅਤੇ ਟੋਹਾਣਾ ਅਤੇ ਜਮਾਲਪੁਰ ਦੀ ਜਿੱਤ ਨੇ ਮੁਹੰਮਦ ਅਮੀਨ ਖ਼ਾਨ ਨੂੰ ਨਾਰਾਜ਼ ਕਰ ਦਿੱਤਾ। ਉਸਨੇ ਹਿਸਾਰ ਦੇ ਫ਼ੌਜਦਾਰ ਨਵਾਬ ਨਸੀਰ ਖਾਨ ਤੋਂ ਸਹਾਇਤਾ ਲਈ ਅਤੇ ਇਕ ਵੱਡੀ ਸੈਨਾ ਨਾਲ ਮੂਣਕ ਵੱਲ ਕੂਚ ਕਰ ਦਿੱਤਾ। ਦੋਵੇ ਫ਼ੌਜਾਂ ਵਿਚ ਲੜਾਈ ਖੁਡਾਲ ਪਿੰਡ ਨੇੜੇ ਹੋਈ। ਜਿਸ ਵਿਚ ਭੱਟੀਆਂ ਨੂੰ ਹਾਰ ਹੋਈ। ਮੁਹੰਮਦ ਅਮੀਨ ਖ਼ਾਨ ਦਾ ਬੜਾ ਨੁਕਸਾਨ ਹੋਇਆ ਅਤੇ ਉਹ ਹਿਸਾਰ ਵੱਲ ਭਜ ਗਿਆ।

ਮੁਗਲ ਕਾਲ ਵਿਚ 'ਤਪਾ ਰਾਜੂ' ਨਾਲ 84 ਪਿੰਡ ਸਨ ਤੇ ਮੁਹਿੰਮੜਾ ਇਸ ਦਾ ਮੁੱਖ ਪਿੰਡ ਸੀ। ਇਨ੍ਹਾਂ ਵਿਚੋਂ ਹੀ ਤਪਾ ਕਲੌਂਰੀਆਂ ਦੇ 19 ਪਿੰਡ ਸਨ। ਸਾਲ 1751 ਦੇ ਦੌਰਾਨ ਇਹ ਪਿੰਡ ਉਜੜ ਗਏ ਸਨ। ਸੰਨ 1760 ਵਿਚ ਤਪਾ ਕਲੌਂਰੀਆਂ ਦੇ 19 ਪਿੰਡਾਂ ਵਿਚੋਂ ਕੇਵਲ ਅੱਠ ਪਿੰਡ ਹੀ ਵਸਦੇ ਹਨ। ਖੁਡਾਲ ਦੀ ਲੜਾਈ ਪਿੱਛੋਂ ਇਨ੍ਹਾਂ ਪਿੰਡਾਂ ਤੇ ਆਲਾ ਸਿੰਘ ਦਾ ਕਬਜ਼ਾ ਹੋ ਗਿਆ ਸੀ। ਇਨ੍ਹਾਂ ਪਿੰਡਾਂ ਦੇ ਨਾਂ ਸਨ ਕਲੋਰੀਆਂ, ਜਲਰਾ, ਬਹਾਦਰਪੁਰ ਖੁਡਾਲ ਵਡੀ, ਖੁਡਾਲ, ਸ਼ੇਖੂਪੁਰ, ਅਕਬਰਪੁਰ, ਬਰੇਟਾ ਤੇ ਮੰਡੇਹਰ।

ਖੁਡਾਲ ਦੀ ਲੜਾਈ ਆਲਾ ਸਿੰਘ ਦੀ ਸੈਨਾ ਅਤੇ ਭੱਟੀ ਸਰਦਾਰਾਂ ਅਤੇ ਹਿਸਾਰ ਦੇ ਸੂਬੇਦਾਰ ਦੀਆਂ ਸੰਯੁਕਤ ਫ਼ੌਜਾਂ ਦੀ ਪਹਿਲੀ ਲੜਾਈ ਸੀ। ਇਸ ਲੜਾਈ ਨੇ ਮੁਹੰਮਦ ਅਮੀਨ ਖ਼ਾਨ ਨੂੰ ਇਹ ਵਿਸ਼ਵਾਸ ਕਰਵਾ ਦਿੱਤਾ ਕਿ ਉਹ ਇਕੱਲੇ ਆਲਾ ਸਿੰਘ ਤੇ ਵਿਜਈ ਨਹੀਂ ਹੋ ਸਕਦਾ। ਇਸ ਲਈ ਇਸ ਤੋਂ ਪਿੱਛੋਂ ਉਹ ਆਲਾ ਸਿੰਘ ਵਿਰੁੱਧ ਹਮਾਇਤੀਆਂ ਦੀ ਸਹਾਇਤਾ ਲੈਣ ਲਈ ਹੀ ਤਤਪਰ ਰਿਹਾ ਕਰਦਾ। ਪਰ ਹਿਠਾੜ ਸਤਲੁਜ ਖੇਤਰ ਵਿਚ ਰਾਜਨੀਤਿਕ ਗੜਬੜ ਕਾਰਨ ਉਸਨੇ ਆਲਾ ਸਿੰਘ ਨਾਲ ਟਕੱਰ ਲੈਣ ਨੂੰ ਸਥਗਿਤ ਕਰ ਦਿੱਤਾ।

ਸੰਨ 1755-1758 ਤੱਕ ਦਾ ਸਮਾਂ ਸਤਲੁਜ ਦੇ ਦੱਖਣੀ ਖੇਤਰ ਵਿਚ ਗੜਬੜ ਦਾ ਸਮਾਂ ਸੀ। ਸੰਨ 1755 ਵਿਚ ਸਹਾਰਨਪੁਰ ਦੇ ਫ਼ੌਜਦਾਰ ਕੁਤਬ ਸ਼ਾਹ ਤੇ ਸਰਹੰਦ ਦੇ ਫ਼ੌਜਦਾਰ ਸਾਦਿਕ ਬੇਗ ਨੂੰ ਹਰਾਇਆ। ਸਾਦਿਕ ਬੇਗ ਨੇ ਜਲੰਧਰ ਦੇ ਫ਼ੌਜਦਾਰ ਪਾਸ ਸ਼ਰਣ ਲਈ,ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਤੇ ਵੀ ਕੁਤਬ ਸ਼ਾਹ ਨੇ ਹੱਲਾ ਕਰ ਦਿੱਤਾ ਪਰ ਕੁਤਬ ਸ਼ਾਹ ਨੂੰ ਅਦੀਨਾ ਬੇਗ ਨੇ ਹਰਾ ਦਿੱਤਾ। ਮਲੇਰਕੋਟਲੇ ਦਾ ਜਮਾਲ ਖ਼ਾਨ ਜੋ ਕੁਤਬ ਸ਼ਾਹ ਦਾ ਹਮਾਇਤੀ ਸੀ ਲੜਾਈ ਵਿਚ ਮਾਰਿਆ ਗਿਆ। ਇਸ ਜਿੱਤ ਪਿੱਛੋਂ ਅਦੀਨਾ ਬੇਗ ਨੇ ਸਰਹੰਦ ਦੇ ਇਲਾਕੇ ਥਾਨੇਸਰ, ਮੁਸਤਫਾਬਾਦ, ਘੁੜਾਮ ਅਤੇ ਮੰਸੂਰਪੁਰ ਤੇ ਕਬਜ਼ਾ ਕਰ ਲਿਆ। ਆਲਾ ਸਿੰਘ ਨੇ

ਕਿਸੇ ਵੀ ਧੜੇ ਦਾ ਸਾਥ ਨਹੀਂ ਦਿੱਤਾ ਅਤੇ ਆਪਣੇ ਖੇਤਰ ਨੂੰ ਲੜਾਈ ਤੋਂ ਹੋਣ ਵਾਲੀ ਤਬਾਹੀ ਤੋਂ ਬਚਾ ਲਿਆ।

ਸੰਨ 1756 ਵਿਚ ਅਹਿਮਦ ਸ਼ਾਹ ਦੁਰਾਨੀ ਨੇ ਪੰਜਾਬ ਤੇ ਹਮਲਾ ਕਰ ਦਿੱਤਾ ਅਤੇ ਉਸ ਨੇ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਉਸ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਸੂਬੇਦਾਰ ਅਤੇ ਜਹਾਨ ਖ਼ਾਨ ਨੂੰ ਉਸਦਾ ਵਜ਼ੀਰ ਬਣਾਇਆ। ਉਸ ਨੇ ਅਬਦੁਲ ਸਮਦ ਖ਼ਾਨ ਨੂੰ ਸਰਹੰਦ ਦਾ ਸੂਬੇਦਾਰ ਨਿਯੁਕਤ ਕੀਤਾ।

ਇਸ ਵੇਲੇ ਦੇਸ਼ ਉਜੜ ਹੀ ਚੁੱਕਾ ਸੀ। ਸੰਨ 1756 ਦੇ ਵਿਚ ਕਾਲ ਪੈ ਗਿਆ। ਦੁਰਾਨੀਆਂ ਦੇ ਹੱਲੇ ਕਾਰਨ ਖੂਹਾਂ ਦੇ ਲਾਗੇ ਵਸੇ ਪਿੰਡਾਂ ਦੇ ਵਸਨੀਕ ਜੋ ਖੂਹਾਂ ਦੇ ਸਹਾਰੇ ਕਾਲ ਦੇ ਸਮੇਂ ਗੁਜ਼ਾਰਾ ਕਰਦੇ ਸਨ ਵੀ ਪਿੰਡ ਛੱਡ ਕੇ ਨੱਸ ਗਏ। ਸਾਲ 1756 ਅਤੇ 1757 ਵੀ ਆਲਾ ਸਿੰਘ ਲਈ ਅਸ਼ੁਭ ਸਨ। ਸੰਨ 1756 ਵਿਚ ਕੰਵਰ ਸਰਦੂਲ ਸਿੰਘ ਦੀ ਮ੍ਰਿਤੂ ਹੋਈ ਅਤੇ ਸੰਨ 1757 ਵਿਚ ਕੰਵਰ ਲਾਲ ਸਿੰਘ ਅਕਾਲ ਚਲਾਣਾ ਕਰ ਗਏ। ਇਸ ਉਮਰ ਵਿਚ ਅਜਿਹੀਆਂ ਸਟਾਂ ਦਾ ਲੱਗਣਾ ਕੋਈ ਛੋਟੀ ਗੱਲ ਨਹੀਂ ਸੀ, ਜਦ ਕਿ ਰਾਜ ਦੂਰ-ਦੂਰ ਤੱਕ ਫੈਲਿਆ ਹੋਇਆ ਹੋਵੇ, ਗੁਆਂਢੀ ਵੈਰੀ ਹੋਣ ਅਤੇ ਰਾਜ ਨੂੰ ਸਾਂਭਣ ਵਾਲੇ ਅਜੇ ਦਸ ਸਾਲਾ ਦੇ ਵੀ ਨਾ ਹੋਏ ਹੋਣ।

ਜਦੋਂ ਅਬਦੁਲ ਸਮਦ ਖ਼ਾਨ ਸਰਹੰਦ ਦਾ ਸੂਬੇਦਾਰ ਬਣਕੇ ਆਇਆ ਤਾਂ ਸਮੇਂ ਦੇ ਰਿਵਾਜ਼ ਅਨੁਸਾਰ ਇਲਾਕੇ ਦੇ ਸਾਰੇ ਸਰਦਾਰ ਉਸਦੀ ਸੇਵਾ ਵਿਚ ਸਰਹੰਦ ਵਿਖੇ ਹਾਜ਼ਰ ਹੋਏ। ਬਾਬਾ ਆਲਾ ਸਿੰਘ ਵੀ ਗਏ। ਭੱਟੀ ਸਰਦਾਰ ਮੁਹੰਮਦ ਅਮੀਨ ਖ਼ਾਨ ਜਿਸ ਨੂੰ ਆਲਾ ਸਿੰਘ ਨੇ ਖੁਡਾਲ ਦੀ ਲੜਾਈ ਵਿਚ ਹਾਰ ਦਿੱਤੀ ਸੀ, ਬਦਲੇ ਦੀ ਖੋਜ ਵਿਚ ਸੀ। ਉਸ ਨੇ ਨਵੇਂ ਸੂਬੇਦਾਰ ਨਾਲ ਆਪਣੀ ਲੜਕੀ ਦਾ ਵਿਆਹ ਕਰ ਦਿੱਤਾ ਅਤੇ ਉਸਨੂੰ ਰਾਜ਼ੀ ਕਰ ਲਿਆ ਕਿ ਬਾਬਾ ਆਲਾ ਸਿੰਘ ਤੋਂ ਸਾਰਾ ਇਲਾਕਾ ਖੋਹ ਲਿਆ ਜਾਵੇ। ਬਾਬਾ ਆਲਾ ਸਿੰਘ ਜੋ ਉਸ ਸਮੇਂ ਸੁਨਾਮ ਵਿਖੇ ਸਨ, ਬਰਨਾਲੇ ਆ ਗਏ ਅਤੇ ਆਪਣੀ ਸੁਰੱਖਿਆ ਮਜ਼ਬੂਤ ਕਰ ਲਈ। ਮਰਾਠਿਆਂ ਦੇ ਪੰਜਾਬ ਵੱਲ ਕੂਚ ਦੀਆਂ ਖ਼ਬਰਾਂ ਆਉਣ ਕਾਰਨ ਅਬਦੁਲ ਸਮਦ ਖ਼ਾਨ ਸਰਹੰਦ ਵੱਲ ਚਲਾ ਗਿਆ। ਅਬਦੁਲ ਸਮਦ ਖ਼ਾਨ ਨੇ ਸਰਹੰਦ ਦੇ ਕਿਲ੍ਹੇ ਵਿਚ ਸ਼ਰਣ ਲਈ। ਮਰਾਠੇ ਅਤੇ ਅਦੀਨਾ ਬੇਗਮ ਨੇ 'ਖ਼ਾਲਸਾ ਦਲ ਨੂੰ ਵੀ ਆਪਣੇ ਨਾਲ ਮਿਲਾ ਲਿਆ। ਮਰਾਠਿਆਂ ਦਾ ਸਰਹੰਦ ਤੇ ਕਬਜ਼ਾ ਹੋ ਗਿਆ। ਇਨ੍ਹਾਂ ਨੇ 8 ਸ਼ਹਿਰ ਨੂੰ ਖੂਬ ਲੁੱਟਿਆ। ਅਬਦੁਲ ਸਮਦ ਖ਼ਾਨ ਨੂੰ ਮਰਾਠੇ ਕੈਦ ਕਰ ਕੇ ਨਾਲ ਲੈ ਗਏ। ਜਦ ਮਰਾਠੇ ਲਾਹੌਰ ਤੋਂ ਅਟਕ ਵੱਲ ਵਧੇ ਤਾਂ ਅਬਦੁਲ ਸਮਦ ਖ਼ਾਨ ਉਨ੍ਹਾਂ ਦੀ ਕੈਦ ਵਿਚੋਂ ਖਲਾਸੀ ਪਾਕੇ ਫਤਿਆਬਾਦ ਆ ਗਿਆ।

ਇਸ ਸਮੇਂ ਵਿਚ ਮੁਹੰਮਦ ਅਮੀਨ ਖ਼ਾਨ ਨੇ ਸ਼ਾਹਜ਼ਾਦਾ ਅਲੀ ਗੋਹਰ ਦੀ ਆਲਾ ਸਿੰਘ ਵਿਰੁੱਧ ਸਹਾਇਤਾ ਲੈਣ ਲਈ ਕੋਸ਼ਿਸ਼ ਕੀਤੀ। ਸ਼ਾਹਜਾਦਾ ਅਲੀ ਗੋਹਰ ਝਜਰ ਵਿਖੇ ਆਇਆ ਅਤੇ ਫਿਰ ਹਿਸਾਰ ਵੱਲ ਵਧਿਆ। ਭੱਟੀ ਸਰਦਾਰ ਉਸਦੀ ਸੇਵਾ ਵਿਚ ਉੱਥੇ ਹਾਜ਼ਰ ਹੋਇਆ ਅਤੇ ਆਲਾ ਸਿੰਘ ਵਿਰੁੱਧ ਸਹਾਇਤਾ ਮੰਗੀ। ਪਰ ਸ਼ਾਹਜ਼ਾਦੇ ਦਾ ਪਿੱਛਾ ਵਜ਼ੀਰ ਗਾਜ਼ੀਉਦ-ਦੀਨ ਈਮਾਦ ਕਰ ਰਿਹਾ ਸੀ। ਇਸ ਲਈ ਸ਼ਾਹਜ਼ਾਦੇ ਨੂੰ ਰਿਵਾੜੀ ਵੱਲ ਪਿੱਛੇ ਹਟਣਾ ਪਿਆ ਅਤੇ ਉਹ ਫਿਰ ਦਿੱਲੀ ਵੱਲ ਕੂਚ ਕਰ ਗਿਆ। ਉਹ ਮੁਹੰਮਦ ਅਮੀਨ ਖ਼ਾਨ ਦੀ ਕੋਈ ਸਹਾਇਤਾ ਨਾ ਕਰ ਸਕਿਆ।

ਸ਼ਾਹਜ਼ਾਦਾ ਅਲੀ ਗੋਹਰ ਦਾ ਪਿੱਛਾ ਕਰਨ ਲਈ, ਵਜ਼ੀਰ ਗਾਜ਼ੀਉਦ-ਦੀਨ ਨੇ ਰਿਵਾੜੀ ਅਤੇ ਹਿਸਾਰ ਵੱਲ ਕੂਚ ਕਰ ਦਿੱਤਾ। ਉਸਦੇ ਨਾਲ ਬੀਮਾਰ ਬਾਦਸ਼ਾਹ ਆਲਮਗੀਰ ਦੂਜਾ ਵੀ ਸੀ। ਸ਼ਾਹਜ਼ਾਦਾ ਅਲੀ ਗੋਹਰ ਤਾਂ ਦਿੱਲੀ ਵੱਲ ਚਲਾ ਗਿਆ। ਵਜ਼ੀਰ-ਗਾਜ਼ੀਉਦ ਦੀਨ ਨੇ ਅਲੀ ਮੁਹੰਮਦ ਖ਼ਾਨ ਭੱਟੀ ਸਰਦਾਰ, ਜਿਹੜਾ ਸ਼ਾਹਜ਼ਾਦਾ ਅਲੀ ਗੋਹਰ ਦਾ ਹਮਾਇਤੀ ਸੀ, ਦੇ ਇਲਾਕੇ ਤੇ ਹੱਲਾ ਕਰ ਦਿੱਤਾ। ਭੱਟੀ ਸਰਦਾਰ ਨੇ ਭਟਨੇਰ ਦੇ ਕਿਲ੍ਹੇ ਵਿਚ ਸ਼ਰਣ ਲਈ। ਸ਼ਾਹੀ ਫੌਜਾਂ ਨੇ ਕਿਲ੍ਹੇ ਨੂੰ ਚਾਰੇ-ਪਾਸੇ ਤੋਂ ਘੇਰ ਲਿਆ। ਸ਼ਾਹੀ ਸੈਨਾ ਦੀ ਛਾਉਣੀ ਵਿਚ ਚਾਰੇ ਅਤੇ ਰਸਦ ਦੀ ਕਮੀ ਸੀ। ਹਰ ਰੋਜ਼ ਭੱਟੀ ਕਿਲ੍ਹੇ ਵਿਚੋਂ ਬਾਹਰ ਆਕੇ ਸ਼ਾਹੀ ਸੈਨਾ ਤੇ ਹੱਲਾ ਕਰਦੇ ਸਨ ਅਤੇ ਵਜ਼ੀਰ ਗਾਜੀਉਦ-ਦੀਨ ਦੀ ਛਾਉਣੀ ਵਿਚੋਂ ਰਸਦ ਲੈਣ ਲਈ ਗਏ ਸੈਨਿਕਾਂ ਨੂੰ ਲੁੱਟਦੇ ਸਨ। ਇਸ ਮੌਕੇ ਤੇ ਆਲਾ ਸਿੰਘ ਨੇ ਰਸਦ ਅਤੇ ਚਾਰੇ ਨਾਲ ਵਜ਼ੀਰ ਗਾਜੀਉਦ-ਦੀਨ ਦੀ ਸਹਾਇਤਾ ਕੀਤੀ ਤਾਂ ਕਿ ਉਹ ਉਸਦੇ ਪੁਰਾਣੇ ਦੁਸ਼ਮਣ ਮੁਹੰਮਦ ਅਮੀਨ ਖ਼ਾਨ ਨੂੰ ਹਾਰ ਦੇ ਸਕੇ। ਇਸ ਪਿੱਛੋਂ ਵਜ਼ੀਰ ਗਾਜ਼ੀ-ਉਦ-ਦੀਨ ਈਮਾਦ ਅਤੇ ਬਾਦਸ਼ਾਹ ਦਿੱਲੀ ਵੱਲ ਵਾਪਸ ਚਲੇ ਗਏ।

ਸਰਦਾਰ ਆਲਾ ਸਿੰਘ ਨੇ ਵਜ਼ੀਰ ਅਤੇ ਬਾਦਸ਼ਾਹ ਆਲਮਗੀਰ ਦੂਜੇ ਦੀ ਸਹਾਇਤਾ ਇਸ ਲਈ ਕੀਤੀ ਸੀ ਕਿ ਉਹ ਆਪਣੇ ਵੈਰੀ ਮੁਹੰਮਦ ਅਮੀਨ ਖ਼ਾਨ ਭੱਟੀ ਸਰਦਾਰ ਦੀ ਤਾਕਤ ਕੁਚਲਣਾ ਚਾਹੁੰਦਾ ਸੀ। ਜਿਸ ਨੇ ਸ਼ਾਹਜ਼ਾਦਾ ਅਲੀ ਗੌਹਰ ਨਾਲ ਉਸ ਵਿਰੁੱਧ ਗੰਢ ਤਪ ਕੀਤਾ ਸੀ। ਉਸ ਨੇ ਬੜੀ ਸਿਆਣਪ ਨਾਲ ਸ਼ਾਹੀ ਸੈਨਾ ਨੂੰ ਆਪਣੇ ਰਾਜ ਤੋਂ ਦੂਰ ਹੀ ਰਖਿਆ ਅਤੇ ਇਸ ਤਰ੍ਹਾਂ ਰਾਜ ਨੂੰ ਲੁੱਟਮਾਰ ਤੋਂ ਬਚਾ ਲਿਆ। ਮੁਹੰਮਦ ਅਮੀਨ ਖ਼ਾਨ ਵਿਰੁੱਧ ਸ਼ਾਹੀ, ਸੈਨਾ ਦੀ ਸਹਾਇਤਾ ਕਰਕੇ ਆਲਾ ਸਿੰਘ ਨੇ ਮੁਹੰਮਦ ਅਮੀਨ ਖ਼ਾਨ ਨੂੰ ਵਿਸ਼ਵਾਸ ਕਰਵਾ ਦਿੱਤਾ ਕਿ ਉਹ ਉਸ ਨਾਲ ਲੜਾਈ ਲਈ ਤਿਆਰ ਹੈ।

ਸਰਹੰਦ ਦਾ ਸੂਬੇਦਾਰ ਅਬਦੁਲ ਸਮਦ ਖ਼ਾਨ ਮਰਾਠਿਆਂ ਦੀ ਛਾਉਣੀ ਵਿਚੋਂ ਭੱਜ ਕੇ ਆਪਣੇ ਪੁਰਾਣੇ ਹਮਾਇਤੀ ਭੱਟੀ ਸਰਦਾਰ ਮੁਹੰਮਦ ਅਮੀਨ ਖ਼ਾਨ ਨਾਲ ਮਿਲ ਗਿਆ। ਭੱਟੀ ਸਰਦਾਰ ਨੇ ਅਬਦੁਲ ਸਮਦ ਖਾਨ ਦੀ ਸਹਾਇਤਾ ਨਾਲ ਸਰਦਾਰ ਆਲਾ ਸਿੰਘ ਵਿਰੁੱਧ ਲੜਨ

ਦਾ ਇਰਾਦਾ ਕੀਤਾ। ਉਨ੍ਹਾਂ ਨੇ ਲਗਭਗ ਵੀਹ ਹਜ਼ਾਰ ਰੁਹੇਲੇ, ਭੱਟੀ ਅਤੇ ਪਚਾਧੇ ਇਕੱਠੇ ਕਰਕੇ ਜਮਾਲਪੁਰ ਤੇ ਧਾਵਾ ਕੀਤਾ ਅਤੇ ਇਸ ਤੇ ਕਬਜ਼ਾ ਕਰ ਲਿਆ। ਉਨ੍ਹਾਂ ਨੇ ਟੋਹਾਣੇ ਨੂੰ ਵੀ ਲੁੱਟਿਆ। ਸਰਦਾਰ ਆਲਾ ਸਿੰਘ ਵੀ ਮੂਣਕ ਤੋਂ ਸੈਨਾ ਲੈ ਕੇ ਵੈਰੀ ਦੇ ਟਾਕਰੇ ਲਈ ਵਧਿਆ। ਵਰਤਮਾਨ ਅਕਾਲ ਗੜ੍ਹ ਨੇੜੇ ਪਿੰਡ ਰਾਮਪੁਰਾ ਵਿਚ ਦੋਨੋਂ ਫੌਜਾਂ ਦਾ ਟਾਕਰਾ ਹੋਇਆ। ਦੋ ਦਿਨ ਝੜਪਾਂ ਹੁੰਦੀਆਂ ਰਹੀਆਂ। ਤੀਜੇ ਦਿਨ ਆਲਾ ਸਿੰਘ ਨੇ ਰਾਤ ਵੇਲੇ ਹੱਲਾ ਕੀਤਾ। ਮੁਹੰਮਦ ਅਮੀਨ ਖ਼ਾਨ ਅਤੇ ਅਬਦੁਲ ਸਮਦ ਖ਼ਾਨ ਨੂੰ ਹਾਰ ਹੋਈ। ਉਨ੍ਹਾਂ ਦੇ ਬਹੁਤ ਸਾਰੇ ਸੈਨਿਕ ਮਾਰੇ ਗਏ ਅਤੇ ਬਹੁਤ ਸਾਰੀ ਸਮੱਗਰੀ ਦਾ ਨੁਕਸਾਨ ਵੀ ਹੋਇਆ। ਇਹ ਲੜਾਈ ਨਿਰਣਾਜਨਕ ਸਿੱਧ ਹੋਈ ਅਤੇ ਅੱਗੇ ਨੂੰ ਭੱਟੀਆਂ ਨੇ ਆਲਾ ਸਿੰਘ ਨਾਲ ਟੱਕਰ ਲੈਣ ਦਾ ਹੌਂਸਲਾ ਹੀ ਨਾ ਕੀਤਾ।

ਆਲਾ ਸਿੰਘ ਦੀ ਰਾਮਪੁਰਾ ਵਿਖੇ ਜਿੱਤ ਕਾਰਨ ਜਮਾਲਪੁਰ ਤੇ ਉਸਦਾ ਕਬਜ਼ਾ ਹੋ ਗਿਆ। ਖੁਡਾਲ ਦੀ ਲੜਾਈ ਪਿੱਛੋਂ ਜਮਾਲਪੁਰ ਵਿਚ ਦੋ ਪਾਰਟੀਆਂ ਹੋ ਗਈਆਂ ਸਨ। ਇਕ ਪਾਰਟੀ ਦੇ ਜ਼ਿਮੀਦਾਰ ਆਲਾ ਸਿੰਘ ਦੇ ਅਧੀਨ ਹੋਣਾ ਚਾਹੁੰਦੇ ਸਨ ਅਤੇ ਦੂਜੀ ਪਾਰਟੀ ਜਿਸ ਦਾ ਮੁੱਖੀ ਰਮਜ਼ਾਨ ਉਲਾ ਖ਼ਾਨ ਸ਼ੇਖ ਸੀ ਮੁਹੰਮਦ ਅਮੀਨ ਖ਼ਾਨ ਦੀ ਸਰਦਾਰੀ ਹੇਠ ਰਹਿਣਾ ਚਾਹੁੰਦੇ ਸੀ। ਰਾਮਪੁਰਾ ਦੀ ਲੜਾਈ ਪਿੱਛੋਂ ਜਮਾਲਪੁਰ ਦੇ ਤਪੇ ਦੇ ਪਿੰਡ (ਆਲਾ ਸਿੰਘ ਦੇ ਅਧੀਨ ਹੋ ਗਏ। ਧਾਰਸੂਲ ਅਤੇ ਖੇੜੀ ਦੇ ਤਪੇ ਜਿਨ੍ਹਾਂ ਵਿਚ ਹਰ ਇਕ ਵਿਚ ਸੋਲਾਂ ਪਿੰਡ ਸਨ ਆਲਾ ਸਿੰਘ ਦੇ ਕਬਜ਼ੇ ਵਿਚ ਆ ਗਏ। ਆਲਾ ਸਿੰਘ ਨੇ ਹੀਰਾ ਸਿੰਘ ਅਤੇ ਬੀਕਾ ਸਿੰਘ ਸੇਖੋਂ ਨੂੰ ਇਨ੍ਹਾਂ ਇਲਾਕਿਆਂ ਦਾ ਥਾਣੇਦਾਰ ਨਿਯੁਕਤ ਕੀਤਾ।

ਰਾਮਪੁਰੇ ਦੀ ਲੜਾਈ ਨੇ ਭੱਟੀਆਂ ਦਾ ਲੱਕ ਤੋੜ ਦਿੱਤਾ। ਸੰਨ 1759 ਵਿਚ ਸਰਦਾਰ ਆਲਾ ਸਿੰਘ ਨੇ ਕਾਲਵਾਨ ਧਮਤਾਨ, ਧਰੌਂਦੀ, ਬੇਲ ਰਖਾ, ਖਰਲ, ਲਾਵਨ, ਪੀਪਲ ਥੇਹ ਦਨੌਂਦੀ ਤੇ ਬਠੁਮੜਾ ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਰਾਮਪੁਰੇ ਦੀ ਲੜਾਈ ਪਿੱਛੋਂ ਸਰਦਾਰ ਆਲਾ ਸਿੰਘ ਉਸ ਸਾਰੇ ਇਲਾਕੇ ਦੇ ਮਾਲਕ ਹੋ ਗਏ, ਜੋ ਬੋਹੇ, ਰਤੀਏ, ਬਹੋਨੇ, ਦਨੌਂਦੇ ਅਤੇ ਨਰਵਾਣੇ ਦੇ ਵਿਚਕਾਰ ਸੀ। ਆਪਣੇ ਨਵੇਂ ਇਲਾਕਿਆਂ ਦੀ ਸੁਰੱਖਿਆ ਲਈ ਆਲਾ ਸਿੰਘ ਨੇ ਧਾਰਸੂਲ ਦੇ ਕਿਲ੍ਹੇ ਨੂੰ ਮਜ਼ਬੂਤ ਬਣਾਇਆ ਅਤੇ ਸਕਰਪੁਰ ਦੇ ਕਿਲ੍ਹੇ ਦੀ ਮੁਰੰਮਤ ਕਰਵਾਈ।

ਰਾਮਪੁਰੇ ਦੀ ਲੜਾਈ ਨਾਲ ਹੀ ਸਰਦਾਰ ਆਲਾ ਸਿੰਘ ਦੀ ਸਹੀ ਅਰਥਾਂ ਵਿਚ ਹਕੂਮਤ ਦਾ ਯੁੱਗ ਆਰੰਭ ਹੁੰਦਾ ਹੈ। ਪਹਿਲਾਂ ਉਨ੍ਹਾਂ ਪਾਸ ਕੋਈ ਵੱਡਾ ਕਿਲ੍ਹਾ ਨਹੀਂ ਸੀ। ਉਹ ਪਿੰਡਾਂ ਨੂੰ ਜਿੱਤਦੇ ਸੀ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਕਚੀਆਂ ਗੜ੍ਹੀਆਂ ਬਣਾਉਂਦੇ ਸੀ। ਰਾਮਪੁਰੇ ਦੀ ਲੜਾਈ ਪਿੱਛੋਂ ਆਲਾ ਸਿੰਘ ਨੇ ਸੁਨਾਮ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ ਜਿਸ ਨਾਲ ਉਸਦਾ ਇਕ ਵੱਡੇ ਸਰਦਾਰ ਦੇ ਤੌਰ ਤੇ ਸਥਾਨ ਬਣ ਗਿਆ।

-0-

ਕਾਂਡ ਅੱਠਵਾਂ

# ਮਰਾਠਿਆਂ ਨਾਲ ਸੰਬੰਧ

ਬਾਬਾ ਆਲਾ ਸਿੰਘ ਜੀ ਤੋਂ ਬਿਨਾਂ ਕਿਸੇ ਹੋਰ ਸਿੱਖ ਸਰਦਾਰ ਦੇ ਮਰਾਠਿਆਂ ਨਾਲ ਸੰਬੰਧ ਨਹੀਂ ਸਨ। ਬਾਬਾ ਆਲਾ ਸਿੰਘ ਮਰਾਠਿਆਂ ਦਾ ਮਿੱਤਰ ਸੀ ਅਤੇ ਉਨ੍ਹਾਂ ਦੀ ਮੁਸੀਬਤ ਵੇਲੇ ਉਹ ਸਦਾ ਹੀ ਉਨ੍ਹਾਂ ਦੀ ਸਹਾਇਤਾ ਕਰਿਆ ਕਰਦੇ ਸਨ। ਮਈ, 1758 ਵਿਚ ਪੰਜਾਬ ਉੱਤੇ ਮਰਾਠਿਆਂ ਦੇ ਕਬਜ਼ੇ ਤੋਂ ਪਹਿਲਾਂ ਵੀ ਸ. ਆਲਾ ਸਿੰਘ ਬਾਰੇ ਮਰਾਠੇ ਜਾਣੂ ਸਨ। ਮਾਰਚ-ਅਪ੍ਰੈਲ 1757 ਵਿਚ ਲਿਖੇ ਨਿਮਨ ਦਰਜ ਮਰਾਠੀ ਦੇ ਸਰਕਾਰੀ ਪੱਤਰ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਆਲਾ ਸਿੰਘ ਦੀ ਹੋਂਦ ਬਾਰੇ ਮਰਾਠੇ ਜਾਣੂ ਸਨ :

"ਵਾਸੂਦੇਵ ਦੀਕਸ਼ਤ ਤੋਂ ਪੇਸ਼ਵਾ ਨੂੰ ਦਿੱਲੀ ਦੇ ਸਲਾਬਤ ਜੰਗ ਦੇ ਪ੍ਰਤਿਨਿਧੀ ਨਾਗਰ ਮਲ ਨੇ ਦੋ ਸੰਦੇਸ਼ਵਾਹਕ ਭੇਜੇ ਜਿਹੜੇ ਔਰੰਗਾਬਾਦ ਅਠਾਰਾਂ ਦਿਨਾਂ ਪਿੱਛੋਂ ਪੁੱਜੇ ਅਤੇ ਸਲਾਬਤ ਜੰਗ ਦੀ ਛਾਉਣੀ ਤੋਂ ਚਲ ਪਏ। ਵਾਲਜੀ, ਨੇ ਸੰਦੇਸ਼ਵਾਹਕਾਂ ਦੀ ਲਿਆਂਦੀ ਖਬਰ ਦਸੀ; ਜਦੋਂ ਪਠਾਨ ਦਾ ਪੁੱਤਰ (ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ) ਖਜ਼ਾਨਾ ਲੈ ਕੇ ਆ ਰਿਹਾ ਸੀ, ਆਲਾ ਜੱਟ, ਸਰਹੰਦ ਦਾ ਵਸਨੀਕ ਅਤੇ ਗੁਰੂ ਨਾਨਕ ਦੇ ਸਿੱਖਾਂ ਨੇ ਇਕੱਠੇ ਹੋਕੇ ਉਸ ਪਠਾਨ ਦੇ ਪੁੱਤਰ ਦਾ ਰਸਤਾ ਰੋਕ ਕੇ ਉਸ ਨੂੰ ਕਾਬੂ ਕਰ ਲਿਆ। ਉਨ੍ਹਾਂ ਨੇ ਉਸਦਾ ਖ਼ਜ਼ਾਨਾ ਖੋਹ ਲਿਆ। ਪਰ ਉਸਨੇ ਦੁਬਾਰਾ ਮਾਲੇਰਕੋਟਲੇ ਵਿਖੇ ਹੱਲਾ ਕੀਤਾ ਅਤੇ ਉਸ ਨੂੰ ਲੁੱਟ ਲਿਆ।"

ਆਲਾ ਸਿੰਘ ਦੀ ਮਰਾਠਿਆਂ ਨਾਲ ਮਿਤੱਰਤਾ 1757 ਵਿਚ ਆਰੰਭ ਹੁੰਦੀ ਹੈ ਜਦੋਂ ਉਸਨੇ ਅਫ਼ਗਾਨਾਂ ਨੂੰ ਪੰਜਾਬ ਵਿਚੋਂ ਕੱਢਣ ਲਈ ਮਰਾਠਿਆਂ ਨੂੰ ਬੁਲਾਇਆ। ਜਦੋਂ ਆਲਾ ਸਿੰਘ ਨੂੰ ਸਰਹੰਦ ਦੇ ਸੂਬੇਦਾਰ ਅਬਦੁਲ ਸਮਦ ਖ਼ਾਨ ਨੇ ਢੋਡਿਆ ਦੇ ਕਿਲ੍ਹੇ ਵਿਚ ਘੇਰ ਲਿਆ ਸੀ, ਆਲਾ ਸਿੰਘ ਨੇ ਮਰਾਠਿਆਂ ਨੂੰ ਹਿਠਾੜ-ਸਤਲੁਜ ਦੇ ਇਲਾਕੇ ਤੇ ਹੱਲਾ ਕਰਨ ਲਈ ਸੱਦਿਆ।

ਭਾਉ ਰਘੂਨਾਥ ਰਾਉ ਮਰਾਠਾ ਫ਼ੌਜ ਦੀ ਇਕ ਟੁਕੜੀ ਲੈ ਕੇ ਪੰਜਾਬ ਵੱਲ ਵਧਿਆ ਅਤੇ ਹੌਲੀ-ਹੌਲੀ ਦੇਸ਼ ਨੂੰ ਲੁੱਟਦਾ ਆਇਆ। 26 ਫੱਗਣ ਸੰਮਤ 1814 (1857 ਸੰਨ) ਵਿਚ ਉਹ ਸਰਾਏ ਵਣਜਾਰੇ ਠਹਿਰਿਆ। ਉਸ ਨੇ ਦੋ ਸਵਾਰ ਅਨੰਦਪੁਰ ਕੇਸ਼ੋ ਭੇਜੇ ਕਿ ਸਰਕਾਰ ਪਟਿਆਲਾ ਦੇ ਵਕੀਲ ਨੂੰ ਲਿਆਉਣ। ਜਦ ਲਧਾ ਮਲ ਆਇਆ, ਤਾਂ ਰਘੂਨਾਥ ਰਾਉ ਨੇ ਅੱਡ ਹੋ ਕੇ ਕਿਹਾ ਕਿ "ਮਹਾਰਾਜਾ ਆਲਾ ਸਿੰਘ ਜੀ ਨੇ ਦਖਣੋਂ ਸਾਨੂੰ ਸੱਦਿਆ ਹੈ, ਪਰ ਆਪ ਕਿਉ

ਨਹੀਂ ਆਏ, ਉਹ ਛੇਤੀ ਆਉਣ, ਅਸਾਂ ਜੋ ਕੁਝ ਕਰਨਾ ਹੈ, ਉਨ੍ਹਾਂ ਦੀ ਸਲਾਹ ਨਾਲ ਹੀ ਕਰਨਾ ਹੈ।" ਫਿਰ ਵੀ ਮਹਾਰਾਜਾ ਆਲਾ ਸਿੰਘ ਜੀ ਆਪ ਨਾ ਆਏ ਪਰ ਆਪਣੇ ਸਰਦਾਰ ਬੀਰਮ ਢਿੱਲੋਂ ਨੂੰ ਲਧਾ ਮਲ ਪਾਸ ਭੇਜ ਦਿੱਤਾ ਕਿ ਆਪਸ ਵਿਚ ਸਲਾਹ ਕਰਕੇ ਸਾਰੇ ਮਾਮਲੇ ਨੂੰ ਨਿਪਟਾ ਲੈਣ। ਮਹਾਰਾਜਾ ਜੋ ਅਦੁੱਤੀ ਸੂਝ-ਬੂਝ ਵਾਲੇ ਵਿਅਕਤੀ ਸਨ ਉਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਮਰਾਠੇ ਉਨ੍ਹਾਂ ਦੇ ਕੱਟੜ ਵੈਰੀ ਅਬਦੁਲ ਸਮਦ ਖ਼ਾਨ ਨੂੰ ਹਰਾ ਕੇ ਉਸਦੇ ਇਲਾਕੇ ਤੋਂ ਕਬਜ਼ਾ ਕਰ ਸਕਦੇ ਹਨ। ਮਰਾਠਿਆਂ ਨੇ ਨਜੀਬ ਨੂੰ ਹਰਾ ਕੇ ਦਿੱਲੀ ਤੇ ਕਬਜ਼ਾ ਕਰ ਲਿਆ ਸੀ ਅਤੇ ਉਤਰ ਵੱਲ ਵਧਣ ਦੀ ਸੋਚ ਰਹੇ ਸਨ।

ਮਰਾਠਿਆਂ ਨੇ ਪੰਜਾਬ ਤੇ ਚੜ੍ਹਾਈ ਜਨਵਰੀ, 1758 ਵਿਚ ਕੀਤੀ ਅਤੇ ਮਰਾਠਾ ਫ਼ੌਜ ਨੇ ਸਰਹੰਦ ਵੱਲ ਕੂਚ ਕੀਤਾ। ਅਬਦੁਲ ਸਮਦ ਖ਼ਾਨ ਨੇ ਬਾਬਾ ਆਲਾ ਸਿੰਘ ਦੇ ਢੋਡਿਆਂ ਦੇ ਕਿਲ੍ਹੇ ਦਾ ਘੇਰਾ ਛੱਡ ਦਿੱਤਾ ਅਤੇ ਸਰਹੰਦ ਵੱਲ ਨੂੰ ਜਲਦੀ ਕੂਚ ਕੀਤਾ। ਉੱਥੇ ਉਹ ਕਿਲ੍ਹੇ ਦੀ ਮੁਰੰਮਤ ਅਤੇ ਖਾਈਆਂ ਖੁਦਵਾਉਣ ਵਿਚ ਲੱਗ ਗਿਆ।

ਬਾਬਾ ਆਲਾ ਸਿੰਘ ਨੇ ਮਰਾਠਿਆਂ ਲਈ ਸਰਹੰਦ ਨੂੰ ਜਿੱਤਣ ਵਿਚ ਬਹੁਤ ਭਾਗ ਲਿਆ। ਉਸ ਨੇ ਆਪਣੇ ਪ੍ਰਤਿਨਿਧੀ ਲਧਾ ਮਲ ਅਤੇ ਬੀਰਮ ਢਿੱਲੋਂ ਨੂੰ ਉਨ੍ਹਾਂ ਦੇ ਸੁਆਗਤ ਲਈ ਭੇਜਿਆ। ਸਰਹੰਦ ਦੇ ਸ਼ਹਿਰ ਜਿੱਥੇ ਦਸਵੇਂ ਗੁਰੂ ਸਾਹਿਬ ਜੀ ਦੇ ਸਾਹਬਜ਼ਾਦੇ ਸ਼ਹੀਦ ਹੋਏ ਸਨ, ਨੂੰ ਸਿੱਖ ਸਰਾਪਿਆ ਹੋਇਆ ਸ਼ਹਿਰ ਸਮਝਦੇ ਸਨ। ਮਰਾਠਿਆਂ ਨੇ ਅਦੀਨਾ ਬੇਗ ਅਤੇ ਦਲ ਖਾਲਸਾ ਨੂੰ ਵੀ ਆਪਣੀ ਸਹਾਇਤਾ ਲਈ ਬੁਲਾ ਲਿਆ। ਸਰਹੰਦ ਤੇ ਕਬਜ਼ਾ ਹੋ ਗਿਆ ਅਤੇ ਸ਼ਹਿਰ ਨੂੰ ਸਿੱਖਾਂ ਤੇ ਮਰਾਠਿਆਂ ਨੇ ਖੂਬ ਲੁੱਟਿਆ।

ਪੰਜਾਬ ਅਤੇ ਹਿਠਾੜ-ਸਤਲੁਜ ਖੇਤਰ ਤੇ ਮਰਾਠਿਆਂ ਦੇ ਕਬਜ਼ੇ ਨੂੰ ਅਹਿਮਦ ਸ਼ਾਹ ਦੁਰਾਨੀ ਸਹਿ ਨਹੀਂ ਸਕਦਾ ਸੀ। ਉਸ ਨੇ ਭਾਰਤ ਤੇ ਹੱਲਾ ਕਰ ਦਿੱਤਾ। ਮਰਾਠਿਆਂ ਦੇ ਸਰਦਾਰ ਸੰਭਾ ਜੀ ਆਪਣੇ ਆਪ ਨੂੰ ਦੁਰਾਨੀ ਦੇ ਟਾਕਰੇ ਦੇ ਯੋਗ ਨਾ ਸਮਝਦੇ ਹੋਏ, ਲਾਹੌਰ ਤੋਂ ਪਿੱਛੇ ਹਟ ਗਿਆ। ਲਾਹੌਰ ਤੇ ਜਹਾਨ ਖ਼ਾਨ ਨੇ ਕਬਜ਼ਾ ਕਰ ਲਿਆ। ਮਰਾਠਿਆਂ ਦਾ ਨਿਯੁਕਤ ਕੀਤਾ ਸਰਹੰਦ ਦਾ ਸੂਬੇਦਾਰ ਸਾਦਿਕ ਬੇਗ ਖ਼ਾਨ, ਅਦੀਨਾ ਬੇਗ ਦੀ ਵਿਧਵਾ ਅਤੇ ਪੁੱਤਰ ਅਫ਼ਗਾਨਾਂ ਦੇ ਹੱਲੇ ਦੀ ਖ਼ਬਰ ਸੁਣਕੇ ਭੱਜ ਗਏ। ਅਹਿਮਦ ਸ਼ਾਹ ਦੁਰਾਨੀ ਸਰਹੰਦ ਵਿਖੇ ਨਵੰਬਰ,1759 ਵਿਚ ਪੁਜਿਆ।

ਅਬਦਾਲੀ ਨੂੰ ਵਧਣ ਤੋਂ ਰੋਕਣ ਲਈ ਪੇਸ਼ਵਾ ਨੇ 'ਸਦਾ ਸ਼ਿਵ ਰਾਉਂ ਨੂੰ ਭੇਜਿਆ। ਦਿੱਲੀ ਤੇ ਕਬਜ਼ਾ ਕਰਨ ਪਿੱਛੋਂ ਸਦਾ ਸ਼ਿਵ ਰਾਊ ਕੁੰਜਪੁਰਾ ਵੱਲ ਵਧਿਆ। ਉਸ ਨੇ ਕੁੰਜਪੁਰਾ ਤੇ

ਕਬਜ਼ਾ ਕਰ ਲਿਆ ਅਤੇ ਬਹੁਤ ਲੁੱਟ ਦਾ ਮਾਲ ਉਸ ਦੇ ਹੱਥ ਲੱਗਿਆ। ਮਰਾਠਿਆਂ ਨਾਲ ਕੁੰਜਪੁਰੇ ਦੀ ਲੜਾਈ ਵਿਚ ਆਲਾ ਸਿੰਘ ਦੇ ਸ਼ਕਤੀਸ਼ਾਲੀ ਵੈਰੀ ਅਬਦੁਲ ਸਮਦ ਖ਼ਾਨ ਦੀ ਮੌਤ ਹੋ ਗਈ।

ਕੁੰਜਪੁਰੇ ਦੀ ਜਿੱਤ ਪਿੱਛੋਂ, ਬਾਬਾ ਆਲਾ ਸਿੰਘ ਜੀ ਦੀ ਮਹੱਤਤਾ ਬਹੁਤ ਵਧ ਗਈ। ਸਦਾ ਸ਼ਿਵ ਰਾਉ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਰਜਾ-ਉਦ-ਦੌਲਾ ਨਜੀਬ ਖ਼ਾਨ ਰੁਹੇਲੇ ਨਾਲ ਮਿਲ ਗਿਆ। ਸੂਰਜ ਮਲ ਜਾਟ ਵੀ ਦਿੱਲੀ ਦੀ ਜਿੱਤ ਪਿੱਛੋਂ ਮਰਾਠਿਆਂ ਦਾ ਸਾਥ ਛੱਡ ਗਿਆ। ਸਦਾ ਸ਼ਿਵ ਰਾਉ ਆਲਾ ਸਿੰਘ ਨਾਲ ਗੰਢ-ਤੁਪ ਕਰਨ ਲਈ ਬਹੁਤ ਚਾਹਵਾਨ ਸੀ। ਉਸਦੀ ਯੋਜਨਾ ਇਹ ਸੀ ਕਿ ਸਰਹੰਦ ਦੇ ਕਬਜ਼ੇ ਤੋਂ ਪਿੱਛੋਂ, ਆਲਾ ਸਿੰਘ ਦੇ ਦੂਜੇ ਹਿਠਾੜ-ਸਤਲੁਜ ਖੇਤਰ ਦੇ ਜਿਮੀਂਦਾਰਾਂ ਨਾਲ ਮਿਲਕੇ ਅਹਿਮਦਸ਼ਾਹ ਵਿਰੁੱਧ ਲੜਾਈ ਲੜੀ ਜਾਵੇ।

ਮਕਾਰ ਅਹਿਮਦ ਸ਼ਾਹ ਅਬਦਾਲੀ ਨੇ ਸਦਾ ਸ਼ਿਵ ਰਾਉ ਦੀ ਇਹ ਯੋਜਨਾ ਸਫਲ ਨਹੀਂ ਹੋਣ ਦਿੱਤੀ। ਕੁੰਜਪੁਰਾ ਦੀ ਮਰਾਠਿਆਂ ਦੀ ਜਿੱਤ ਨੇ ਉਸ ਨੂੰ ਬਹੁਤ ਨਾਰਾਜ਼ ਕਰ ਦਿੱਤਾ। ਉਸ ਨੇ ਦਰਿਆ ਜਮਨਾ ਨੂੰ ਬਾਗਪਤ ਘਾਟ ਤੋਂ ਪਾਰ ਕੀਤਾ। ਉਹ ਸੋਨੀਪਤ ਦੇ ਸਥਾਨ ਤੇ ਆਇਆ ਅਤੇ ਮਰਾਠਿਆਂ ਦਾ ਸੰਬੰਧ ਦਿੱਲੀ ਅਤੇ ਦੱਖਣ ਨਾਲੋ ਤੋੜ ਦਿੱਤਾ। ਅਬਦਾਲੀ ਦਾ ਟਾਕਰਾ ਕਰਨ ਲਈ ਰਾਉ ਪਾਣੀਪਤ ਨੂੰ ਵਾਪਸ ਮੁੜ ਗਿਆ। ਰਾਉ ਨੇ ਆਪਣੇ ਇਕ ਪ੍ਰਤਿਨਿਧੀ ਲਕਸ਼ਮਨ ਆਪਾ ਜੀ ਏਕ ਬੋਟ ਨੂੰ ਆਲਾ ਸਿੰਘ ਪਾਸ ਭੇਜਿਆ। ਉਹ ਆਲਾ ਸਿੰਘ ਪਾਸ ਪਾਣੀਪਤ ਦੀ ਲੜਾਈ ਦੀ ਹਾਰ ਤੋਂ ਪਿੱਛੋਂ ਤੱਕ ਰਿਹਾ। ਇਹ ਉਸਦੇ ਪੇਸ਼ਵਾ ਨੂੰ ਲਿਖੇ ਪੱਤਰ ਤੋਂ ਸਾਬਤ ਹੁੰਦਾ ਹੈ।

ਬਾਬਾ ਆਲਾ ਸਿੰਘ ਦੀ ਮਹਤੱਤਾ ਇਤਨੀ ਵਧ ਚੁੱਕੀ ਸੀ ਕਿ ਉਨ੍ਹਾਂ ਦਾ ਪੇਸ਼ਵਾ ਵਿਚਕਾਰ ਪੱਤਰ-ਵਿਵਹਾਰ ਚਲਣ ਲੱਗ ਪਿਆ। ਪੇਸ਼ਵਾ ਨੇ ਖੁਦ ਉਨ੍ਹਾਂ ਨੂੰ ਪੱਤਰ ਲਿਖੇ ਜਿਨ੍ਹਾਂ ਦਾ ਉਤਰ ਬਾਬਾ ਆਲਾ ਸਿੰਘ ਨੇ ਦਿੱਤਾ ਸੀ। ਇਹ ਲਕਸ਼ਮਨ ਆਪਾ ਜੀ ਏਕਬੋਟ ਦੇ ਪੇਸ਼ਵਾ ਨੂੰ ਲਿਖੇ ਨਿਮਨ ਪੱਤਰ ਦੀ ਟੂਕ ਤੋਂ ਪ੍ਰਤੱਖ ਹੁੰਦਾ ਹੈ।

"ਆਪ ਨੇ ਕੁਝ ਪੱਤਰ ਆਲਾ ਸਿੰਘ ਨੂੰ ਭੇਜੇ ਜਿਨ੍ਹਾਂ ਦਾ ਉਤਰ ਜਾਟ ਨੇ ਦਿੱਤਾ। ਸਾਰੇ ਵੇਰਵੇ ਦਾ ਪਤਾ ਉਨ੍ਹਾਂ ਤੋਂ ਹੀ ਲੱਗੇਗਾ।"

ਮਹਾਰਾਜਾ ਆਲਾ ਸਿੰਘ ਨੇ ਮਰਾਠਿਆਂ ਨੂੰ ਪਾਣੀਪਤ ਦੀ ਲੜਾਈ ਵਿਚ ਰਸਦ ਪਹੁੰਚਾ ਕੇ ਆਪਣੀ ਮਿਤੱਰਤਾ ਦਾ ਸਬੂਤ ਦਿੱਤਾ ਸੀ। ਅਬਦਾਲੀ ਨੇ ਮਰਾਠਿਆਂ ਦੇ ਲਸ਼ਕਰ ਵਿਚ ਰਸਦ ਦਾਣੇ ਦਾ ਪਹੁੰਚਣਾ ਰੋਕ ਲਿਆ ਸੀ ਅਤੇ ਰਸਦ ਨੂੰ ਲੁੱਟ ਲਿਆ ਜਾਂਦਾ ਸੀ। ਲਖਾਂ ਮਰਾਠੇ ਰੋਜ਼ ਦੋ ਵੇਲੇ ਖਾਣ ਵਾਲੇ ਜਮ੍ਹਾਂ ਕੀਤੀ ਰਸਦ ਕਿਤਨੀ ਦੇਰ ਤੱਕ ਖਾ ਸਕਦੇ ਸਨ।

ਹਰ ਰਾਤ ਪੰਜ ਹਜ਼ਾਰ ਦੁਰਾਨੀ ਘੋੜ ਸਵਾਰ ਸੈਨਿਕ ਮਰਾਠਾ ਛਾਉਣੀ ਦੇ ਜਿਤਨਾ ਨੇੜੇ ਵੀ ਉਹ ਜਾ ਸਕਦੇ ਸੀ ਜਾਂਦੇ, ਸਾਰੀ ਰਾਤ ਨਿਗਰਾਨੀ ਕਰਦੇ ਕਿ ਰਸਦ ਮਰਾਠਾ ਛਾਉਣੀ ਵਿਚ ਨਾ ਜਾਵੇ। ਪੰਜ ਹਜ਼ਾਰ ਘੋੜ ਸਵਾਰਾਂ ਦੀ ਟੁਕੜੀ ਜਿਸਦੀ ਅਗਵਾਈ ਸ਼ਾਹ ਪਸੰਦ ਖ਼ਾਨ

ਅਤੇ ਜਹਾਨ ਖ਼ਾਨ ਕਰਦੇ ਸਨ ਨੇ ਮਰਾਠਾ ਛਾਉਣੀ ਵਿਚ ਰਸਦ ਦਾ ਪਹੁੰਚਣਾ ਬੰਦ ਕਰ ਦਿੱਤਾ ਸੀ। ਮਰਾਠਿਆਂ ਦੀ ਸੈਨਾ ਦੇ ਜੋ ਦਸਤੇ ਰਾਤ ਨੂੰ ਰਸਦ ਲਿਆਉਣ ਲਈ ਭੇਜੇ ਜਾਂਦੇ ਉਨ੍ਹਾਂ ਨੂੰ ਅਬਦਾਲੀ ਦੇ ਸੈਨਿਕ ਘੇਰ ਲੈਂਦੇ ਅਤੇ ਮਾਰ ਦਿੰਦੇ। ਰਸਦ ਰੋਕਣ ਨਾਲ ਮਰਾਠਿਆਂ ਦਾ ਭੁੱਖ ਦੇ ਮਾਰੇ ਬੁਰਾ ਹਾਲ ਹੋ ਗਿਆ। ਉਨ੍ਹਾਂ ਨੇ ਪਸ਼ੂਆਂ ਦੀਆਂ ਹੱਡੀਆਂ ਦਾ ਆਟਾ ਬਣਾ ਕੇ ਖਾਣਾ ਆਰੰਭ ਕੀਤਾ। ਬਹੁਤ ਸਾਰੇ ਘੋੜੇ ਚਾਰਾ ਨਾ ਮਿਲਣ ਕਰਕੇ ਮਰ ਗਏ ਉੱਥੇ ਨਾ ਦਾਣਾ ਸੀ ਅਤੇ ਨਾ ਘਾਹ ਸੀ। ਇਸ ਸਖ਼ਤੀ ਕਾਰਨ ਬਹੁਤ ਮਰਾਠੇ ਮਰ ਗਏ।

ਔਕੜ ਦੇ ਅਜਿਹੇ ਸਮੇਂ ਮਹਾਰਾਜਾ ਆਲਾ ਸਿੰਘ ਜੀ ਨੇ ਮਰਹੱਟਿਆਂ ਨੂੰ ਰਸਦ ਪੁਚਾਉਣੀ ਸ਼ੁਰੂ ਕੀਤੀ। ਅਬਦਾਲੀ ਦੀ ਸੈਨਾ ਭਾਵੇਂ ਸੌ ਚੌਕਸੀ ਰਖਦੀ, ਪਰ ਮਹਾਰਾਜਾ ਜੀ ਦੀ ਭਾਰ ਬਰਾਦਰੀ ਗਿਲਜਿਆਂ ਦੇ ਹੱਥ ਨਾ ਪੈਂਦੀ। ਭਾਵੇਂ ਮਰਾਠਿਆਂ ਦੀ ਗਿਣਤੀ ਬਹੁਤ ਸੀ ਅਤੇ ਉਨ੍ਹਾਂ ਦੇ ਪਾਸ ਜੰਗ ਦਾ ਸਮਾਨ ਵੀ ਬਹੁਤ ਸੀ, ਪਰ ਉਨ੍ਹਾਂ ਦੀ ਹਾਰ ਦਾ ਕਾਰਨ ਰਸਦ ਦੀ ਕਮੀ ਅਤੇ ਆਰਥਕ ਕਮਜ਼ੋਰੀ ਸੀ। ਆਲਾ ਸਿੰਘ ਨੇ ਮਰਾਠਿਆਂ ਨੂੰ ਇਸ ਸੰਕਟ ਵੇਲੇ ਰਸਦ ਪਹੁੰਚਾਈ। ਪਾਣੀਪਤ ਦੀ ਲੜਾਈ ਵਿਚ ਮਰਾਠਿਆਂ ਦੀ ਹਾਰ ਪਿੱਛੋਂ ਵੀ ਬਾਬਾ ਆਲਾ ਸਿੰਘ ਜੀ ਨੇ; ਮਰਾਠਿਆਂ ਨਾਲ ਮਿਤੱਰਤਾ ਬਣਾਈ ਰੱਖੀ। ਉਨ੍ਹਾਂ ਨੇ ਮਰਾਠਿਆਂ ਨੂੰ ਸਰਣ ਦਿੱਤੀ। ਇਹ ਲਕਸ਼ਮਨ ਆਪਾ ਜੀ ਏਕਬੋਟ ਦੇ ਪੇਸ਼ਵਾ ਨੂੰ ਲਿਖੇ ਪੱਤਰ ਤੋਂ ਪ੍ਰਤੱਖ ਹੁੰਦਾ ਹੈ।

"ਮੈਨੂੰ ਰਾਉ ਨੇ ਸਰਹੰਦ ਪ੍ਰਤਿਨਿਧ ਨਿਯੁਕਤ ਕੀਤਾ ਸੀ। ਜਦੋਂ ਸਾਡੀ ਸੈਨਾ ਦੀ ਸ਼ਾਮਤ ਆਈ, ਲਕਸ਼ਮਨ ਨਾਰਾਇਣ ਨੇ ਹਿੰਦੁਸਤਾਨੀ ਹੋਣ ਕਾਰਨ ਆਪਣੇ ਲਈ ਥਾਂ ਪ੍ਰਾਪਤ ਕਰ ਲਈ। ਮੈਨੂੰ 50 ਜਾਂ 60 ਮਰਾਠਾ ਸਵਾਰਾਂ ਨਾਲ ਮੁਸੀਬਤ ਵਿਚ ਛੱਡ ਗਿਆ। ਕਦੀ ਵੀ ਥਾਂ ਨਹੀਂ ਸੀ ਇਕ ਭਾਰੀ ਭੀੜ ਸੀ। ਮੈਂ ਆਲਾ ਸਿੰਘ ਜਾਟ ਨੂੰ ਪਹੁੰਚ ਕੀਤੀ, ਉਸ ਨੇ ਆਪ ਦੇ ਸਨਮਾਨ ਨੂੰ ਮੁੱਖ ਰਖਦੇ ਹੋਏ, ਮੈਨੂੰ ਸ਼ਰਣ ਦਿੱਤੀ। ਮੈਂ ਹੁਣ ਤੱਕ ਉਨ੍ਹਾਂ ਦੇ ਨਾਲ ਹਾਂ।"

ਉਪਰ ਲਿਖੇ ਤੱਥਾ ਤੋਂ ਸਾਬਤ ਹੁੰਦਾ ਹੈ ਕਿ ਆਲਾ ਸਿੰਘ ਮਰਾਠਿਆਂ ਦਾ ਪੰਜਾਬ ਵਿਚ ਹਾਰਦਿਕ ਹਮਾਇਤੀ ਸਿੱਧ ਹੋਇਆ। ਬਾਬਾ ਆਲਾ ਸਿੰਘ ਨੇ ਉਨ੍ਹਾ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਅਤੇ ਸਰਹੱਦ ਦੀ ਲੜਾਈ ਵਿਚ ਉਨ੍ਹਾਂ ਦੀ ਸਹਾਇਤਾ ਕੀਤੀ। ਪੇਸ਼ਵਾ ਨਾਲ ਆਲਾ ਸਿੰਘ ਦਾ ਪੱਤਰ-ਵਿਵਹਾਰ ਸੀ। ਆਲਾ ਸਿੰਘ ਨੇ ਮਰਾਠਿਆਂ ਦੀ ਰਸਦ ਨਾਲ ਸਹਾਇਤਾ ਕੀਤੀ ਜਦੋਂ ਉਹ ਭੁੱਖੇ ਮਰ ਰਹੇ ਸਨ। ਮਰਾਠਿਆਂ ਦੀ ਪਾਣੀਪਤ ਦੀ ਲੜਾਈ ਵਿਚ ਹੋਈ ਹਾਰ ਪਿੱਛੋਂ ਉਸ ਨੇ ਮਰਾਠਾ ਭਗੌੜਿਆਂ ਨੂੰ ਸ਼ਰਣ ਦਿੱਤੀ। ਉਹ ਮਰਾਠਿਆਂ ਦਾ ਸਰਹੰਦ ਦੀ ਜਿੱਤ ਵੇਲੇ ਵੀ ਚੰਗਾ ਮਿਤੱਰ ਸਾਬਤ ਹੋਇਆ।

ਪਾਣੀਪਤ ਦੀ ਲੜਾਈ ਦੀ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਤਾ ਹੈ। ਸੰਨ 1752 ਤੋਂ 1761 ਤੱਕ, ਪੰਜਾਬ ਤੇ ਕਬਜ਼ਾ ਕਰਨ ਲਈ ਦੁਰਾਨੀਆਂ, ਮਰਾਠਿਆਂ, ਸਿੱਖਾਂ ਅਤੇ ਅਦੀਨਾ ਬੇਗ ਵਿਚ ਸੰਘਰਸ਼ ਸੀ। ਅਦੀਨਾ ਬੇਗ ਦੀ ਮ੍ਰਿਤੂ ਅਤੇ ਮਰਾਠਿਆਂ ਦੀ ਪਾਣੀਪਤ ਦੀ ਤੀਜੀ ਲੜਾਈ ਵਿਚ ਹਾਰ ਤੋਂ ਪਿੱਛੋਂ ਪੰਜਾਬ ਤੇ ਕਬਜ਼ਾ ਕਰਨ ਲਈ ਸਿੱਖਾਂ ਅਤੇ ਦੁਰਾਨੀਆਂ ਵਿਚ ਹੀ ਸੰਘਰਸ਼ ਰਹਿ ਗਿਆ।

-0-

ਕਾਂਡ ਨੌਂਵਾਂ

## ਦੁਰਾਨੀਆਂ ਨਾਲ ਸੰਬੰਧ

ਸੰਨ 1748 ਵਿਚ ਜਦੋਂ ਬਾਬਾ ਆਲਾ ਸਿੰਘ ਸੁਨਾਮ ਦੇ ਕਿਲ੍ਹੇ ਤੋਂ ਅਲੀ ਮੁਹੰਮਦ ਖ਼ਾਨ ਦੀ ਨਜ਼ਰਬੰਦੀ ਤੋਂ ਬਚ ਕੇ ਆ ਗਏ, ਉਸ ਵੇਲੇ ਅਹਿਮਦ ਸ਼ਾਹ ਅਬਦਾਲੀ ਦੇ ਹੱਲੇ ਦੀ ਚਰਚਾ ਜ਼ੋਰਾਂ ਤੇ ਸੀ। ਅਹਿਮਦ ਸ਼ਾਹ ਨੇ ਪਹਿਲਾ ਹੱਲਾ 1748 ਵਿਚ ਕੀਤਾ। ਉਸ ਨੇ ਪਿਸ਼ਾਵਰ ਨੂੰ ਜਿੱਤਿਆ ਅਤੇ ਲਾਹੌਰ ਵੱਲ ਕੂਚ ਕਰਨ ਦਾ ਇਰਾਦਾ ਕੀਤਾ। ਇਸ ਗੜਬੜੀ ਤੋਂ ਲਾਭ ਉਠਾਉਣ ਲਈ ਅਲੀ ਮੁਹੰਮਦ ਖ਼ਾਨ ਨੇ ਸਰਹੰਦ ਦੇ ਫ਼ੌਜਦਾਰ ਦੇ ਅਹੁਦੇ ਨੂੰ ਆਪਣੀ ਮਰਜ਼ੀ ਨਾਲ ਛੱਡ ਦਿੱਤਾ ਅਤੇ ਆਪਣੇ ਦੇਸ਼ ਕਟੇਹਰ ਚਲਾ ਗਿਆ। ਅਜਿਹਾ ਕਰਨ ਲਈ ਪਹਿਲਾ ਇਹ ਕਾਰਨ ਸੀ ਕਿ ਜੇ ਉਹ ਸਰਹੰਦ ਰਹਿੰਦਾ ਤਾਂ ਉਸ ਨੂੰ ਵਜ਼ੀਰ ਕੁਮਰ-ਉਦ-ਦੀਨ ਦੇ ਦਬਾਉ ਹੇਠ ਆਪਣੀ ਕੌਮ ਦੇ ਅਫ਼ਗਾਨ ਅਹਿਮਦ ਸ਼ਾਹ ਅਬਦਾਲੀ ਨਾਲ ਲੜਨਾ ਪੈਂਦਾ। ਦੂਜੇ ਉਹ ਸ਼ਾਹੀ ਖਜ਼ਾਨੇ ਵਿਚ ਸਰਹੰਦ ਦਾ ਮਾਲੀਆ ਜਮ੍ਹਾ ਕਰਾਉਣ ਤੋਂ ਬਚ ਗਿਆ।

ਗੁਲਿਸਤਾਨੇ ਰਹਿਮਤ ਦਾ ਲੇਖਕ ਲਿਖਦਾ ਹੈ ਕਿ ਜਦੋਂ ਮੁਹੰਮਦ ਸ਼ਾਹ ਟਾਕਰੇ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਉਸ ਨੂੰ ਡਰ ਸੀ ਕਿ ਅਲੀ ਮੁਹੰਮਦ ਖ਼ਾਨ ਆਪਣੇ ਵੀਹ ਹਜ਼ਾਰ ਸਵਾਰਾਂ ਨਾਲ ਅਹਿਮਦ ਸ਼ਾਹ ਨਾਲ ਨਾ ਮਿਲ ਜਾਵੇ। ਜਦੋਂ ਮਾਮਲੇ ਬਾਰੇ ਵਜ਼ੀਰ ਨਾਲ ਰਾਏ ਕੀਤੀ ਤਾਂ ਵਜ਼ੀਰ ਨੇ ਅਲੀ ਮੁਹੰਮਦ ਖ਼ਾਨ ਦੀ ਸਰਹੰਦ ਤੋਂ ਕਟੇਹਰ ਬਦਲੀ ਦੀ ਰਾਏ ਦਿੱਤੀ। ਮੁਹੰਮਦ ਸ਼ਾਹ ਨੇ ਰਾਏ ਨੂੰ ਮੰਨ ਲਿਆ ਅਤੇ ਬਦਲੀ ਦੇ ਆਦੇਸ਼ ਜਾਰੀ ਕਰ ਦਿੱਤੇ।

ਅਹਿਮਦ ਸ਼ਾਹ ਦੇ ਟਾਕਰੇ ਲਈ, ਮੁਗਲ ਸਮਰਾਟ ਮੁਹੰਮਦ ਸ਼ਾਹ ਨੇ ਆਪਣੇ ਪੁੱਤਰ ਸ਼ਹਿਜਾਦਾ ਅਹਿਮਦ ਨੂੰ ਇਕ ਸ਼ਕਤੀਸ਼ਾਲੀ ਸੈਨਾ ਨਾਲ ਸਰਹੰਦ ਵੱਲ ਭੇਜਿਆ। ਅਬਦੁਲ ਕਰੀਮ ਲਿਖਦੇ ਹਨ ਕਿ ਸ਼ਹਿਜ਼ਾਦੇ ਨਾਲ ਨਵਾਬ ਕੁਮਰ-ਉਦ-ਦੀਨ ਵਜ਼ੀਰ ਅਤੇ ਨਵਾਬ ਅਬੁਲਮ ਨਸੂਰ ਖ਼ਾਨ ਸਫ਼ਦਰ ਜੰਗ ਅਤੇ ਵੱਡੇ-ਵੱਡੇ ਅਮੀਰ ਭੇਜੇ ਸੀ। ਜੈਪੁਰ ਦਾ ਰਾਜਾ ਕੇਸਰੀ ਸਿੰਘ, ਸਰਹੰਦ ਦਾ ਜਿਮੀਂਦਾਰ ਅਤੇ ਪਟਿਆਲੇ ਦਾ ਜ਼ਿੰਮੀਦਾਰ ਆਲਾ ਸਿੰਘ ਵੀ ਨਾਲ ਮਿਲ ਗਏ। ਸਰਹੰਦ ਨੂੰ ਰਸਦ ਅਤੇ ਅਸਲਾ ਭੇਜਣ ਲਈ ਟਿਕਾਣਾ ਬਣਾ ਕੇ ਸ਼ਹਿਜਾਦੇ ਨੇ ਮਾਛੀਵਾੜੇ ਵੱਲ ਧਾੜਵੀ ਨੂੰ ਰੋਕਣ ਲਈ ਕੂਚ ਕੀਤਾ। ਅਬਦਾਲੀ ਨੇ ਸਤਲੁਜ ਨੂੰ ਲੁਧਿਆਣੇ ਕੋਲੋਂ ਪਾਰ ਕਰ ਲਿਆ ਅਤੇ ਸਰਹੰਦ ਪਹੁੰਚ ਗਿਆ। ਸਰਹੰਦ ਦੇ ਕਿਲ੍ਹੇ ਵਿਚ ਰਖੀ ਸੈਨਾ ਨੇ ਕੁਝ ਟਾਕਰੇ ਪਿੱਛੋਂ ਕਿਲ੍ਹਾ ਅਬਦਾਲੀ ਦੇ ਹਵਾਲੇ ਕਰ ਦਿੱਤਾ। ਸ਼ਾਹੀ ਖਜ਼ਾਨਾ, ਤੋਪਖਾਨਾ ਅਤੇ

ਸ਼ਾਹੀ ਸੈਨਾ ਵਲੋਂ ਛੱਡੀਆਂ ਇਸਤ੍ਰੀਆਂ ਉੱਤੇ ਅਬਦਾਲੀ ਨੇ ਕਬਜ਼ਾ ਕਰ ਲਿਆ। ਇਸ ਦੀ ਸੂਚਨਾ ਮਿਲਣ ਤੇ ਸਹਿਜ਼ਾਦਾ ਅਹਿਮਦ ਸੈਨਾ ਨਾਲ ਮਾਛੀਵਾੜੇ ਤੋਂ ਮਨੂਪੁਰ ਵਾਪਸ ਮੁੜਿਆ ਜਿੱਥੇ ਸੋਲਾਂ ਦਿਨ ਲੜਾਈ ਹੁੰਦੀ ਰਹੀ।

ਸਰਦਾਰ ਆਲਾ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਵਿਰੁੱਧ ਲੜਾਈ ਵਿਚ ਵਧ ਚੜ੍ਹਕੇ ਭਾਗ ਲਿਆ। ਉਸ ਨੇ ਦੁਰਾਨੀਆਂ ਦੀ ਰਸਦ ਬੰਦ ਕਰਨ ਦਾ ਚੰਗਾ ਪ੍ਰਬੰਧ ਕਰ ਦਿੱਤਾ ਸੀ। ਜਦੋਂ ਅਫ਼ਗਾਨ ਸੈਨਿਕ ਟੁਕੜੀ ਅਨਾਜ ਅਤੇ ਘਾਹ ਲੈਣ ਲਈ ਜਾਂਦੀ ਸੀ, ਉਹ ਕਦੇ ਵੀ ਵਾਪਸ ਨਹੀ ਆਉਂਦੀ ਸੀ। ਕਈ ਵਾਰੀ ਉਨ੍ਹਾਂ ਦੇ ਸਵਾਰਾਂ ਦੀ ਟੁਕੜੀ ਆਪਣੇ ਘੋੜਿਆਂ ਅਤੇ ਊਠਾਂ ਨਾਲ ਛਾਉਣੀ ਤੋਂ ਕੁਝ ਮੀਲ ਰਸਦ ਅਤੇ ਚਾਰਾ ਲੈਣ ਲਈ ਜਾਂਦੀ ਸੀ ਅਤੇ ਉਨ੍ਹਾਂ ਦੇ ਪਿੱਛੇ ਦੂਜੀ ਟੁਕੜੀ ਉਨ੍ਹਾਂ ਦੀ ਸੁਰੱਖਿਆ ਲਈ ਜਾਂਦੀ ਸੀ। ਬਹੁਤ ਵਾਰੀ, ਭਾਗਾਂ ਨਾਲ ਆਲਾ ਸਿੰਘ ਅਤੇ ਰਾਏ ਕਲ੍ਹਾ ਦੁਆਬਾ ਦਾ ਜ਼ਿਮੀਦਾਰ, ਉਨ੍ਹਾਂ ਤੇ ਬੜੀ ਦਲੇਰੀ ਅਤੇ ਹੌਂਸਲੇ ਨਾਲ ਟੁਟ ਪੈਂਦੇ ਸਨ, ਉਨ੍ਹਾਂ ਵਿਚੋਂ ਬਹੁਤ ਨੂੰ ਮਾਰ ਦਿੰਦੇ ਸਨ। ਅਤੇ ਜ਼ਖਮੀ ਕਰ ਦਿੰਦੇ ਸਨ। ਉਨ੍ਹਾਂ ਦੇ ਘੋੜਿਆਂ ਅਤੇ ਊਠਾਂ ਦੀਆਂ ਕਤਾਰਾਂ ਦੀਆਂ ਕਤਾਰਾਂ ਲੈ ਆਉਂਦੇ ਸਨ ਅਤੇ ਸਿੱਟੇ ਵਜੋਂ ਸ, ਆਲਾ ਸਿੰਘ ਦਾ ਘੋੜਿਆ, ਨਕਦੀ ਅਤੇ ਖਿਲਤ ਨਾਲ ਸਤਿਕਾਰ ਕੀਤਾ ਜਾਂਦਾ ਸੀ।

ਮਨੂਪੁਰ ਦੀ ਲੜਾਈ ਵਿਚ ਵਜ਼ੀਰ ਕੁਮਰ-ਉਦ-ਦੀਨ ਗੋਲੀ ਨਾਲ ਮਾਰਿਆ ਗਿਆ। ਉਸਦੇ ਪੁੱਤਰ ਮੀਰ ਮੰਨੂੰ ਨੇ ਹੌਂਸਲਾ ਨਾ ਹਾਰਿਆ ਅਤੇ ਵੈਰੀ ਦਾ ਡਟ ਕੇ ਟਾਕਰਾ ਕੀਤਾ। ਜ਼ਕਰੀਆ ਖ਼ਾਨ ਦੇ ਪੁੱਤਰ ਸ਼ਾਹ ਨਵਾਜ਼ ਖ਼ਾਨ ਤੋਂ ਜਿਹੜੀਆਂ ਤੋਪਾਂ ਉੱਤੇ ਅਬਦਾਲੀ ਨੇ ਲਾਹੌਰ ਵਿਖੇ ਕਬਜ਼ਾ ਕੀਤਾ ਸੀ, ਨੂੰ ਅੱਗ ਲੱਗ ਗਈ ਜਿਸ ਨਾਲ ਅਬਦਾਲੀ ਦੀ ਸੈਨਾ ਵਿਚ ਭਾਜੜ ਪੈ ਗਈ। ਸ਼ਹਿਜ਼ਾਦਾ ਅਹਿਮਦ ਤੇ ਮੀਰ ਮੰਨੂੰ ਦੀ ਜਿੱਤ ਹੋਈ ਅਤੇ ਅਹਿਮਦਸ਼ਾਹ ਅਬਦਾਲੀ ਕਾਬਲ ਅਤੇ ਕੰਧਾਰ ਵੱਲ ਮੁੜ ਗਿਆ। ਸ਼ਹਿਜ਼ਾਦਾ ਅਹਿਮਦ ਨੇ ਆਲਾ ਸਿੰਘ ਦੀ ਬਹਾਦਰੀ ਦੀ ਬੜੀ ਸ਼ਲਾਘਾ ਕੀਤੀ ਅਤੇ ਉਸ ਨੂੰ ਲੜਾਈ ਦੀ ਜਿੱਤ ਸਮੇਂ ਇਕ ਸ਼ਾਨਦਾਰ ਖ਼ਿਲਤ ਪ੍ਰਦਾਨ ਕੀਤੀ।

ਆਲਾ ਸਿੰਘ ਨੂੰ ਸ਼ਾਹੀ ਖਿਲਤ ਦੇਣ ਨਾਲ ਉਨ੍ਹਾਂ ਤੇ ਲਗਿਆ ਕੈਦ ਦਾ ਧੱਕਾ ਮਿਟ ਗਿਆ ਅਤੇ ਉਨ੍ਹਾਂ ਦਾ ਰਸੂਖ ਇਲਾਕੇ ਦੇ ਸਰਦਾਰਾਂ ਦੀਆਂ ਨਜ਼ਰਾਂ ਵਿਚ ਵਧ ਗਿਆ। ਇਸ ਖਿਲਤ ਨੇ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਾ ਦਿੱਤਾ ਅਤੇ ਉਨ੍ਹਾਂ ਨੂੰ ਅਗਲੀ ਜਿੱਤ ਅਤੇ ਆਪਣੇ ਇਲਾਕੇ ਦੇ ਵਾਧੇ ਲਈ ਉਤਸ਼ਾਹ ਦਿੱਤਾ।

ਸੰਨ 1757 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਅਬਦੁਲ ਸਮਦ ਖਾਨ ਨੂੰ ਸਰਹੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਰਿਵਾਜ ਅਨੁਸਾਰ ਸਰਦਾਰ ਆਲਾ ਸਿੰਘ ਨੇ ਉਸ ਸਾਹਮਣੇ ਅਧੀਨਗੀ ਸਵੀਕਾਰ ਕਰਨ ਲਈ ਹਾਜ਼ਰ ਹੋਇਆ। ਅਬਦੁਲ ਸਮਦ ਖ਼ਾਨ ਤੇ ਸਰਦਾਰ ਆਲਾ

ਸਿੰਘ ਦਾ ਇਤਨਾ ਅਸਰ ਹੋਇਆ ਕਿ ਉਹ ਰਾਜ ਦੇ ਸਾਰੇ ਮਹੱਤਵਪੂਰਨ ਮਾਮਲਿਆਂ ਵਿਚ ਉਸ ਦੀ ਸਲਾਹ ਲੈਣ ਲੱਗਾ। ਮੁਹੰਮਦ ਅਮੀਨ ਖ਼ਾਨ ਭੱਟੀ ਆਲਾ ਸਿੰਘ ਦੀ ਵਧਦੀ ਸ਼ਕਤੀ ਨੂੰ ਸਹਿਣ ਨਹੀਂ ਕਰ ਸਕਦਾ ਸੀ। ਕਿਉਂਕਿ ਆਲਾ ਸਿੰਘ ਨੇ ਉਸ ਨੂੰ ਖੁਡਾਲ ਦੀ ਲੜਾਈ ਵਿਚ ਹਾਰ ਦਿੱਤੀ ਸੀ। ਉਸ ਨੇ ਅਬਦੁਲ ਸਮਦ ਨਾਲ ਆਪਣੀ ਲੜਕੀ ਦਾ ਵਿਆਹ ਕਰ ਦਿੱਤਾ ਅਤੇ ਉਸ ਨੇ ਅਬਦੁਲ ਸਮਦ ਨੂੰ ਆਲਾ ਸਿੰਘ ਦੀ ਵਧਦੀ ਸ਼ਕਤੀ ਕੁਚਲਣ ਲਈ ਉਕਸਾਇਆ।

ਲੜਾਈ ਦਾ ਤੁਰੰਤ ਕਾਰਨ ਸੂਬੇਦਾਰ ਸਰਹੰਦ ਦੇ ਦੀਵਾਨ ਲੱਛਮੀ ਨਾਰਾਇਣ ਦਾ ਭੱਜ ਕੇ ਸਨੌਰ ਆਉਣਾ ਸੀ। ਉਸ ਨੇ ਆਲਾ ਸਿੰਘ ਦੇ ਸਨੌਰ ਵਿਚ ਨਿਯੁਕਤ ਅਫ਼ਸਰ ਗੁਰਬਖਸ਼ ਸਿੰਘ ਕੋਲ ਸ਼ਰਣ ਲਈ। ਅਬਦੁਲ ਸਮਦ ਨੇ ਗੁਰਬਖਸ਼ ਸਿੰਘ ਦੇ ਭਗੌੜੇ ਨੂੰ ਸ਼ਰਣ ਦੇਣ ਕਾਰਨ ਸਨੌਰ ਉੱਤੇ ਚੜ੍ਹਾਈ ਕਰ ਦਿੱਤੀ। ਆਲਾ ਸਿੰਘ ਵੀ ਆਪਣੀ ਸੈਨਾ ਨਾਲ ਸਨੌਰ ਪੁਜ ਗਿਆ। ਪਿੱਛੋਂ ਲੱਛਮੀ ਨਾਰਾਇਣ ਨੂੰ ਸਨੌਰ ਤੋਂ ਪਟਿਆਲੇ ਲੈ ਆਂਦਾ। ਪਟਿਆਲੇ ਦੀ ਕੱਚੀ ਗੜ੍ਹੀ ਨੂੰ ਅਸੁਰੱਖਿਅਤ ਸਮਝਦੇ ਹੋਏ ਆਲਾ ਸਿੰਘ ਢੋਡਿਆ ਕਿਲ੍ਹੇ ਨੂੰ ਚਲਿਆ ਗਿਆ। ਅਬਦੁਲ ਸਮਦ ਖ਼ਾਨ ਨੇ ਕਿਲ੍ਹੇ ਨੂੰ ਘੇਰ ਲਿਆ। ਆਲਾ ਸਿੰਘ ਦੇ ਸੈਨਿਕ ਕਿਲ੍ਹੇ ਵਿਚੋਂ ਬਾਹਰ ਆਉਂਦੇ ਸਨ ਅਤੇ ਵੈਰੀ ਨੂੰ ਪਿੱਛੇ ਧਕੇਲ ਦਿੰਦੇ ਸਨ ਉਹ ਸਰਹੰਦ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਵੀ ਲੁੱਟਣ ਲੱਗੇ। ਇਕ ਵੱਡੀ ਲੜਾਈ ਵਿਚ ਸੂਬੇਦਾਰ ਨੂੰ ਹਾਰ ਹੋਈ। ਆਲਾ ਸਿੰਘ ਨੇ ਅਦੁੱਤੀ ਸੂਝ-ਬੂਝ ਦਿਖਾਈ। ਉਸ ਨੇ ਮਰਾਠਿਆਂ ਨੂੰ ਸਰਹੰਦ ਤੇ ਹੱਲਾ ਕਰਨ ਲਈ ਬੁਲਾਇਆ। ਜਦੋਂ ਅਬਦੁਲ ਸਮਦ ਨੂੰ ਸਰਹੰਦ ਤੇ ਹੱਲੇ ਦੀ ਸੂਚਨਾ ਮਿਲੀ, ਉਹ ਸਰਹੰਦ ਵੱਲ ਮੁੜ ਗਿਆ।

ਅਬਦੁਲ ਸਮਦ ਖ਼ਾਨ ਨੇ ਸਰਹੰਦ ਦੇ ਕਿਲ੍ਹੇ ਵਿਚ ਮੋਰਚਾਬੰਦੀ ਕਰ ਲਈ ਪਰ ਉਹ ਮਰਾਠਿਆਂ ਦਾ ਟਾਕਰਾ ਨਾ ਕਰ ਸਕਿਆ। ਮਰਾਠਿਆਂ ਨੇ ਸਰਹੰਦ ਲੁੱਟ ਲਿਆ। ਅਬਦੁਲ ਸਮਦ ਨੂੰ ਪਕੜ ਲਿਆ ਅਤੇ ਉਸ ਨੂੰ ਕੈਦੀ ਦੇ ਤੋਰ ਤੇ ਮਰਾਨਾ ਛਾਉਣੀ ਵਿਚ ਲਾਹੌਰ ਲੈ ਗਏ।

ਜਲਦੀ ਹੀ ਅਬਦੁਲ ਸਮਦ ਖਾਨ ਮਰਾਠਿਆਂ ਦੀ ਛਾਉਣੀ ਤੋਂ ਭੱਜ ਗਿਆ ਅਤੇ ਮੁਹੰਮਦ ਅਮੀਨ ਖ਼ਾਨ ਭੱਟੀ ਨਾਲ ਮਿਲ ਗਿਆ। ਆਲਾ ਸਿੰਘ ਨਾਲ ਉਨ੍ਹਾਂ ਦਾ ਟਾਕਰਾ ਰਾਮਪੁਰ ਦੇ ਸਥਾਨ ਤੇ ਹੋਇਆ ਜਿਸ ਵਿਚ ਉਨ੍ਹਾਂ ਨੂੰ ਹਾਰ ਹੋਈ ਅਤੇ ਜਮਾਲਪੁਰ ਅਤੇ ਧਰਸੂਲ ਦੇ ਪਰਗਨੇ ਜਿਨ੍ਹਾਂ ਵਿਚ 84 ਪਿੰਡ ਸਨ ਆਲਾ ਸਿੰਘ ਨੇ ਆਪਣੇ ਕਬਜ਼ੇ ਵਿਚ ਕਰ ਲਏ।

ਅਕਤੂਬਰ, 1959 ਵਿਚ ਅਹਿਮਦਸ਼ਾਹ ਅਬਦਲੀ ਨੇ ਭਾਰਤ ਤੇ ਪੰਜਵਾਂ ਹੱਲਾ ਕੀਤਾ। ਅਹਿਮਦ ਸ਼ਾਹ ਨੇ ਮਰਾਠਿਆਂ ਨੂੰ ਪਾਣੀਪਤ ਦੀ ਤੀਜੀ ਲੜਾਈ ਵਿਚ 14 ਜਨਵਰੀ, 1761 ਨੂੰ ਹਾਰ ਦਿੱਤੀ। ਸਿੱਖ ਸਰਦਾਰਾਂ ਵਿਚੋਂ ਕੇਵਲ ਰਾਜਾ ਆਲਾ ਸਿੰਘ ਹੀ ਮਰਾਠਿਆਂ ਨਾਲ ਹਮਦਰਦੀ ਰਖਦਾ ਸੀ ਅਤੇ ਉਸ ਨੇ ਉਨ੍ਹਾਂ ਦਾ ਸਾਥ ਦਿੱਤਾ। ਰਾਜਾ ਅਤੇ ਪੇਸ਼ਵਾ ਵਿਚ ਪੱਤਰ-ਵਿਹਾਰ ਹੁੰਦਾ ਰਿਹਾ। ਆਲਾ ਸਿੰਘ ਨੇ ਮਰਾਠਿਆਂ ਨੂੰ ਰਸਦ ਭੇਜੀ ਜਦੋਂ ਦਿੱਲੀ ਦੀ ਜਿੱਤ

ਤੋਂ ਪਿੱਛੋਂ ਉਨ੍ਹਾ ਪਾਸ ਰਸਦ ਦੀ ਕਮੀ ਸੀ। ਉਹਦਾ ਮਰਾਠਿਆਂ ਨੂੰ ਅਨਾਜ ਭੇਜਣਾ ਦੁਰਾਨੀਆਂ ਨੇ ਸ਼ਕਤੀ ਨਾਲ ਰੋਕ ਦਿੱਤਾ ਸੀ। ਪਾਣੀਪਤ ਦੀ ਹਾਰ ਪਿੱਛੋਂ ਵੀ ਆਲਾ ਸਿੰਘ ਮਰਾਠਿਆਂ ਦੀ ਸਹਾਇਤਾ ਕਰਦਾ ਰਿਹਾ। ਜਿਵੇਂ ਕਿ ਲਕਸ਼ਮਨ ਆਪਾ ਜੀ ਇਕ ਬੋਟ ਦੇ ਪੇਸ਼ਵਾ ਨੂੰ ਲਿਖੇ ਪੱਤਰ ਤੋਂ ਪ੍ਰਤੱਖ ਹੈ, "ਮੈਨੂੰ ਰਾਉ ਨੇ ਲਕਸ਼ਮੀ ਨਾਰਾਇਣ ਨਾਲ ਸਰਹੰਦ ਭੇਜਿਆ। ਜਦੋਂ ਸਾਡੀ ਸੈਨਾ ਦੇ ਮੰਦੇ ਭਾਗ ਹੋਏ, ਲਕਸ਼ਮੀ ਨਾਰਾਇਣ ਨੇ ਹਿੰਦੁਸਤਾਨੀ ਹੋਣ ਕਾਰਨ ਆਪਣੇ ਲਈ ਥਾਂ ਪ੍ਰਾਪਤ ਕਰ ਲਈ। ਪੰਜਾਹ ਜਾਂ ਸਠ ਮਰਾਠੀ ਸਵਾਰਾ ਨਾਲ ਪੇਸ਼ਵਾ ਮੰਝਧਾਰ ਵਿਚ ਫਸ ਗਿਆ। ਫਿਰ ਮੈਂ ਆਲਾ ਸਿੰਘ ਜਾਟ ਨੂੰ ਰਸਾਈ ਕੀਤੀ, ਜਿਸ ਨੇ ਆਪ ਦੇ ਸਤਿਕਾਰ ਨੂੰ ਮੁੱਖ ਰੱਖਕੇ ਮੈਨੂੰ ਸ਼ਰਣ ਦਿੱਤੀ ਹੁਣ ਤੱਕ ਮੈਂ ਜਾਟ ਸਰਦਾਰ ਨਾਲ ਹਾਂ।"

ਪਾਣੀਪਤ ਦੀ ਲੜਾਈ ਪਿੱਛੋਂ ਅਹਿਮਦ ਸ਼ਾਹ ਦਿੱਲੀ ਨੂੰ ਚਲਾ ਗਿਆ। ਉੱਥੇ ਦੋ ਕੁ ਮਹੀਨੇ ਆਰਾਮ ਕਰਨ ਪਿੱਛੋਂ ਉਸ ਨੇ 24 ਮਾਰਚ, 1761 ਨੂੰ ਆਪਣੇ ਦੇਸ਼ ਵੱਲ ਕੂਚ ਕਰਨਾ ਆਰੰਭ ਕੀਤਾ। ਸਰਦਾਰ ਆਲਾ ਸਿੰਘ ਲਈ ਇਹ ਬੜੀ ਔਕੜ ਦਾ ਸਮਾਂ ਸੀ। ਅਹਿਮਦ ਸ਼ਾਹ ਅਬਦਾਲੀ ਨੂੰ ਪਤਾ ਸੀ ਕਿ ਸਰਦਾਰ ਮਰਾਠਿਆਂ ਦੇ ਲਸ਼ਕਰ ਵਿਚ ਰਸਦ ਪਹੁੰਚਾਉਂਦੇ ਰਹੇ ਹਨ। ਇਸ ਲਈ ਇਹ ਨਿਸ਼ਚਿਤ ਸੀ ਕਿ ਦਿੱਲੀ ਤੋਂ ਮੁੜਦਾ ਹੋਇਆ ਉਹ ਬਦਲਾ ਲੈਣ ਦਾ ਜਤਨ ਕਰੇਗਾ।ਸਰਦਾਰ ਆਲਾ ਸਿੰਘ ਨੇ ਆਪਣਾ ਖਜ਼ਾਨਾ ਉਰੇ ਪਰ੍ਹੇ ਕਰ ਦਿੱਤਾ ਅਤੇ ਆਪ ਸ਼ਾਹੀ ਸੜਕ ਤੋਂ ਦੂਰ ਮੂਣਕ ਡੇਰੇ ਲਾ ਦਿੱਤੇ।ਅਹਿਮਦ ਸ਼ਾਹ ਨੇ ਬਰਨਾਲਾ ਜੋ ਸਰਦਾਰ ਆਲਾ ਸਿੰਘ ਦੀ ਉਸ ਵੇਲੇ ਰਾਜਧਾਨੀ ਸੀ ਵੱਲ ਕੂਚ ਕੀਤਾ। ਕੇਵਲ ਸਰਦਾਰ ਆਲਾ ਸਿੰਘ ਦੀ ਪਤਨੀ ਰਾਣੀ ਫ਼ੱਤੋਂ ਅਤੇ ਸਰਦਾਰ ਜੀ ਦਾ ਪੋਤਾ ਕੰਵਰ ਅਮਰ ਸਿੰਘ ਉੱਥੇ ਸਨ। ਰਾਣੀ ਨੇ ਫ਼ੌਜ ਆਉਣ ਦੀ ਖ਼ਬਰ ਸੁਣਕੇ ਆਪਣੇ ਚਾਰ ਮੁੱਖ ਅਫ਼ਸਰ ਭੋਲਾ ਸਿੰਘ, ਕਸ਼ਮੀਰੀ ਮਲ, ਕਾਨ੍ਹਾ ਮਲ, ਅਤੇ ਬੈਰਮ ਢਿੱਲੋਂ ਨੂੰ ਸੁਲ੍ਹਾ ਲਈ ਸ਼ਾਹ ਦੀ ਛਾਉਣੀ ਭੇਜਿਆ ਅਤੇ ਆਪ ਕੰਵਰ ਨੂੰ ਨਾਲ ਲੈ ਕੇ ਮੂਣਕ ਚਲੀ ਗਈ। ਇਨ੍ਹਾਂ ਅਫ਼ਸਰਾਂ ਦੇ ਉੱਥੇ ਪਹੁੰਚਣ ਤੋਂ ਪਹਿਲਾਂ ਸ਼ਾਹ ਦੀ ਸੈਨਾ ਨੇ ਬਰਨਾਲੇ ਨੂੰ ਲੁੱਟ ਲਿਆ ਸੀ। ਚਾਰ ਲੱਖ ਰੁਪਿਆ ਨਜ਼ਰਾਨਾ ਦੇਣਾ ਕਰਕੇ ਇਨ੍ਹਾਂ ਨੇ ਸ਼ਾਹ ਨੂੰ ਰਾਜ਼ੀ ਕਰ ਲਿਆ ਅਤੇ ਜਦੋਂ ਸਰਦਾਰ ਆਲਾ ਸਿੰਘ ਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਉਨ੍ਹਾਂ ਨੂੰ ਸ਼ਾਹ ਨੇ ਖਿਲਤ ਦਿੱਤੀ। 21 ਮਾਰਚ, 1761 ਨੂੰ ਸ਼ਾਹ ਦੇ ਵਜ਼ੀਰ ਨਵਾਬ ਸ਼ਾਹ ਵਲੀ ਖ਼ਾਨ ਦੀ ਮੋਹਰ ਅਤੇ ਹਸਤਾਖਰਾਂ ਨਾਲ ਸਰਹੰਦ ਦੇ ਸੂਬੇਦਾਰ ਦੇ ਨਾਂ ਫ਼ੁਰਮਾਨ ਜਾਰੀ ਹੋਇਆ ਕਿ ਸਰਦਾਰ ਦੇ ਇਲਾਕੇ ਨੂੰ ਆਪਣੀ ਹਕੂਮਤ ਤੋਂ ਅਲੱਗ ਸਮਝੇ। ਇਨ੍ਹਾਂ ਦੇ ਮਿਤੱਰਾਂ ਨੂੰ ਆਪਣਾ ਮਿਤੱਰ ਅਤੇ ਇਨ੍ਹਾਂ ਦੇ ਵੈਰੀ ਨੂੰ ਆਪਣਾ ਵੈਰੀ ਜਾਣੇ ਜੀ ਇਨ੍ਹਾਂ ਨਾਲ ਦੁਸ਼ਮਨੀ ਕਰੇਗਾ ਸਰਕਾਰ ਨਾਲ ਦੁਸ਼ਮਣੀ ਕਰੇਗਾ। ਇਕ ਵਿਅਕਤੀ ਮਿਰਜ਼ਾ ਮੁਹੰਮਦ ਤਕੀ ਨੂੰ ਖ਼ਿਰਾਜ ਦੀ ਰਕਮ ਵਸੂਲ ਕਰਨ ਲਈ ਨਿਯੁਕਤ ਕੀਤਾ। ਇਸ ਲਿਖਤ ਤੋਂ ਪ੍ਰਤੱਖ ਹੁੰਦਾ ਹੈ ਕਿ ਇਸ ਰਿਆਸਤ ਵਿਚ ਉਸ ਵੇਲੇ 726 ਕਸਬੇ ਅਤੇ ਪਿੰਡ ਸਨ ਜਿੰਨ੍ਹਾ ਦਾ ਵੇਰਵਾ ਇਸ ਤਰ੍ਹਾਂ ਹੈ:-

| ਪਰਗਨੇ ਦਾ ਨਾਮ | ਪਿੰਡਾਂ ਦੀ ਗਿਣਤੀ |
|---|---|
| ਸੁਨਾਮ ਦੇ ਪਰਗਨੇ ਨਾਲ ਕਸਬੇ | 224 |
| ਪਰਗਨਾ ਸਮਾਨਾ | 266 |
| ਪਰਗਨਾ ਸਰਹੰਦ | 52 |
| ਪਰਗਨਾ ਸਨੌਰ | 89 |
| ਪਰਗਨਾ ਛਤ | 8 |
| ਪਰਗਨਾ ਮਸ਼ੀਗਨ | 17 |
| ਪਰਗਨਾ ਘੁੜਾਮ | 6 |
| ਪਰਗਨਾ ਬਨੂੜ | 37 |
| ਪਰਗਨਾ ਮਨਸੂਰ ਪੁਰ | 23 |
| ਹੋਰ | 4 |
| ਕੁੱਲ | 726 |

ਜਦੋਂ ਅਹਿਮਦ ਸ਼ਾਹ ਜ਼ੈਨ ਖ਼ਾਨ ਨੂੰ ਸਰਹੰਦ ਦਾ ਸੂਬੇਦਾਰ ਨਿਯੁਕਤ ਕਰਕੇ ਅਫ਼ਗਾਨਿਸਤਾਨ ਚਲਾ ਗਿਆ ਤਾਂ ਸਿੱਖ ਸਰਦਾਰ ਅਤੇ ਦਲ ਖ਼ਾਲਸਾ ਆਲਾ ਸਿੰਘ ਨੂੰ ਸਿੱਖਾਂ ਦੇ ਵੈਰੀ ਤੋਂ ਖ਼ਿਲਤ ਲੈਣ ਨੂੰ ਗਦਾਰੀ ਖਿਆਲ ਕਰਦੇ ਹੋਏ ਸਜ਼ਾ ਦੇਣ ਤੇ ਤੁਲੇ ਹੋਏ ਸਨ। ਉਹ ਚਾਹੁੰਦੇ ਸਨ ਕਿ ਇਕੱਠੇ ਹੋਕੇ ਆਲਾ ਸਿੰਘ ਦੇ ਇਲਾਕੇ ਤੇ ਹੱਲਾ ਕੀਤਾ ਜਾਵੇ। ਬਾਬਾ ਜੱਸਾ ਸਿੰਘ ਆਹਲੂਵਾਲੀਆ ਜਿਹੜੇ ਉਸ ਵੇਲੇ ਸਿੱਖਾਂ ਦੇ ਮਹਾਨ ਆਗੂ ਸਨ, ਨਾਲ ਆਲਾ ਸਿੰਘ ਦੀ ਦੋਸਤੀ ਕੰਮ ਆ ਗਈ। ਸਰਦਾਰ ਆਲਾ ਸਿੰਘ ਸਿੱਖਾਂ ਨੂੰ ਯਕੀਨ ਦਿਲਾਉਣ ਵਿਚ ਸਫ਼ਲ ਹੋ ਗਿਆ ਕਿ ਉਸ ਦੀ ਅਫ਼ਗਾਨ ਸ਼ਾਹ ਦੀ ਈਨ ਮੰਨਣੀ ਇਕ ਰਾਜਨੀਤਿਕ ਚਾਲ ਹੀ ਸੀ। ਉਸ ਨੇ ਨਜ਼ਰਾਨਾ ਦੇ ਕੇ ਅਤੇ ਸ਼ਾਹ ਤੋਂ ਖ਼ਿਲਤ ਪ੍ਰਾਪਤ ਕਰਕੇ ਆਪਣੇ ਰਾਜ ਨੂੰ ਬਚਾ ਲਿਆ। ਬਾਬਾ ਜੱਸਾ ਸਿੰਘ ਦੇ ਵਿਚ ਪੈਣ ਨਾਲ ਮਾਮਲਾ ਖ਼ਤਮ ਹੋ ਗਿਆ।

ਸ਼ਾਹ ਦੇ ਜਾਣ ਪਿੱਛੋਂ ਹਿਠਾੜ-ਸਤਲੁਜ ਖੇਤਰ ਵਿਚ ਸਥਿਤੀ ਵਿਗੜ ਗਈ। ਸਿੱਖਾਂ ਨੇ ਸਰਹੰਦ ਦੇ ਦੁਆਲੇ ਦੇ ਇਲਾਕੇ ਤੋਂ ਉਗਰਾਹੀ ਕਰਨੀ ਆਰੰਭ ਕਰ ਦਿੱਤੀ। ਅਫ਼ਗਾਨ ਸੂਬੇਦਾਰ ਜੈਨ ਖ਼ਾਨ ਲਾਚਾਰ ਸੀ। ਸਰਹੰਦ ਦੇ ਸੂਬੇਦਾਰ ਦਾ ਦੀਵਾਨ ਲਛੱਮੀ ਨਾਰਾਇਣ ਮਾਲੀਆ ਇਕੱਠਾ ਕਰਨ ਲਈ ਦੌਰੇ ਤੇ ਸੀ ਕਿ ਸਿੱਖਾਂ ਨੇ ਉਸ ਨੂੰ ਲੁੱਟ ਲਿਆ। ਜ਼ੈਨ ਖ਼ਾਨ ਅਤੇ ਉਸਦਾ ਦੀਵਾਨ ਸਿੱਖਾਂ ਤੋਂ ਇਤਨਾ ਡਰਦੇ ਸਨ ਕਿ ਉਹ ਕਿਲ੍ਹੇ ਵਿਚ ਹੀ ਬੰਦ ਹੋਕੇ ਰਹਿ ਗਏ। ਅਬਦਾਲੀ ਦੇ ਨਿਯੁਕਤ ਕੀਤੇ ਹੋਏ ਲਾਹੌਰ ਦੇ ਸੂਬੇਦਾਰ ਉਬੇਦ ਖ਼ਾਨ ਨੇ ਗੁਜਰਾਂਵਾਲੇ ਤੇ ਹੱਲਾ ਕੀਤਾ। ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਸਹਾਇਤਾ ਨਾਲ ਉਬੇਦ ਖ਼ਾਨ ਨੂੰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਹਾਰ ਦਿੱਤੀ। ਸੂਬੇਦਾਰ ਆਪਣੇ ਸਾਰੇ ਹਥਿਆਰ, ਘੋੜੇ, ਊਠ ਅਤੇ ਸਾਮਾਨ ਛੱਡ ਕੇ ਲਾਹੌਰ ਨੂੰ ਭੱਜ ਗਿਆ।

ਖਵਾਜਾ ਉਬੇਦ ਖ਼ਾਨ ਦਾ ਸਿੱਖਾਂ ਨੇ ਪਿਛਾ ਕੀਤਾ ਤੇ ਉਸਨੂੰ ਲਾਹੌਰ ਦੇ ਕਿਲ੍ਹੇ ਵਿਚ ਸ਼ਰਣ ਲੈਣੀ ਪਈ। ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਉਸ ਨੇ ਆਪਣੇ ਆਪ ਨੂੰ ਬਾਦਸ਼ਾਹ ਘੋਸ਼ਿਤ ਕੀਤਾ ਅਤੇ 'ਪਾਦਸ਼ਾਹ' ਦੀ ਪਦਵੀ ਗ੍ਰਹਿਣ ਕੀਤੀ। ਉਸ ਨੇ ਨਾਨਕਸ਼ਾਹੀ ਸਿੱਕੇ ਉੱਤੇ 'ਦੇਗ, ਤੇਗ ਫਤਿਹ, ਨੁਸਰਤ ਬੇਦਰੰਗ, ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ," ਜੀ ਦੀਆਂ ਬਖ਼ਸ਼ਸਾਂ ਸਦਕਾ ਦੇਗ ਤੇਗ ਫ਼ਤਿਹ ਜਾਰੀ ਕੀਤਾ। ਕੁਝ ਤੁਅਸਬੀ ਮੁਸਲਮਾਨ ਵਿਦਵਾਨਾਂ ਨੇ ਕੁਝ ਸਿੱਕਿਆਂ ਤੇ ਜੋ ਸ਼ਬਦ ਉਕਰਾਏ ਉਹ ਇਹ ਸਨ 'ਸਿਕਾ ਜਦ ਦਰ ਜਹਾਂ ਬ-ਫਜ਼ਲ ਅਕਾਲ, ਮੁਲਕਿ ਅਹਿਮਦ ਗ੍ਰਿਫਤ ਜੱਸਾ ਕਲਾਲ' ਅਰਥਾਤ ਸਿੱਕਾ-ਚਲਾਇਆ ਜਹਾਨ ਅੰਦਰ ਅਕਾਲ ਪੁਰਖ ਦੀ ਮਿਹਰ ਨਾਲ, ਦੇਸ ਅਹਿਮਦ ਦਾ ਖੋਹ ਲਿਆ ਜੱਸਾ ਕਲਾਲ ਨੇ। ਉਨ੍ਹਾਂ ਨੇ ਇਹ ਸਿੱਕੇ ਅਹਿਮਦ ਸ਼ਾਹ ਦੁਰਾਨੀ ਨੂੰ ਭੇਜ ਦਿੱਤੇ। ਅਹਿਮਦ ਸ਼ਾਹ ਨੇ ਇਹ ਸਿੱਕੇ ਚਲਾਉਣੇ ਆਪਣੀ ਬੇਇਜ਼ਤੀ ਖਿਆਲ ਕੀਤੀ ਅਤੇ ਭਾਰਤ ਤੇ ਹਮਲਾ ਕਰਨ ਦਾ ਨਿਸਚਾ ਕੀਤਾ। ਲਾਹੌਰ ਤੇ ਕਬਜ਼ਾ ਕਰਨ ਪਿੱਛੋਂ, ਜੱਸਾ ਸਿੰਘ ਆਹਲੂਵਾਲੀਆ ਨੇ ਜਲੰਧਰ : ਦੁਰਾਨੀ ਅਫ਼ਸਰਾਂ ਸਾਦਤ ਖ਼ਾਨ ਅਤੇ ਸਦੀਕ ਬੇਗ ਨੂੰ ਕੱਢ ਦਿੱਤਾ। ਬਿਸਤ ਜਲੰਧਰ ਦੇ ਫ਼ੌਜਦਾਰ ਰਾਜਾ ਘਮੰਡ ਚੰਦ ਕਟੌਚ ਨੇ ਪਹਾੜਾਂ ਵਿਚ ਭੱਜ ਕੇ ਸ਼ਰਣ ਲਈ।

27 ਅਕਤੂਬਰ 1761 ਨੂੰ ਹੋਈ ਸਰਬਤ ਖ਼ਾਲਸਾ ਦੇ ਇਕੱਠ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਜੰਡਿਆਲੇ ਨੂੰ ਘੇਰਾ ਪਾਇਆ ਜਾਵੇ। ਇਹ ਲਾਹੌਰ ਤੋਂ ਬਾਰਾਂ ਮੀਲ ਦੀ ਦੂਰੀ ਤੇ ਸੀ। ਮਹੰਤ ਆਕਾਲ ਦਾਸ ਅਤੇ ਉਸ ਦੇ ਅਨੁਯਾਈ ਸਿੱਖਾਂ ਦੇ ਕਟੱੜ ਵਿਰੋਧੀ ਅਤੇ ਦੁਰਾਨੀਆਂ ਦੇ ਪੱਕੇ ਮਿਤੱਰ ਸਨ। ਨਿਰੰਜਨੀ ਫ਼ਿਰਕੇ ਦਾ ਬਾਨੀ ਹਿੰਦਾਲ ਸਿੱਖ ਗੁਰੂਆ ਦਾ ਅਨੁਯਾਈ ਸੀ। ਉਹਦੇ ਉਤਰਾਧਿਕਾਰੀ ਬਿਧੀ ਚੰਦ ਨੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿਚ ਆਪਣੀ ਬਦਚਲਣੀ ਨੂੰ ਉਚਿਤ ਠਹਿਰਾਣ ਲਈ ਵਿਗਾੜ ਕੀਤੇ। ਨਿਰੰਜਨੀਆ ਦੇ ਕਾਰਨ

ਸਿੱਖਾਂ ਤੇ ਬੜੇ ਅਤਿਆਚਾਰ ਹੋਏ। ਉਨ੍ਹਾਂ ਨੇ ਖੇਤਾਂ ਵਿਚੋਂ ਸਿੱਖ ਲੜਕੀਆਂ ਅਤੇ ਇਸਤ੍ਰੀਆਂ ਨੂੰ ਪਕੜਵਾਇਆ। ਸੰਨ 1753 ਵਿਚ ਹਰਮੁੱਖ ਦਾਸ ਨਿਰੰਜਨੀ ਦੀ ਮੁੱਖਬਰੀ ਤੇ ਇਕ ਪ੍ਰਮੁੱਖ ਸਿੱਖ ਸੁਖਾ ਸਿੰਘ ਨੂੰ ਪਕੜ ਲਿਆ ਗਿਆ। ਸੰਨ 1746 ਵਿਚ ਇਕ ਨਿਰੰਜਨੀ ਕਾਰਨ ਤਾਰਾ ਸਿੰਘ ਨੂੰ ਪਕੜਿਆ ਗਿਆ। ਮਹਿਤਾਬ ਸਿੰਘ ਦੇ ਖ਼ਾਨਦਾਨ ਤੇ ਨਿਰੰਜਨੀ ਕਾਰਨ ਅਤਿਆਚਾਰ ਕੀਤੇ ਗਏ। ਮਹੰਤ ਨੂੰ ਮੁਗਲਾਂ ਅਤੇ ਦੁਰਾਨੀਆਂ ਨੇ ਦੋ ਲੱਖ ਸਾਲਾਨਾ ਆਮਦਨੀ ਦੀਆਂ ਜਾਗੀਰਾਂ ਦਿੱਤੀਆਂ। ਜੰਡਿਆਲੇ ਨੂੰ ਸਿੱਖਾਂ ਨੇ ਘੇਰ ਲਿਆ। ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜੀਏ ਨੇ ਮਹੰਤ ਨੂੰ ਕਿਹਾ ਕਿ ਉਹ ਸਿੱਖਾਂ ਦੀ ਅਧੀਨਗੀ ਮੰਨ ਲਏ ਪਰ ਮਹੰਤ ਨੇ ਅਹਿਮਦ ਸ਼ਾਹ ਨੂੰ ਸਹਾਇਤਾ ਲਈ ਬਿਨੈ ਪੱਤਰ ਭੇਜਿਆ।

ਆਪਣੇ ਅਫ਼ਸਰਾਂ ਉੱਤੇ ਸਿੱਖਾਂ ਦੀਆਂ ਜਿੱਤਾਂ ਅਤੇ ਸਿੱਖਾਂ ਹੱਥੋਂ ਆਪਣੇ ਸਹਾਇਕਾਂ ਦੀ ਦੁਰਦਸ਼ਾ ਵੇਖਕੇ ਸ਼ਾਹ ਨੂੰ ਸਿੱਖਾਂ ਤੇ ਹੱਲਾ ਕਰਨਾ ਪਿਆ। ਉਹ ਜਲਦੀ ਲਾਹੌਰ ਪਹੁੰਚਿਆ ਅਤੇ ਜੰਡਿਆਲੇ ਦੇ ਘੇਰੇ ਦੀ ਖ਼ਬਰ ਸੁਣਕੇ ਉਸਨੇ ਸੈਨਾ ਨਾਲ ਜੰਡਿਆਲੇ ਵਲ ਕੂਚ ਕੀਤਾ।

ਅਹਿਮਦ ਸ਼ਾਹ ਦੇ ਆਉਣ ਦੀ ਖ਼ਬਰ ਸੁਣਕੇ, ਸਿੱਖਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੇ ਕਹਿਣ ਤੇ ਜੰਡਿਆਲੇ ਦਾ ਘੇਰਾ ਹਟਾ ਲਿਆ। 5 ਫਰਵਰੀ, 1762 ਨੂੰ ਅਹਿਮਦ ਸ਼ਾਹ ਨੇ ਸਿੱਖਾਂ ਤੇ ਕੁਪ ਦੇ ਸਥਾਨ ਤੇ ਹੱਲਾ ਕੀਤਾ। ਸਿੱਖਾਂ ਦੀ ਗਿਣਤੀ ਵੀਹ ਹਜ਼ਾਰ ਸੀ। ਉਹਨਾਂ ਦੀ ਬਹੁਗਿਣਤੀ ਇਸਤ੍ਰੀਆਂ, ਬੱਚਿਆਂ ਅਤੇ ਬੁੱਢਿਆਂ ਦੀ ਸੀ। ਅਹਿਮਦ ਸ਼ਾਹ ਨੇ ਕਾਸਿਮ ਖ਼ਾਨ ਨੂੰ ਹੱਲੇ ਦੇ ਆਦੇਸ਼ ਦਿੱਤੇ ਸਨ। ਕਾਸਿਮ ਖ਼ਾਨ ਦਾ ਹੱਲਾ ਅਚਾਨਕ ਸੀ ਪਰ ਬਾਬਾ ਜੱਸਾ ਸਿੰਘ ਆਹਲੂਵਾਲੀਆ, ਸ਼ਾਮ ਸਿੰਘ ਅਤੇ ਚੜ੍ਹਤ ਸਿੰਘ ਨੇ ਦੁਰਾਨੀਆਂ ਦਾ ਡੱਟਕੇ ਟਾਕਰਾ ਕੀਤਾ। ਸਿੱਟੇ ਵਜੋਂ ਕਾਸਿਮ ਖ਼ਾਨ ਨੂੰ ਸਿੱਖਾਂ ਨੇ ਹਾਰ ਦਿੱਤੀ। ਸਿੱਖ ਸਰਦਾਰਾਂ ਨੇ ਫੈਸਲਾ ਕੀਤਾ ਕਿ ਆਪਣੇ ਬੱਚੇ ਬੁੱਢੇ ਅਤੇ ਇਸਤ੍ਰੀਆਂ ਨੂੰ ਮਾਲਵਾ ਦੇ ਸਰਦਾਰਾਂ ਦੇ ਵਕੀਲਾਂ ਨਾਲ ਭੇਜ ਦਿੱਤਾ ਜਾਵੇ। ਕੈਂਥਲ ਦੇ ਸਰਦਾਰ ਵਕੀਲ ਸੰਗੂ ਸਿੰਘ, ਸੰਧੂ ਸਿੰਘ ਹੰਬਲਵਾਲ, ਬਾਬਾ ਆਲਾ ਸਿੰਘ ਪਟਿਆਲਾ ਅਤੇ ਭਾਈ ਬੁੱਢਾ ਸਿੰਘ ਦੇ ਵਕੀਲਾਂ ਨੇ ਇਨ੍ਹਾਂ ਨੂੰ ਸੁਰੱਖਿਅਤ ਥਾਂ ਤੇ ਲੈ ਜਾਣ ਲਈ ਕਿਹਾ। ਉਹ ਤਿੰਨ ਕੁ ਮੀਲ ਹੀ ਗਏ ਸਨ ਕਿ ਸ਼ਾਹ ਵਲੀ ਖ਼ਾਨ ਅਤੇ ਭੀਖਨ ਖ਼ਾਨ ਨੇ ਉਨ੍ਹਾਂ ਤੇ ਹੱਲਾ ਕਰ ਦਿੱਤਾ। ਸਿੱਖ ਸੈਨਿਕਾਂ ਨੇ ਅਸੈਨਿਕਾਂ ਨੂੰ ਘੇਰੇ ਵਿਚ ਲੈ ਲਿਆ ਅਤੇ ਚਲਦੇ ਗਏ ਤੇ ਲੜਦੇ ਗਏ। ਸਿੱਖ ਜਿਹੜੇ ਦੁਰਾਨੀਆਂ ਵਿਰੁੱਧ ਲੜ ਰਹੇ ਸਨ ਪਿੰਡਾਂ ਵਿਚ ਸਰਣ ਨਹੀਂ ਲੈ ਸਕਦੇ ਸਨ। ਉਹ ਲੜਦੇ ਹੋਏ ਚਲਦੇ ਰਹੇ ਅਤੇ ਲੜਾਈ ਵਿਚ ਮਾਰੇ ਜਾਂਦੇ ਰਹੇ। ਦੁਪਹਿਰ ਤੱਕ ਉਹ ਕੁਤਬਾ ਅਤੇ ਬਹਿਮਣੀ ਪਿੰਡਾਂ ਪਾਸ ਪੁੱਜੇ। ਇਹ ਪਿੰਡ ਮਲੇਰਕੋਟਲਾ ਦੇ ਅਫ਼ਗਾਨਾਂ ਦੇ ਅਧੀਨ ਸਨ ਜਿਹੜੇ ਦੁਰਾਨੀਆਂ ਦੇ ਪੱਕੇ ਮਿਤੱਰ ਅਤੇ ਸਿੱਖਾਂ ਦੇ ਕਟੱੜ ਦੁਸ਼ਮਨ ਸਨ। ਦੁਰਾਨੀਆਂ ਨੇ ਬਹੁਤ ਸਿੱਖਾਂ ਨੂੰ ਮਾਰ ਦਿੱਤਾ।

ਕੁਤਬਾ ਅਤੇ ਬਹਿਮਣੀ ਪਿੰਡਾਂ ਪਾਸ ਇਕ ਛਪੜ ਸੀ। ਸਿੱਖ ਅਤੇ ਅਫ਼ਗਾਨ ਉਸ ਥਾਂ ਪਾਣੀ ਪੀਣ ਲਈ ਗਏ। ਇਸ ਕਾਰਨ ਲੜਾਈ ਬੰਦ ਹੋ ਗਈ। ਲੜਾਈ ਦੁਬਾਰਾ ਨਹੀਂ ਛਿੜੀ ਕਿਉਂਕਿ ਦੁਰਾਨੀ ਅਤੇ ਸਿੱਖ ਲੜਦੇ-ਲੜਦੇ ਥੱਕ ਗਏ ਸਨ ਅਤੇ ਉਹ ਬਾਬਾ ਆਲਾ ਸਿੰਘ ਦੇ ਇਲਾਕੇ ਬਰਨਾਲੇ ਨੇੜੇ ਪੁੱਜ ਗਏ ਸੀ।

ਇਸ ਘਲੂਘਾਰੇ ਪਿੱਛੋਂ ਸਿੱਖ ਸੈਨਾ ਨੇ ਬਰਨਾਲੇ ਵੱਲ ਬਾਬਾ ਆਲਾ ਸਿੰਘ ਦੀ ਸਹਾਇਤਾ ਲੈਣ ਲਈ ਕੂਚ ਕੀਤਾ ਸੀ। ਬਾਬਾ ਆਲਾ ਸਿੰਘ ਇਸ ਸਮੇਂ ਨਿਰਪੱਖ ਰਹੇ ਅਤੇ ਉਹ ਬਰਨਾਲੇ ਤੋਂ ਢੋਡਿਆਂ ਚਲੇ ਗਏ।

ਡਾ: ਹਰੀ ਰਾਮ ਗੁਪਤਾ ਲਿਖਦੇ ਹਨ, "ਅਹਿਮਦ ਸ਼ਾਹ ਦੁਰਾਨੀ ਜਿਹੜਾ ਬਰਨਾਲੇ ਠਹਿਰਿਆ ਹੋਇਆ ਸੀ, ਨਿਰਸੰਦੇਹ ਆਸ ਕਰਦਾ ਸੀ ਕਿ ਆਲਾ ਸਿੰਘ ਆਵੇ ਅਤੇ ਉਸਦਾ ਸਨਮਾਨ ਕਰੇ। ਪਰ ਆਲਾ ਦੁਚਿੱਤੀ ਵਿਚ ਸੀ। ਜੇ ਉਹ ਦੁਰਾਨੀ ਜਿਸ ਨੇ 12,000 ਉਸਦੇ ਧਰਮ ਦੇ ਅਨੁਯਾਈ ਮਰਵਾਏ ਸੀ, ਦੀ ਸੇਵਾ ਵਿਚ ਹਾਜ਼ਰ ਹੁੰਦਾ ਹੈ, ਉਹ ਆਪਣੇ ਸੰਪਰਦਾਇ ਦੇ ਗੁੱਸੇ ਦਾ ਕਾਰਨ ਬਣਦਾ। ਜੇ ਉਹ ਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਣ ਤੋਂ ਪਰਹੇਜ਼ ਕਰਦਾ ਹੈ ਤਾਂ ਉਹ ਨਿਸ਼ਚਿਤ ਹੀ ਆਪਣੇ ਭੂ-ਸਵਾਮੀ ਦੀ ਮਿਹਰਬਾਨੀ ਖੋ ਬੈਠਦਾ ਹੈ। ਜਦੋਂ ਅਬਦਾਲੀ ਨੇ ਮਾਮਲੇ ਦੀ ਰਕਮ ਸੰਬੰਧੀ ਨਰਮ ਰਵੱਈਆ ਅਪਣਾਇਆ ਤਾਂ ਆਲਾ ਸਿੰਘ ਸ਼ਾਹੀ ਦੇ ਹਾਜ਼ਰ ਹੋ ਗਿਆ।" ਆਲਾ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਪੰਜ ਲੱਖ ਰੁਪਏ ਭੇਂਟ ਕੀਤੇ ਅਤੇ ਸਵਾ ਲੱਖ ਰੁਪਿਆ ਆਪਣੇ ਕੇਸ ਨਾ ਕਟਾਉਣ ਦੀ ਭੇਂਟ ਵਜੋਂ ਦਿੱਤਾ। ਅਹਿਮਦ ਸ਼ਾਹ ਅਬਦਾਲੀ ਅਤੇ ਆਲਾ ਸਿੰਘ ਵਿਚ ਕੇਸ ਨਾ ਕਟਾਉਣ ਸੰਬੰਧੀ ਗੱਲਬਾਤ ਬਾਰੇ ਅਹਿਮਦ ਯਾਦਗਰ ਲਿਖਦਾ ਹੈ :-

"**ਅਬਦਾਲੀ** ਆਲਾ ਸਿੰਘ ਦੇ ਸਿਰ ਤੋਂ (ਲੰਬੇ) ਕੇਸ ਕਟੇ ਜਾਣ।

**ਆਲਾ ਸਿੰਘ** :-ਮੈਂ ਆਪਣੇ ਸਿਰ ਦੇ ਕੇਸਾਂ ਦੀ ਕੀਮਤ ਦੇਣ ਲਈ ਤਿਆਰ ਹਾਂ। ਸ਼ਾਹ ਉਨ੍ਹਾਂ ਨੂੰ ਵੇਚ ਦੇਵੇ।

**ਅਬਦਾਲੀ** :- ਤੁਸੀ ਆਪਣੇ ਕੇਸਾਂ ਲਈ ਕਿਤਨਾ ਰੁਪਿਆ ਦੇਣ ਲਈ ਤਿਆਰ ਹੋ ?

**ਆਲਾ ਸਿੰਘ** :--ਮੈਂ ਆਪਣੇ ਕੇਸਾਂ ਦੀ ਕੀਮਤ ਇਕ ਲੱਖ ਰੁਪਿਆ ਦੇਣ ਲਈ ਤਿਆਰ ਹਾਂ।

**ਅਬਦਾਲੀ** :- ਆਲਾ ਸਿੰਘ ਨੂੰ ਇਕ ਲੱਖ ਪਚੀਸ ਹਜ਼ਾਰ ਰੁਪਏ ਦੀ ਕੀਮਤ ਤੇ ਕੇਸ ਰੱਖਣ ਦੀ ਆਗਿਆ ਦਿੱਤੀ ਜਾਵੇ।"

ਅਬਦਾਲੀ ਨੇ ਉਸਨੂੰ ਰਾਜੇ ਦਾ ਖ਼ਿਤਾਬ ਦਿੱਤਾ। ਉਸੀ ਸਮੇਂ ਆਲਾ ਸਿੰਘ ਦੀ ਇੱਛਾ ਤੇ ਸਰਹੰਦ ਦੇ ਸੂਬੇਦਾਰ ਨੂੰ 29 ਮਾਰਚ, 1761 ਨੂੰ ਅਬਦਾਲੀ ਦੇ ਵਜ਼ੀਰ ਸ਼ਾਹ ਵਲੀ ਖ਼ਾਨ ਦੇ ਹਸਤਾਖਰ ਹੇਠ ਇਕ ਆਦੇਸ਼ ਜਾਰੀ ਕੀਤਾ ਗਿਆ ਕਿ ਉਹ ਆਲਾ ਸਿੰਘ ਦੇ ਇਲਾਕਿਆਂ

ਨੂੰ ਆਪਣੇ ਅਧੀਨ ਇਲਾਕਿਆਂ ਤੋਂ ਵੱਖ ਸਮਝੇ। ਉਹਦੇ ਮਿਤੱਰਾਂ ਨੂੰ ਆਪਣਾ ਮਿਤੱਰ ਅਤੇ ਉਹਦੇ ਦੁਸ਼ਮਣਾਂ ਨੂੰ ਆਪਣਾ ਦੁਸ਼ਮਣ ਸਮਝੇ ਅਤੇ ਜੇ ਕੋਈ ਆਲਾ ਸਿੰਘ ਵਿਰੁੱਧ ਦੁਸ਼ਮਣੀ ਰਖੇਗਾ ਕਾਬਲ ਸਾਮਰਾਜ ਦਾ ਵਿਰੋਧੀ ਖਿਆਲ ਕੀਤਾ ਜਾਵੇਗਾ। ਸਰਹੰਦ ਦੇ ਸੂਬੇਦਾਰ ਨਾਲ ਆਲਾ ਸਿੰਘ ਦਾ ਵਿਵਾਦ ਰੋਕਣ ਲਈ, ਮਿਰਜ਼ਾ ਮੁਹੰਮਦ ਤਕੀ ਨੂੰ ਆਲਾ ਸਿੰਘ ਤੋਂ ਖ਼ਿਰਾਜ ਲੈਣ ਲਈ ਨਿਯੁਕਤ ਕੀਤਾ।

ਅਹਿਮਦ ਸ਼ਾਹ ਅਬਦਾਲੀ ਮਾਲਵੇ ਤੇ ਮਾਂਝੇ ਦੇ ਸਿੱਖਾਂ ਵਿਚ ਵਿਗਾੜ ਪਾਉਣਾ ਚਾਹੁੰਦਾ ਸੀ। ਸੱਚ ਤਾਂ ਇਹ ਹੈ ਕਿ ਦੋਨੋਂ ਆਪਣਾ ਮਤਲਬ ਨਿਕਾਲਣਾ ਚਾਹੁੰਦੇ ਸਨ। ਆਲਾ ਸਿੰਘ ਕੇਵਲ ਨਾਂ ਮਾਤਰ ਅਧੀਨਗੀ ਮੰਨ ਕੇ ਆਪਣੀ ਸ਼ਕਤੀ ਵਧਾਉਣਾ ਚਾਹੁੰਦਾ ਸੀ।

ਆਲਾ ਸਿੰਘ ਦੀ ਅਹਿਮਦ ਸ਼ਾਹ ਦੀ ਅਧੀਨਗੀ ਕਬੂਲ ਕਰਨ ਤੇ ਦਲ ਖਾਲਸਾ ਨੂੰ ਬਹੁਤ ਗੁੱਸਾ ਸੀ ਅਤੇ ਉਹ ਉਸਤੇ ਹੱਲਾ ਕਰਨ ਲਈ ਤਿਆਰ ਸਨ। ਪਰ ਜੱਸਾ ਸਿੰਘ ਆਹਲੂਵਾਲੀਆ ਜਿਹੜਾ ਆਲਾ ਸਿੰਘ ਦਾ ਮਿਤੱਰ ਸੀ ਨੇ ਆਲਾ ਸਿੰਘ ਨੂੰ ਜੁਰਮਾਨੇ ਦੀ ਸਜ਼ਾ ਦਿੱਤੀ ਅਤੇ ਇਸ ਤਰ੍ਹਾਂ ਦਲ ਖ਼ਾਲਸਾ ਦੇ ਗੁੱਸੇ ਨੂੰ ਠੰਡਾ ਕੀਤਾ।

ਵੱਖ ਵੱਖ ਲੇਖਕਾਂ ਨੇ ਘਲੂਘਾਰੇ ਵਿਚ ਸਿੱਖਾਂ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ 10,000 ਤੋਂ 50,000 ਤੱਕ ਦਾ ਲਗਾਇਆ ਹੈ। ਲੜਨ ਵਾਲੀ ਸੈਨਾ ਦੀ ਗਿਣਤੀ ਦਾ ਰਿਕਾਰਡ ਨਾ ਹੋਣ ਕਾਰਨ ਸਹੀ ਗਿਣਤੀ ਦਾ ਅਨੁਮਾਨ ਲਗਾਉਣਾ ਕਠਿਨ ਹੈ। ਰਤਨ ਸਿੰਘ ਭੰਗੂ ਸਰਦਾਰਾਂ ਦੀ ਬਹਾਦਰੀ ਬਾਰੇ ਲਿਖਦਾ ਹੈ ਕਿ ਕੋਈ ਵੀ ਸਰਦਾਰ ਜ਼ਖਮੀ ਹੋਣ ਤੋਂ ਨਹੀਂ ਬਚਿਆ ਸੀ। ਇਹ ਤੱਥ ਹੈ ਕਿ ਜਿਤਨਾ ਜ਼ਿਆਦਾ ਜਾਨੀ ਨੁਕਸਾਨ ਖ਼ਾਲਸੇ ਦਾ ਇਸ ਘਲੂਘਾਰੇ ਵਿਚ ਹੋਇਆ ਉਤਨਾ ਕਦੇ ਨਹੀਂ ਹੋਇਆ। ਇਸ ਕਰਕੇ ਸਿੱਖ ਇਸ ਕਹਿਰ ਨੂੰ ਵੱਡਾ ਘਲੂਘਾਰਾ ਕਹਿ ਕੇ ਯਾਦ ਕਰਦੇ ਹਨ।

ਇਹ ਅਜਿਹੀ ਕਰਾਰੀ ਸੱਟ ਸੀ ਕਿ ਕਿਸੇ ਵੀ ਕੌਮ ਨੂੰ ਇਸਦਾ ਸਹਿਣਾ ਬਹੁਤ ਕਠਿਨ ਸੀ। ਪਰ ਖਾਲਸਾ ਜੀ ਤਾਂ ਤਲਵਾਰ ਦੇ ਪਰਛਾਵੇਂ ਹੇਠ ਪਲੇ ਸਨ, ਅਤੇ ਪਿਛਲੇ ਪੰਜਾਹ ਸਾਲਾਂ ਤੋਂ ਜ਼ੁਲਮ ਸਹਿ ਰਹੇ ਸਨ। ਇਸ ਲਈ ਉਹ ਡੋਲੇ ਨਹੀਂ। ਇਸ ਨੂੰ ਰੱਬੀ ਭਾਣਾ ਸਮਝ ਕੇ ਸੌਖੇ ਹੀ ਸਹਿ ਗਏ। ਸਿੱਖਾਂ ਦੇ ਮਹਾਨ ਹੌਸਲੇ ਦਾ ਸਬੂਤ ਇਕ ਨਿਹੰਗ ਸਿੰਘ ਦੇ ਜਜ਼ਬੇ ਤੋਂ ਮਿਲਦਾ ਹੈ ਜੋ ਉਸੀ ਸ਼ਾਮ ਉੱਚੀ-ਉੱਚੀ ਕਹਿ ਰਿਹਾ ਸੀ, "ਤੱਤ ਖਾਲਸੇ ਸੋ ਰਹਯੋ, ਗ ਯੋ ਸੁ ਖੋਟ ਗਵਾਇ।" ਅਰਥਾਤ ਖ਼ਾਲਸਾ ਉਸੇ ਤਰ੍ਹਾਂ ਅਡੋਲ ਕਾਇਮ ਹੈ, ਮੋਹ ਮਾਇਆ ਦੀ ਨਾਸ਼ਵਾਨ ਮੂਰਤਿ ਜੋ ਸੀ ਉਸਦਾ ਅੰਤ ਹੋ ਗਿਆ ਹੈ।

ਅਹਿਮਦ ਸ਼ਾਹ ਘਲੂਘਾਰੇ ਪਿੱਛੋਂ ਜਦੋਂ ਲਾਹੌਰ ਪੁਜਾ ਤਾਂ ਉਸਦੇ ਨਾਲ 50 ਛਕੜੇ ਸਨ ਜਿਨ੍ਹਾਂ ਵਿਚ ਸਿੱਖਾਂ ਦੇ ਸਿਰ ਸਨ ਅਤੇ ਕਈ ਸੌ ਕੈਦੀ ਸਿੱਖ ਸਨ। ਲਾਹੌਰ ਪਹੁੰਚ ਕੇ ਉਸ ਦੇ ਆਦੇਸ਼ ਅਨੁਸਾਰ ਮੀਨਾਰ ਉਸਾਰੇ ਗਏ ਅਤੇ ਕਤਲ ਕੀਤੇ ਹੋਏ ਸਿੱਖਾਂ ਦੇ ਸਿਰਾਂ ਨਾਲ ਢੱਕ

ਦਿੱਤੇ ਗਏ ਅਤੇ ਇਹ ਵੀ ਵਰਣਨ ਹੈ ਕਿ ਅਹਿਮਦ ਸ਼ਾਹ ਨੇ ਉਨ੍ਹਾਂ ਮਸੀਤਾਂ ਦੀਆਂ ਦੀਵਾਰਾਂ ਨੂੰ ਜਿਨ੍ਹਾਂ ਨੂੰ ਸਿੱਖਾਂ ਨੇ ਅਪਵਿੱਤਰ ਕੀਤਾ ਸੀ ਉਨ੍ਹਾਂ ਦੇ ਖ਼ੂਨ ਨਾਲ ਧੁਆਇਆਂ ਤਾਂਕਿ ਅਪਵਿਤ੍ਰਤਾ ਦੂਰ ਹੋ ਜਾਵੇ ਅਤੇ ਮੁਸਲਮਾਨ ਮਤ ਦੀ ਕੀਤੀ ਬੇਇਜ਼ਤੀ ਦਾ ਬਦਲਾ ਲਿਆ ਜਾਵੇ।

ਇਸ ਘਲੂਘਾਰੇ ਵਿਚ ਬਹੁਤ ਸਾਰੇ ਸਿੱਖ ਮਾਰੇ ਗਏ ਸਨ। ਇਸ ਲਈ ਉਨ੍ਹਾਂ ਨੇ ਸਰਹੰਦ ਦੇ ਅਫ਼ਗਾਨ ਸੂਬੇਦਾਰ ਜ਼ੈਨ ਖ਼ਾਨ ਤੋਂ ਬਦਲਾ ਲੈਣ ਦਾ ਨਿਸ਼ਚਾ ਕੀਤਾ ਕਿਉਂਕਿ ਉਸਦਾ ਸਿੱਖਾਂ ਦੇ ਕਤਲਾਂ ਵਿਚ ਵੱਡਾ ਹੱਥ ਸੀ। ਸਮਾਂ ਆਉਣ ਤੇ ਸਿੱਖਾਂ ਨੇ ਸਰਹੰਦ ਦੇ ਗਿਰਦ ਦੇ ਇਲਾਕੇ ਤੋਂ ਉਗਰਾਹੀਆਂ ਕਰਨੀਆਂ ਆਰੰਭ ਕਰ ਦਿੱਤੀਆਂ। ਜ਼ੈਨ ਖ਼ਾਨ ਦੇ ਖ਼ਜ਼ਾਨੇ ਵਿਚ ਮਾਲੀਆ ਜਾਣਾ ਬੰਦ ਹੋ ਗਿਆ। ਉਸ ਪਾਸ ਆਪਣੇ ਕਰਮਚਾਰੀਆਂ ਨੂੰ ਦੇਣ ਲਈ ਮਾਇਆ ਨਾ ਰਹੀ ਜਿਸ ਕਾਰਨ ਉਸਦੇ ਕਰਮਚਾਰੀ ਬਾਗ਼ੀ ਹੋ ਗਏ। ਜ਼ੈਨ ਖ਼ਾਨ ਜ਼ਾਲਮ ਹੋ ਗਿਆ ਅਤੇ ਉਸ ਦੇ ਸਰਹੰਦ ਅਤੇ ਆਸ-ਪਾਸ ਦੇ ਇਲਾਕੇ ਦੇ ਲੋਕਾਂ ਤੋਂ ਜ਼ਬਰੀ ਉਗਰਾਹੀ ਕਰਨੀ ਆਰੰਭ ਕਰ ਦਿੱਤੀ। ਉਹ ਆਪਣੇ ਇਲਾਕੇ ਵਿਚ ਵੱਧ ਰਹੀ ਗੜਬੜੀ ਨੂੰ ਰੋਕਣ ਵਿਚ ਅਸਮਰਥ ਸੀ। ਉਸਨੇ ਆਲਾ ਸਿੰਘ ਤੋਂ ਸਹਾਇਤਾ ਮੰਗੀ ਅਤੇ ਆਲਾ ਸਿੰਘ ਨੇ ਆਪਣੇ ਕੁਝ ਕਰਮਚਾਰੀ ਉਸਦੀ ਸਹਾਇਤਾ ਲਈ ਭੇਜੇ। ਇਸ ਤਰ੍ਹਾਂ ਕੁਝ ਸਮਾਂ ਕੰਮ ਚਲਦਾ ਰਿਹਾ। ਆਪਣੀ ਸਥਿਤੀ ਨੂੰ ਨਾਜ਼ੁਕ ਖ਼ਿਆਲ ਕਰਦੇ ਹੋਏ ਆਲਾ ਸਿੰਘ ਨੇ ਜ਼ੈਨ ਖ਼ਾਨ ਨੂੰ ਸੰਦੇਸ਼ਾ ਭੇਜਿਆ ਕਿ ਸਿੱਖ ਉਸਦਾ ਸਲਾਹ ਤੇ ਕੰਮ ਨਹੀਂ ਕਰਦੇ ਅਤੇ ਜੈਨ ਖ਼ਾਨ ਜਿਵੇਂ ਚਾਹੇ ਕਰੇ।

ਬੁੱਢਾ ਦਲ ਅਤੇ ਤਰੁਨਾ ਦਲ ਨੇ ਜ਼ੈਨ ਖ਼ਾਨ ਨੂੰ ਸਜ਼ਾ ਦੇਣ ਦਾ ਫ਼ੈਸਲਾ ਕੀਤਾ। ਆਲਾ ਸਿੰਘ ਉਨ੍ਹਾ ਨਾਲ ਮਿਲ ਗਿਆ ਕਿਉਂਕਿ ਉਹ ਸਿੱਧ ਕਰਨਾ ਚਾਹੁੰਦਾ ਸੀ ਕਿ ਉਹ ਸਿੱਖਾਂ ਨਾਲ ਹੈ ਨਾ ਕਿ ਅਬਦਾਲੀ ਨਾਲ। ਸਰਹੰਦ ਵੱਲ ਨੂੰ ਸਿੱਖਾਂ ਦੀ ਸੰਯੁਕਤ ਸੈਨਾ ਨੇ ਕੂਦ ਕਰ ਦਿੱਤਾ।

ਜ਼ੈਨ ਖ਼ਾਨ ਕੋਟ ਈਸਾ ਖ਼ਾਨ ਵਿਖੇ ਮਾਲੀਏ ਦੀ ਉਗਰਾਹੀ ਲਈ ਗਿਆ ਹੋਇਆ ਸੀ।ਉੱਥੋਂ ਉਹ ਅੰਬਾਲੇ ਵੱਲ ਆ ਰਿਹਾ ਸੀ ਅਤੇ ਰਾਜਪੁਰੇ ਠਹਿਰਿਆ ਹੋਇਆ ਸੀ। ਉਸਦੇ ਨਾਲ ਪੰਜ ਹਜ਼ਾਰ ਸਵਾਰ ਅਤੇ ਪੰਜ ਹਜ਼ਾਰ ਪੈਦਲ ਸੈਨਿਕ ਸਨ। 3 ਜਨਵਰੀ, 1764 ਨੂੰ ਉਸ ਨੂੰ ਸਰਹੰਦ ਪਹੁੰਚਣ ਦੀ ਕੋਸ਼ਿਸ਼ ਕੀਤੀ ਤਾਂ ਕਿ ਸਰਹੰਦ ਦੇ ਕਿਲ੍ਹੇ ਵਿਚ ਸ਼ਰਣ ਲੈ ਲਵੇ। ਸਿੱਖਾਂ ਨੇ ਉਸਦਾ ਰਾਹ ਰੋਕ ਲਿਆ ਅਤੇ ਸਾਰੀ ਰਾਤ ਦੋਨੋਂ ਫੌਜਾਂ ਇਕ ਦੂਜੇ ਦੇ ਸਾਹਮਣੇ ਡਟੀਆਂ ਰਹੀਆਂ। 14 ਜਨਵਰੀ 1764 ਨੂੰ ਹੋਈ ਲੜਾਈ ਵਿਚ ਜ਼ੈਨ ਖ਼ਾਨ ਮਾਰਿਆ ਗਿਆ। ਜ਼ੈਨ ਖ਼ਾਨ ਦੀ ਮ੍ਰਿਤੂ ਨਾਲ ਉਹਦੀ ਸੈਨਾ ਵਿਚ ਭਾਜੜ ਪੈ ਗਈ। ਉਹਦਾ ਸਾਰਾ ਖ਼ਜਾਨਾ ਤੋਪਖਾਨਾ ਅਤੇ ਰਸਦ ਸਿੱਖਾਂ ਨੇ ਲੁੱਟ ਲਈ।

ਸਰਹੰਦ ਦੀ ਜੋ ਤਬਾਹੀ ਸਿੱਖਾਂ ਨੇ ਕੀਤੀ, ਇਸਦਾ ਅੰਦਾਜ਼ਾ ਕਈ ਮੀਲਾਂ ਵਿਚ ਢਨੀਆਂ ਗੜ੍ਹੀਆਂ, ਉਜੜੀਆਂ ਹਵੇਲੀਆਂ ਅਤੇ ਢਹੇ ਹੋਏ ਮਕਾਨਾਂ ਤੋਂ ਲਾਇਆ ਜਾ ਸਕਦਾ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਜਦੋਂ ਅਤਿਆਚਾਰ ਦਾ ਬਦਲਾ ਲੈਣ ਲਈ ਰੱਬ ਦੀ ਲਾਠੀ

ਵਰ੍ਹਦੀ ਹੈ ਤਾਂ ਬੜੇ-ਬੜੇ ਕਿਲ੍ਹੇ ਅਤੇ ਮੁਨਾਰਿਆਂ ਵਾਲੇ ਸੁੰਦਰ ਸ਼ਹਿਰ ਵੀ ਤਬਾਹ ਹੋ ਜਾਂਦੇ ਹਨ ਅਤੇ ਸੁੰਦਰ ਬਾਗਾਂ ਵਿਚ ਖੋਤਿਆਂ ਨਾਲ ਹੱਲ ਵਾਹੇ ਜਾਂਦੇ ਹਨ।

ਗੁਰੂ ਮਾਰੀ ਸਰਹੰਦ ਨਗਰੀ ਜਦੋਂ ਤਬਾਹ ਹੋ ਰਹੀ ਸੀ ਤਾਂ ਪੰਥ ਦੇ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕਿਹਾ ਕਿ ਖਾਲਸੇ ਵਿਚ ਇਹ ਆਮ ਪ੍ਰਸਿੱਧ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਸੀ ਕਿ ਸਰਹੰਦ ਦੀ ਇੱਟ ਇੱਟ ਉਖੜ ਜਾਵੇਗੀ ਅਤੇ ਇੱਥੇ ਖੋਤਿਆ ਦੇ ਹੱਲ ਚਲਣਗੇ। ਬਾਬਾ ਜੀ ਇਕ ਸ਼ਰਧਾਲੂ ਸਿੱਖ ਸਨ, ਉਨ੍ਹਾਂ ਨੇ ਕਿਹਾ ਜੇ ਸੱਚਮੁਚ ਸਤਿਗੁਰੂ ਜੀ ਨੇ ਕਿਸੇ ਵੇਲੇ ਇਹ ਬਚਨ ਕੀਤੇ ਸਨ ਤਾਂ ਇਨ੍ਹਾਂ ਨੂੰ ਪੂਰਾ ਕਰ ਦੇਣਾ ਚਾਹੀਦਾ ਹੈ। ਸੋ ਬਹੁਤ ਸਾਰੇ ਖੋਤੇ ਮੰਗਾ ਲਏ ਗਏ ਅਤੇ ਉਨ੍ਹਾਂ ਨੂੰ ਹੱਲਾਂ ਅਗੇ ਜੋੜ ਕੇ ਬਾਬਾ ਜੱਸਾ ਸਿੰਘ ਅਤੇ ਦੂਜੇ ਵੱਡੇ-ਵੱਡੇ ਸਰਦਾਰਾਂ ਨੇ ਹੱਲ ਫੇਰਨ ਦੀ ਰੀਤ ਪੂਰੀ ਕਰ ਦਿੱਤੀ।

ਇੱਟ-ਇੱਟ ਉਖੜਨ ਵਾਲਾ ਬਚਨ ਵੀ ਪੂਰਾ ਹੋ ਗਿਆ। ਸ਼ਹਿਰ ਦੇ ਵੱਡੇ-ਵੱਡੇ ਮਕਾਨ ਤਾਂ ਢਾਹ-ਢੇਰੀ ਕਰ ਦਿੱਤੇ ਗਏ। ਇਸ ਸ਼ਹਿਰ ਦੇ ਵਾਸੀ ਦੂਜੀਆਂ ਥਾਵਾਂ ਤੋਂ ਵਸਣ ਨਾਲ ਉਨ੍ਹਾਂ ਦੇ ਮਕਾਨ ਵੀ ਡਿੱਗ ਪਏ। ਇਸ ਸਮੇਂ ਤੋਂ ਇਹ ਰਿਵਾਜ ਪੈ ਗਿਆ ਕਿ ਸਰਹੰਦ ਵਿਚੋਂ ਲੰਘਦਾ ਹਰੇਕ ਸਿੱਖ ਇਕ ਇੱਟ ਚੁੱਕ ਕੇ ਲੈ ਜਾਂਦਾ ਅਤੇ ਦੂਰ ਜਾਣ ਵਾਲਾ ਜਮਨਾ ਜਾਂ ਸਤਲੁਜ ਵਿਚ ਗੇਰਦਾ ਅਤੇ ਨੇੜੇ ਜਾਣ ਵਾਲਾ ਇਸ ਦੀ ਹੱਦ ਤੋਂ ਬਾਹਰ ਸੁਟ ਦਿੰਦਾ ਹੈ। ਇਹ ਰਿਵਾਜ ਹੁਣ ਤੱਕ ਵੀ ਪੁਰਾਣੇ ਸਿੰਘਾਂ ਵਿਚ ਪ੍ਰਚਲਤ ਹੈ।

ਸਰਹੰਦ ਦੀ ਜਿੱਤ ਨਾਲ ਸਾਰਾ ਇਲਾਕਾ ਦੁਰਾਨੀਆਂ ਦੇ ਕਬਜ਼ੇ ਵਿਚੋਂ ਨਿਕਲਕੇ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ। ਇਹ ਖੇਤਰ ਲਗਭਗ 220 ਮੀਲ ਲੰਬਾ ਅਤੇ 160 ਮੀਲ ਚੌੜਾ ਸੀ। ਇਸ ਦੀਆਂ ਹੱਦਾਂ ਉੱਤਰ ਨੂੰ ਸਤਲੁਜ ਤੋਂ ਲੈ ਕੇ ਕਰਨਾਲ ਅਤੇ ਰੋਹਤਕ ਤੱਕ ਸਨ ਅਤੇ ਚੜ੍ਹਦੇ ਪਾਸੇ ਜਮੁਨਾ ਤੋਂ ਬਹਾਵਲਪੁਰ ਤੱਕ ਸਨ। ਹੁਣ ਮਿਸਲਦਾਰ ਸਰਦਾਰਾਂ ਦੇ ਇਲਾਕੇ ਵਿਚ ਥਾਉਂ ਥਾਈਂ ਆਪਣੀਆਂ ਮੇਰਾਂ ਜਮਾਂ ਲਈਆਂ।

ਜਦੋਂ ਤੋਂ ਸਰਹੰਦ ਵਿਚ ਵਜ਼ੀਰ ਖ਼ਾਨ ਸੂਬੇਦਾਰ ਨੇ ਛੋਟੇ ਸਾਹਿਬਜ਼ਾਦੇ ਸ਼ਹੀਦ ਕੀਤੇ ਸਨ, ਸਿੰਘਾਂ ਦੇ ਦਿਲਾਂ ਵਿਚ ਸਰਹੰਦ ਲਈ ਘਿਰਣਾ ਹੋ ਗਈ ਸੀ। ਉਹ ਇਸ ਨੂੰ ਮੰਦਭਾਗਾ ਥਾਂ ਸਮਝਦੇ ਸਨ। ਇਸ ਦਾ ਨਾਉਂ ਲੈਣਾ ਭੀ ਚੰਗਾ ਨਹੀਂ ਸਮਝਦੇ ਸਨ। ਇਸ ਨੂੰ 'ਗੁਰੂ-ਮਾਰੀ ਕਹਿੰਦੇ ਸਨ। ਇਸ ਲਈ ਦੇਸ਼ ਦੀ ਵੰਡ ਵੇਲੇ ਕੋਈ ਵੀ ਸਰਦਾਰ ਇਸ ਨੂੰ ਲੈਣ ਲਈ ਤਿਆਰ ਨਹੀਂ ਸੀ। ਸਾਰੇ ਪੰਥ ਨੇ ਅਖ਼ੀਰ ਇਹ ਗੁਰਮਤਾ ਕੀਤਾ ਕਿ ਸ਼ਹਿਰ ਦੇ ਵਸਨੀਕ ਜਿਸ ਸਰਦਾਰ ਦਾ ਪੱਲਾ ਫੜ ਲੈਣ ਉਸੇ ਨੂੰ ਇਸ ਸ਼ਹਿਰ ਦੀ ਅਰਦਾਸ ਕਰਵਾ ਦਿੱਤੀ ਜਾਵੇ। ਪੰਥ ਦੇ ਅਰਦਾਸ ਕਰਾਉਣ ਨਾਲ ਇਸ ਸ਼ਹਿਰ ਤੇ ਕਬਜ਼ੇ ਦਾ ਉਸ ਨੂੰ ਦੋਸ਼ ਨਹੀਂ ਲੱਗੇਗਾ। ਸ਼ਹਿਰੀਆਂ ਪਾਸੋਂ ਜਦੋਂ ਪੁੱਛਿਆ ਗਿਆ ਤਾਂ ਉਨ੍ਹਾਂ ਭਾਈ ਬੁੱਢਾ ਸਿੰਘ ਦਾ ਪੱਲਾ ਫੜ ਲਿਆ। ਇਸ ਤੋਂ ਖਾਲਸਾ ਜੀ ਬੜੇ

ਖੁਸ਼ ਹੋਏ ਅਤੇ ਸਾਰੇ ਪੰਥ ਨੇ ਭਾਈ ਬੁੱਢਾ ਸਿੰਘ ਦੇ ਨਾਉਂ ਸਰਹੰਦ ਸ਼ਹਿਰ ਦੀ ਅਰਦਾਸ ਕਰਵਾ ਦਿੱਤੀ। ਭਾਈ ਬੁੱਢਾ ਸਿੰਘ ਵੀ ਇਸ ਸ਼ਹਿਰ ਨੂੰ ਰੱਖਕੇ ਖੁਸ਼ ਨਹੀਂ ਸਨ। ਉਨ੍ਹਾਂ ਨੇ ਪੰਝੀ ਹਜ਼ਾਰ ਰੁਪਿਆ ਲੈ ਕੇ ਇਸ ਦਾ ਪ੍ਰਬੰਧ 22 ਸਾਵਨ ਸੰਮਤ 1821 ਬਿ. ਮੁਤਾਬਕ 2 ਅਗਸਤ ਸੰਨ 1764 ਈ: ਨੂੰ ਬਾਬਾ ਆਲਾ ਸਿੰਘ ਨੂੰ ਦੇ ਦਿੱਤਾ।

ਸਰਹੰਦ ਦੇ ਉਜਾੜੇ ਵੇਲੇ ਬਾਬਾ ਆਲਾ ਸਿੰਘ ਨੇ ਬੜੀ ਉਦਾਰਤਾ ਨਾਲ ਸਰਹੰਦ ਦੇ ਉਜੜੇ ਹੋਏ ਵਸਨੀਕਾਂ ਨੂੰ ਪਟਿਆਲੇ ਵਸਣ ਦੀ ਪ੍ਰੇਰਨਾ ਕੀਤੀ ਅਤੇ ਉਨ੍ਹਾਂ ਨੂੰ ਹਰ ਪ੍ਰਕਾਰ ਦੀਆ ਸਹੂਲਤਾਂ ਦਿੱਤੀਆਂ। ਪਟਿਆਲੇ ਨੂੰ ਰਾਜਧਾਨੀ ਬਣਾਉਣ ਦੇ ਮੰਤਵ ਨਾਲ ਬਾਬਾ ਜੀ ਨੇ ਮਾਘ ਸੁਦੀ 10 ਸੰਮਤ 1820 ਬਿ. ਮੁਤਾਬਿਕ 12 ਫਰਵਰੀ, ਸੰਨ 1764 ਈ. ਨੂੰ ਐਤਵਾਰ ਵਾਲੇ ਦਿਨ ਪਟਿਆਲੇ ਦੇ ਪੱਕੇ ਕਿਲ੍ਹੇ ਦੀ ਨੀਂਹ ਰੱਖੀ ਅਤੇ ਸ਼ਾਹੀ ਸੜਕ ਦੀ ਜੁਗਾਤ ਨਾਲ ਕਿਲ੍ਹੇ ਨੂੰ ਬਣਾਉਣਾ ਤੇ ਪਟਿਆਲੇ ਨੂੰ ਵਸਾਉਣਾ ਆਰੰਭ ਕੀਤਾ। ਪਟਿਆਲੇ ਦੇ ਕਿਲ੍ਹੇ ਦੇ ਚੜ੍ਹਦੇ ਵੱਲ ਸਰਹੰਦ ਦੇ ਉਜੜੇ ਵਸਨੀਕਾਂ ਨੂੰ ਖੁਲ੍ਹੀ ਥਾਂ ਦਿੱਤੀ। ਉਨ੍ਹਾਂ ਦਾ ਸਾਮਾਨ ਲਿਆਉਣ ਲਈ ਗੱਡੇ ਅਤੇ ਊਠ ਭੇਜੇ ਅਤੇ ਸ਼ੁਰੂ-ਸ਼ੁਰੂ ਵਿਚ ਉਨ੍ਹਾਂ ਦੇ ਖਾਣ-ਪੀਣ ਲਈ ਗੁਰੂ ਦਾ ਲੰਗਰ ਲੱਗਾ ਦਿੱਤਾ। ਇਸ ਲੰਗਰ ਦੀ ਦੇਖ-ਭਾਲ ਉਨ੍ਹਾਂ ਦੀ ਰਾਣੀ ਮਾਈ ਫੱਤੋਂ ਆਪ ਕਰਦੀ ਸੀ। ਇਹ ਆਬਾਦੀ ਸਰਹੰਦੀ ਮਹੱਲਾ ਦੇ ਨਾਉਂ ਨਾਲ ਪ੍ਰਸਿੱਧ ਹੋਈ ਅਤੇ ਹੁਣ ਤੱਕ ਉਸ ਬਾਜ਼ਾਰ ਦਾ ਨਾਉਂ ਸਰਹੰਦੀ ਬਾਜ਼ਾਰ ਹੈ।

ਸਿੱਖਾਂ ਦੇ ਇਤਿਹਾਸ ਵਿਚ ਹਿਠਾੜ-ਸਤਲੁਜ ਖੇਤਰ ਵਿਚ ਜ਼ੈਨ ਖ਼ਾਨ ਦਾ ਕਤਲ ਅਤੇ ਸਰਹੰਦ ਦੀ ਜਿੱਤ ਮਹੱਤਵਪੂਰਣ ਹੈ। ਇਸ ਜਿੱਤ ਨਾਲ ਇਸ ਖੇਤਰ ਵਿਚ ਬਿਦੇਸ਼ੀ ਰਾਜ ਦਾ ਅੰਤ ਹੋ ਗਿਆ ਅਤੇ ਸਿੱਖ ਰਾਜ ਦਾ ਆਰੰਭ ਹੋ ਗਿਆ। ਮਾਝਾ, ਲਾਹੌਰ, ਅੰਮ੍ਰਿਤਸਰ, ਫਿਰੋਜ਼ਪੁਰ ਦੇ ਸਿੱਖਾਂ ਨੇ ਆਪਣੀਆਂ ਸੈਨਾਵਾਂ ਸਰਹੰਦ ਇਕਤ੍ਰਿਤ ਕੀਤੀਆਂ। ਜ਼ੈਨ ਖ਼ਾਨ ਨੇ ਅਫ਼ਗਾਨ ਸੂਬੇਦਾਰ ਨੂੰ ਹਾਰ ਦਿੱਤੀ ਅਤੇ ਮਾਰ ਦਿੱਤਾ ਅਤੇ ਸਤਲੁਜ ਨੂੰ ਪਾਰ ਕਰਕੇ ਜਮਨਾ ਤੱਕ ਪੂਰੇ ਦੇਸ਼ ਤੇ ਬਿਨਾ ਵਿਰੋਧ ਦੇ ਕਬਜ਼ਾ ਕਰ ਲਿਆ। ਇਹ ਕਹਿਣਾ ਯੋਗ ਹੋਵੇਗਾ ਕਿ ਅੱਜ ਦੇ ਪ੍ਰਮੁੱਖ ਖ਼ਾਨਦਾਨ ਕੁਝ ਨੂੰ ਛੱਡ ਕੇ ਜ਼ੈਨ ਖ਼ਾਨ ਦੇ ਜੇਤੂਆਂ ਦੀ ਸੰਤਾਨ ਵਿਚੋਂ ਹਨ।

ਆਲਾ ਸਿੰਘ ਨੂੰ ਸਿੱਖਾਂ ਦੀ ਜ਼ੈਨ ਖ਼ਾਨ ਉੱਤੇ ਜਿੱਤ ਦਾ ਬੜਾ ਲਾਭ ਹੋਇਆ। ਸਰਹੰਦ ਦੀ ਜਿੱਤ ਵਿਚ ਉਸ ਨੇ ਸਿੱਖਾਂ ਦੀ ਸਹਾਇਤਾ ਕੀਤੀ ਸੀ, ਇਸ ਲਈ ਉਸ ਦਾ ਰਸੂਖ ਸਿੱਖਾਂ ਵਿਚ ਬਹੁਤ ਵੱਧ ਗਿਆ। ਅਫ਼ਗਾਨ ਸੂਬੇਦਾਰ ਦਾ ਤੋਪਖਾਨਾ ਵੀ ਬਾਬਾ ਆਲਾ ਸਿੰਘ ਦੇ ਹੱਥ ਲੱਗਾ। ਇਸ ਨਾਲ ਉਹਦੀ ਸੈਨਿਕ ਸ਼ਕਤੀ ਵਿਚ ਵਾਧਾ ਹੋਇਆ। ਸਰਹੰਦ ਦੇ ਤਬਾਹੀ ਕਾਰਨ ਉੱਥੇ ਦੇ ਵਸਨੀਕ ਪਟਿਆਲੇ ਵਸ ਗਏ।

ਸਰਹੰਦ ਦੀ ਜਿੱਤ ਨੇ ਹਿਠਾੜ-ਸਤਲੁਜ ਖੇਤਰ ਵਿਚ ਅਫ਼ਗਾਨ ਰਾਜ ਦੀ ਆਖਰੀ ਨਿਸ਼ਾਨੀ ਵੀ ਮਿਟਾ ਦਿੱਤੀ ਗਈ। ਆਲਾ ਸਿੰਘ ਦੀ ਸ਼ਕਤੀ ਅਤੇ ਰਸੂਖ ਵਧਣ ਕਾਰਨ ਉਸ ਨੇ ਪਟਿਆਲੇ ਇਕ ਟਕਸਾਲ ਲਗਵਾਈ ਅਤੇ ਸਿੱਕਾ ਵੀ ਜਾਰੀ ਕੀਤਾ।

ਸਰਹੰਦ ਦੀ ਲੁੱਟ ਜ਼ੈਨ ਖ਼ਾਨ ਦੀ ਹਾਰ ਅਤੇ ਉਸਦਾ ਕਤਲ ਸੁਣਕੇ ਅਹਿਮਦ ਸ਼ਾਹ ਦੁਰਾਨੀ ਚੁੱਪ ਨਹੀਂ ਰਹਿ ਸਕਦਾ ਸੀ। ਉਸ ਨੇ ਸੱਤਵੀਂ ਵਾਰ ਮਾਰਚ 1764 ਵਿਚ ਪੰਜਾਬ ਤੇ ਹੱਲਾ ਕਰ ਦਿੱਤਾ। ਪਿੱਛੇ ਕੰਧਾਰ ਵਿਚ ਬਗ਼ਾਵਤ ਹੋ ਜਾਣ ਕਾਰਨ, ਸ਼ਾਹ ਨੂੰ ਵਾਪਸ ਜਾਣਾ ਪਿਆ।

ਨਵੰਬਰ, 1764 ਵਿਚ ਅਹਿਮਦ ਸ਼ਾਹ ਨੇ ਅੱਠਵੀਂ ਵਾਰ ਪੰਜਾਬ ਤੇ ਹੱਲਾ ਕੀਤਾ। ਲਾਹੌਰ ਨੂੰ ਕੂਚ ਕਰਦੇ ਹੋਏ, ਸ਼ਾਹ ਦੀ ਫੌਜ ਨੂੰ ਚੜ੍ਹਤ ਸਿੰਘ ਸ਼ੁਕਰਚਕੀਆ ਦੀ ਕਮਾਨ ਹੇਠ ਸਿੱਖਾਂ ਨੇ ਬੜਾ ਤੰਗ ਕੀਤਾ। ਲਾਹੌਰ ਵਿਚ ਉਸਦਾ ਟਾਕਰਾ ਸਿੱਖਾਂ ਨਾਲ ਨਹੀਂ ਹੋਇਆ। ਉਸਨੇ ਅੰਮ੍ਰਿਤਸਰ ਵੱਲ ਕੂਚ ਕੀਤਾ। ਅਕਾਲ ਬੁੰਗੇ ਵਿਚ ਕੇਵਲ ਤੀਹ ਸਿੱਖ ਸਨ। ਉਹ ਭਾਈ ਗੁਰਬਖਸ਼ ਸਿੰਘ ਦੀ ਅਗਵਾਈ ਵਿਚ ਤੀਹ ਹਜ਼ਾਰ ਅਫ਼ਗਾਨਾਂ ਨਾਲ ਲੜਨ ਲਈ ਆਏ। ਉਹ ਲੜਾਈ ਵਿਚ ਬਹਾਦਰੀ ਨਾਲ ਲੜਦੇ ਮਾਰੇ ਗਏ। ਦਰਬਾਰ ਸਾਹਿਬ ਨੂੰ ਅਹਿਮਦ ਸ਼ਾਹ ਨੇ ਗਿਰਾ ਦਿੱਤਾ। ਇਸ ਮੁਹਿੰਮ ਵਿਚ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਸ਼ਾਹ ਦਾ ਟਾਕਰਾ ਕੀਤਾ, ਜਦੋ ਸ਼ਾਹ ਨੇ ਸਤਲੁਜ ਨੂੰ ਪਾਰ ਕੀਤਾ ਅਤੇ ਜਲੰਧਰ ਦੁਆਬ ਵਿਚ ਵੜਿਆ ਤਾਂ ਕਾਜ਼ੀ ਨੂਰ ਮੁਹੰਮਦ ਇਸ ਲੜਾਈ ਦਾ ਵਰਨਣ ਇਸ ਤਰ੍ਹਾਂ ਕਰਦਾ ਹੈ। ਸਿੱਖ ਬਕਾਇਦਾ ਫ਼ੌਜ ਦੀ ਹਥਿਆਰ-ਬੰਦੀ ਨਾਲ ਲੜੇ। ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਪੰਕਤੀ ਦੇ ਵਿਚਕਾਰ ਸਨ। ਸੱਜੇ ਪਾਸੇ ਚੜ੍ਹਤ ਸਿੰਘ ਸੁਕਰਚਕੀਆ, ਝੰਡਾ ਸਿੰਘ ਭੰਗੀ ਅਤੇ ਜੈ ਸਿੰਘ ਕਨ੍ਹਦੀਆ ਸਨ। ਖੱਬੇ ਪਾਸੇ ਭੰਗੀ ਸਰਦਾਰ ਗੁਲਾਬ ਸਿੰਘ,ਗੁਜਰ ਸਿੰਘ,ਹਰੀ ਸਿੰਘ,ਸਨ। ਸਿੱਖ ਤਿੰਨ ਦਿਨ ਤੱਕ ਡਟ ਕੇ ਲੜਦੇ ਰਹੇ। ਸ਼ਾਹ ਦੀ ਸੈਨਾ ਉਨ੍ਹਾਂ ਉੱਤੇ ਸਫ਼ਲਤਾ ਪ੍ਰਾਪਤ ਨਾ ਕਰ ਸਕੀ। ਅਹਿਮਦ ਸ਼ਾਹ ਨੇ ਆਪਣੀ ਸੈਨਾ ਦਾ ਕੂਚ ਜਾਰੀ ਰਖਿਆ ਅਤੇ ਕੁੰਜਪੁਰੇ ਹੁੰਦਾ ਹੋਇਆ ਸਰਹੰਦ ਪੁਜਾ। ਸਰਹੰਦ ਦੀ ਤਬਾਹੀ ਦੇਖਕੇ ਉਸ ਨੂੰ ਹੈਰਾਨੀ ਹੋਈ। ਉਸ ਨੇ ਇਕ ਦੂਤ ਭੇਜ ਕੇ ਆਲਾ ਸਿੰਘ ਨੂੰ ਬੁਲਾਇਆ। ਉਸ ਨੇ ਆਲਾ ਸਿੰਘ ਤੋਂ ਸਰਹੰਦ ਦੀ ਬਰਬਾਦੀ ਬਾਰੇ ਪੁੱਛਿਆ। ਆਲਾ ਸਿੰਘ ਨੇ ਕਿਹਾ ਕਿ ਸਰਹੰਦ ਨੂੰ ਸਿੱਖਾਂ ਨੇ ਬਰਬਾਦ ਕੀਤਾ ਹੈ ਤੇ ਸਿੱਖ ਕਦੇ ਵੀ ਖਤਮ ਨਹੀਂ ਕੀਤੇ ਜਾ ਸਕਦੇ। ਜੇ ਇਕ ਸਿੱਖ ਮਾਰਿਆ ਜਾਵੇਗਾ ਤਾਂ ਉਨ੍ਹਾਂ ਦੇ ਗੁਰੂ ਦੇ ਆਸ਼ੀਰਵਾਦ ਨਾਲ ਬਦਲਾ ਲੈਣ ਲਈ ਉਨ੍ਹਾਂ ਦੀ ਥਾਂ ਦੋ ਹੋਰ ਸਿੱਖ ਪੈਦਾ ਹੋ ਜਾਣਗੇ। ਉਸਨੇ ਆਲਾ ਸਿੰਘ ਨੂੰ ਸਿੱਖਾਂ ਨਾਲ ਗੱਲਬਾਤ ਕਰਨ ਲਈ ਕਿਹਾ ਅਤੇ ਇਹ ਕਿਹਾ ਕਿ ਉਹ ਸਿੱਖਾਂ ਨੂੰ ਸਾਰਾ ਇਲਾਕਾ ਦੇ ਦੇਵੇਗਾ ਜੇ ਉਹ ਉਸਦੀ ਅਧੀਨਗੀ ਮੰਨ ਲੈਣ। ਆਲਾ ਸਿੰਘ ਨੇ ਦਲ ਖਾਲਸਾ ਪਾਸ ਆਪਣਾ ਵਕੀਲ ਨਾਨੂੰ ਸਿੰਘ ਗਰੇਵਾਲ ਭੇਜਿਆ। ਦਲ ਖਾਲਸਾ ਨੇ ਆਲਾ ਸਿੰਘ

ਤੇ ਸ਼ਾਹ ਦੀ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ। ਅਹਿਮਦ ਸ਼ਾਹ ਨੇ ਆਲਾ ਸਿੰਘ ਨੂੰ ਇਸ ਸ਼ਰਤ ਤੇ ਸਰਹੰਦ ਦਾ ਸੂਬੇਦਾਰ ਨਿਯੁਕਤ ਕੀਤਾ ਕਿ ਉਹ ਸ਼ਾਹ ਨੂੰ ਤਿੰਨ ਲੱਖ ਪੰਜਾਹ ਹਜ਼ਾਰ ਰੁਪਿਆ ਸਾਲ ਦਾ ਖਿਰਾਜ ਦੇਵੇਗਾ। ਉਸ ਨੇ ਆਲਾ ਸਿੰਘ ਨੂੰ ਖਿਲਅਤ ਦੇ ਕੇ ਰਾਜੇ ਦਾ ਖਿਤਾਬ ਦਿੱਤਾ। ਰਾਜੇ ਦੀਆਂ ਨਿਸ਼ਾਨੀਆਂ ਧੌਂਸਾਂ ਤੇ ਝੰਡਾ ਵੀ ਦਿੱਤੀਆਂ।

ਮਹਾਰਾਜਾ ਆਲਾ ਸਿੰਘ ਖਿਰਾਜ ਵਲੋਂ ਕੇਵਲ ਇਕ ਲੱਖ ਅੱਸੀ ਹਜ਼ਾਰ ਰੁਪਿਆ ਹੀ ਦੇ ਸਕੇ ਸਨ। ਇਸ ਨਾਲ ਲਾਲਚੀ ਸ਼ਾਹ ਦੀ ਤਸੱਲੀ ਨਾ ਹੋਈ। ਉਹ ਉਨ੍ਹਾਂ ਨੂੰ ਲਾਹੌਰ ਤੱਕ ਆਪਣੇ ਨਾਲ ਲੈ ਗਿਆ ਕਿ ਰੁਪਿਆ ਵਸੂਲ ਕਰ ਸਕੇ। ਆਲਾ ਸਿੰਘ ਦੀ ਪੋਤਰੀ ਬੀਬੀ ਰਜਿੰਦਰਾ ਜਿਹੜੀ ਫਗਵਾੜੇ ਵਿਆਹੀ ਹੋਈ ਸੀ, ਨੇ ਆਲਾ ਸਿੰਘ ਨੂੰ ਰੁਪਿਆ ਦੇਣ ਲਈ ਕਿਹਾ ਪਰ ਆਲਾ ਸਿੰਘ ਨੇ ਲੜਕੀ ਦਾ ਰੁਪਿਆ ਲੈਣ ਤੋਂ ਇਨਕਾਰ ਕਰ ਦਿੱਤਾ। ਜਦੋਂ ਅਹਿਮਦ ਸ਼ਾਹ ਲਾਹੌਰ ਪੁਜਾ ਤਾਂ ਆਲਾ ਸਿੰਘ ਨੂੰ ਹੋਰ ਤੰਗ ਨਾ ਕਰਨਾ ਉਚਿਤ ਸਮਝ ਕੇ ਉਸਨੂੰ ਜਾਣ ਦੀ ਆਗਿਆ ਦੇ ਦਿੱਤੀ ਇਸ ਸ਼ਰਤ ਤੇ ਕਿ ਉਹ ਬਾਕੀ ਦੇ ਰੁਪਏ ਦੀ ਹੁੰਡੀ ਭੇਜ ਦੇਵੇਗਾ। ਆਲਾ ਸਿੰਘ ਨੇ ਵਾਪਸ ਆ ਕੇ ਸਤਰ ਹਜ਼ਾਰ ਰੁਪਏ ਦੀ ਹੁੰਡੀ ਸਥਾਨਕ ਸਾਹੂਕਾਰਾਂ ਰਾਹੀਂ ਕਾਬਲ ਭੇਜੀ।

ਅਹਿਮਦ ਸ਼ਾਹ ਨੇ ਬਿਆਸ ਦਰਿਆ ਨੂੰ ਪਾਰ ਕੀਤਾ ਅਤੇ ਵਾਪਸ ਅਫ਼ਗਾਨਿਸਤਾਨ ਨੂੰ ਮੁੜ ਗਿਆ। ਸ਼ਾਹ ਦੇ ਵਾਪਸ ਜਾਣ ਤੇ ਮਹਾਰਾਜਾ ਆਲਾ ਸਿੰਘ ਨੇ ਹਿਠਾੜ -ਸਤਲੁਜ ਇਲਾਕੇ ਦੀ ਸੁਰੱਖਿਆ ਅਤੇ ਪ੍ਰਬੰਧ ਲਈ ਹੇਠ ਲਿਖੀਆਂ ਥਾਵਾਂ ਵਿਚ ਫ਼ੌਜੀ ਚੌਕੀਆਂ ਸਥਾਪਿਤ ਕੀਤੀਆਂ :-

(1) ਸਢੌਰਾ (2) ਬੂਰੀਆਂ (3) ਸ਼ਾਹਬਾਦ (4) ਰੋਪੜ (5) ਪਿੰਜੌਰ

ਸਿੱਖ ਸਰਦਾਰਾਂ ਨੇ ਸਰਹੰਦ ਦੀ ਲੁੱਟ ਪਿੱਛੋਂ ਹਿਠਾੜ-ਸਤਲੁਜ ਖੇਤਰ ਨੂੰ ਆਪਸ ਵਿਚ ਵੰਡ ਲਿਆ ਸੀ। ਉਹ ਆਲਾ ਸਿੰਘ ਦੀ ਦਖ਼ਲ ਅੰਦਾਜ਼ੀ ਸਹਿਣ ਨਹੀਂ ਕਰ ਸਕਦੇ ਸੀ। ਮਹਾਰਾਜਾ ਆਲਾ ਸਿੰਘ ਦੀ ਸ਼ਾਹ ਦੀ ਅਧੀਨਗੀ ਸਵੀਕਾਰ ਕਰਨ ਸੰਬੰਧੀ ਨੀਤੀ ਖਾਲਸੇ ਦੀ ਨੀਤੀ ਦੇ ਵਿਰੁੱਧ ਸੀ। ਖ਼ਾਲਸੇ ਦੇ ਇਕ ਭਾਗ ਦੀਆਂ ਨਜ਼ਰਾਂ ਵਿਚ ਮਹਾਰਾਜ ਆਲਾ ਸਿੰਘ ਦਾ ਅਬਦਾਲੀ ਨਾਲ ਗਠਜੋੜ ਗੁਰੂ ਤੇ ਪੰਥ ਨਾਲ ਗਦਾਰੀ ਸੀ ਅਤੇ ਹਰੀ ਸਿੰਘ ਭੰਗੀ ਦੀ ਅਗਵਾਈ ਵਿਚ ਕੁਝ ਸਿੱਖਾਂ ਨੇ ਪਟਿਆਲੇ ਤੇ ਹੱਲਾ ਕਰ ਦਿੱਤਾ। ਜਦ ਆਲਾ ਸਿੰਘ ਤੇ ਹਰੀ ਸਿੰਘ ਦੀਆਂ ਫੌਜਾਂ ਵਿਚ ਲੜਾਈ ਆਰੰਭ ਹੋਈ ਤਾਂ ਹਰੀ ਸਿੰਘ ਸਖ਼ਤ ਜ਼ਖ਼ਮੀ ਹੋ ਗਿਆ। ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਵਿਚ ਪੈਕੇ ਸੁਲ੍ਹਾ ਕਰਵਾ ਦਿੱਤੀ। ਮਹਾਰਾਜਾ ਆਲਾ ਸਿੰਘ ਨੇ ਆਪਣੀਆਂ ਨਵੀਆਂ ਫ਼ੌਜੀ ਚੌਕੀਆਂ ਉਠਾ ਲਈਆਂ ਤਾਂ ਕਿ ਸਿੱਖ ਸਰਦਾਰ ਆਪਣੇ ਹਿੱਸੇ ਦੇ ਇਲਾਕੇ ਤੇ ਕਬਜ਼ਾ ਕਰ ਲੈਣ। ਉਹ ਜਮਨਾ ਦੇ ਪਾਰ ਸਿੱਖਾਂ ਦੀਆਂ ਮੁਹਿੰਮਾਂ ਵਿਚ ਸਹਾਇਤਾ ਕਰਨ ਲਈ

ਰਾਜ਼ੀ ਹੋ ਗਿਆ। ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਸੂਝ-ਬੂਝ ਕਾਰਨ ਅਹਿਮਦ ਸ਼ਾਹ ਦੀ ਮਾਲਵੇ ਤੇ ਮਾਂਝੇ ਦੇ ਸਿੱਖਾਂ ਵਿਚ ਵਿਗਾੜ ਪਾਉਣ ਦੀ ਨੀਤੀ ਸਫ਼ਲ ਨਾ ਹੋ ਸਕੀ।

ਅਹਿਮਦ ਸ਼ਾਹ ਅਬਦਾਲੀ ਦੀ ਵਾਪਸੀ ਅਤੇ ਸਿੱਖਾਂ ਨਾਲ ਸਮਝੋਤੇ ਪਿੱਛੋਂ, ਮਹਾਰਾਜ ਆਲਾ ਸਿੰਘ ਨੂੰ ਬੁਖਾਰ ਚੜ੍ਹ ਗਿਆ ਅਤੇ ਉਨ੍ਹਾਂ ਦੀ ਮ੍ਰਿਤੂ 22 ਅਗਸਤ, ਸੰਨ 1765 ਨੂੰ ਹੋਈ। ਉਨ੍ਹਾਂ ਦਾ ਸੰਸਕਾਰ ਪਟਿਆਲੇ ਦੇ ਕਿਲ੍ਹਾ ਮੁਬਾਰਕ ਵਿਚ ਕੀਤਾ ਗਿਆ ਜਿੱਥੇ ਕਿ ਬਾਬਾ ਆਲਾ ਸਿੰਘ ਦੀ ਸਮਾਧ ਬਣਾਈ ਗਈ ਅਤੇ ਨਾਲ ਹੀ ਗੁਰਦਵਾਰਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ।

-0-

ਕਾਂਡ ਦਸਵਾਂ

# ਰਾਜ ਪ੍ਰਬੰਧ

ਬਾਬਾ ਆਲਾ ਸਿੰਘ ਦਾ ਰਾਜ ਪ੍ਰਬੰਧ ਬੜਾ ਸਾਦਾ ਸੀ ਅਤੇ ਸਮੇਂ ਦੀਆਂ ਲੋੜਾਂ ਅਨੁਸਾਰ ਸੀ। ਉਹ ਰਾਜ ਪ੍ਰਬੰਧ ਵਿਚ ਧਰਮ-ਨਿਰਪੇਖ ਸੀ। ਕਿਸੀ ਉੱਚ ਪਦਵੀ ਤੇ ਨਿਯੁਕਤੀ ਵੇਲੇ ਉਹ ਉਸਦੇ ਗੁਣ ਦੇਖਦੇ ਸਨ ਧਰਮ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕਰਦੇ ਸੀ। ਉਹ ਪਹਿਲਾ ਮਹਾਰਾਜਾ ਸੀ ਜਿਨ੍ਹਾਂ ਨੇ ਰਾਜ ਪ੍ਰਬੰਧ ਵਿਚ ਧਰਮ-ਨਿਰਪੇਖਤਾ ਦੀ ਨੀਤੀ ਅਪਣਾਈ ਸੀ। ਧਰਮ-ਨਿਰਪੇਖਤਾ ਦੀ ਨੀਤੀ, ਮਹਾਰਾਜਾ ਰਣਜੀਤ ਸਿੰਘ ਵੇਲੇ ਸਿਖਰ ਤੇ ਪੁੱਜ ਗਈ ਸੀ। ਖ਼ਲੀਫ਼ਾ ਮੁਹੰਮਦ ਹਸਨ ਲਿਖਦੇ ਹਨ ਕਿ ਉਹ ਬਹੁਤ ਧਰਮ ਨਿਰਪੇਖੀ, ਖੁਲ੍ਹ-ਦਿਲੇ ਅਤੇ ਤਬੀਅਤ ਦੇ ਸਖ਼ੀ ਸਨ ਅਤੇ ਆਪਣੀ ਪਰਜਾ ਨਾਲ ਚਾਹੇ ਉਹ ਕਿਸੀ ਵੀ ਧਰਮ ਦੀ ਹੋਵੇ ਬਰਾਬਰ ਦਾ ਸਲੂਕ ਕਰਦੇ ਸਨ। ਉਨ੍ਹਾਂ ਦਾ ਆਪਣਾ ਸੈਨਾਪਤੀ ਮੁਸਲਮਾਨ ਡੋਗਰ ਲਖਣਾ ਸੀ ਜੋ ਸਾਰੀ ਉਮਰ ਇਸ ਉੱਚ ਪਦਵੀ ਤੇ ਨਿਯੁਕਤ ਰਿਹਾ। ਬਾਬਾ ਆਲਾ ਸਿੰਘ ਨੇ ਸੋਧੇ ਖ਼ਾਨ ਦੀ ਮ੍ਰਿਤੂ ਪਿੱਛੋਂ ਉਸਦੇ ਪੁੱਤਰ ਨਗਾਹੀ ਖ਼ਾਨ ਨੂੰ ਨੌਕਰ ਰਖਿਆ। ਮੂਣਕ ਦੇ ਸਰਦਾਰ ਖ਼ਾਨ ਰਾਜਪੂਤ ਨੂੰ ਮੂਣਕ ਤੇ ਕਬਜ਼ੇ ਪਿੱਛੋਂ ਉੱਚ ਪਦਵੀ ਤੇ ਨਿਯੁਕਤ ਕੀਤਾ। ਮੁਹੰਮਦ ਸਾਲਹ ਖੋਖਰ ਜੋ ਸਨੌਰ ਦੇ ਇਲਾਕੇ ਵਿਚ ਜ਼ਿਮੀਂਦਾਰ ਸੀ ਆਪਣੇ ਗਿਰਦ ਗੜਬੜੀ ਨੂੰ ਦੇਖਦੇ ਹੋਏ ਉਸ ਨੇ ਮਹਾਰਾਜੇ ਦੀ ਅਧੀਨਗੀ ਸਵੀਕਾਰ ਕਰ ਲਈ ਅਤੇ ਸਿੱਟੇ ਵਜੋਂ ਸਨੌਰ ਦਾ ਪ੍ਰਗਨਾ ਮਹਾਰਾਜੇ ਦੇ ਕਬਜ਼ੇ ਵਿਚ ਆ ਗਿਆ।

ਹਿੰਦੂਆਂ ਅਤੇ ਮੁਸਲਮਾਨਾਂ ਦੇ ਦਿਲਾਂ ਵਿਚ ਵੀ ਮਹਾਰਾਜੇ ਦਾ ਬਹੁਤ ਸਤਿਕਾਰ ਸੀ।ਪਿੰਡ ਸੰਘੇੜੇ ਦੇ ਚੌਧਰੀ ਬੀਰ ਭਾਨ ਨੇ ਮਹਾਰਾਜੇ ਦੀ ਅਧੀਨਗੀ ਸਵੀਕਾਰ ਕਰ ਲਈ ਅਤੇ ਬਰਨਾਲੇ ਨੂੰ ਵਸਾਉਣ ਵਿਚ ਮਹਾਰਾਜੇ ਦੀ ਬੜੀ ਸਹਾਇਤਾ ਕੀਤੀ। ਮੁਸਲਮਾਨ ਵੀ ਉਸ ਦੀ ਨੌਕਰੀ ਵਿਚ ਸਨ ਅਤੇ ਸਾਰੇ ਹਿੰਦੂ ਉਸਦੇ ਆਗਿਆਕਾਰ ਸਨ।

ਮਹਾਰਾਜਾ ਆਲਾ ਸਿੰਘ ਨੇ ਮੁਸਲਮਾਨ ਪਰਜਾ ਨਾਲ ਧਰਮ ਨਿਰਪੇਖਤਾ ਸੰਬੰਧੀ ਬੜੀ ਸੂਝ-ਬੂਝ ਅਤੇ ਹੌਂਸਲਾ ਦਿਖਾਇਆ। ਰਾਮਪੁਰਾ ਅਤੇ ਜਮਾਲਪੁਰ ਦੀ ਜਿੱਤ ਤੋਂ ਪਿਆ ਮਹਾਰਾਜਾ ਸਾਹਿਬ ਨੇ ਉੱਥੋਂ ਦੇ ਉੱਘੇ ਵਿਅਕਤੀਆਂ ਸ਼ਮਸ-ਉਦ-ਦੀਨ ਅਤੇ ਹਸਨ ਉਲਾ, ਨੂੰ ਬੁਲਾਇਆ ਅਤੇ ਪੁੱਛਿਆ ਕਿ ਉਹ ਜਾਗੀਰ ਚਾਹੁੰਦੇ ਹਨ ਜਾਂ ਨੌਕਰੀ। ਉਨ੍ਹਾਂ ਨੇ ਉਤੱਰ ਦਿੱਤਾ ਕਿ ਅਸੀਂ ਬਾਦਸ਼ਾਹ ਦੇ ਨੌਕਰ ਹਾਂ, ਅਸੀਂ ਕਿਉਂ ਇਕ ਜੱਟ ਤੋਂ ਜਾਗੀਰ ਜਾਂ ਨੌਕਰੀ ਦੀ ਭੀਖ ਮੰਗੀਏ। ਸਾਨੂੰ ਤੁਹਾਡੇ ਤੋਂ ਕਿਸੇ ਚੀਜ਼ ਦੀ ਲੋੜ ਨਹੀਂ। ਮਹਾਰਾਜਾ ਚੁੱਪ ਰਿਹਾ ਅਤੇ ਦੇਸੂ ਸਿੰਘ ਨੂੰ ਉੱਥੇ ਨਿਯੁਕਤ ਕਰਕੇ ਵਾਪਸ ਚਲਾ ਗਿਆ। ਪਿੱਛੋਂ ਦੇਸੂ ਸਿੰਘ ਨੇ ਉਨ੍ਹਾਂ ਵਿਅਕਤੀਆਂ ਨੂੰ

ਬੁਲਾਇਆ ਅਤੇ ਮਹਾਰਾਜੇ ਦਾ ਸੰਦੇਸ਼ਾ ਦਿੱਤਾ, ਜਿਹੜਾ ਇਸ ਤਰ੍ਹਾਂ ਸੀ, "ਤੁਸੀਂ ਸਾਡੇ ਵਫ਼ਾਦਾਰ ਰਹੋ, ਅਸੀਂ ਤੁਹਾਡੇ ਵਫ਼ਾਦਾਰ ਰਹਾਂਗੇ।"

ਉਹ ਆਪਣੀ ਨਿਰਪੱਖ ਧਾਰਮਕ ਨੀਤੀ ਕਾਰਨ ਹੀ ਰਾਜ ਪ੍ਰਬੰਧ ਨੂੰ ਠੀਕ ਤਰ੍ਹਾਂ ਚਲਾ ਸਕਿਆ। ਉਸਦੀ ਮੁਸਲਮਾਨ ਪਰਜਾ ਨੇ ਕਦੇ ਉਸ ਵਿਰੁੱਧ ਬਗਾਵਤ ਨਹੀ ਕੀਤੀ। ਉਸ ਨੇ ਕਿਸੇ ਮੁਸਲਮਾਨ ਤੇ ਕਦੇ ਅਤਿਆਚਾਰ ਨਹੀ ਕੀਤਾ ਅਤੇ ਨਾ ਹੀ ਕਿਸੇ ਮਸੀਤ ਨੂੰ ਤਬਾਹ ਕੀਤਾ। ਉਸਦੀ ਮੁਸਲਮਾਨ ਪਰਜਾ ਬਹੁਤ ਖੁਸ਼ ਸੀ।

ਮਹਾਰਾਜਾ ਆਲਾ ਸਿੰਘ ਨੂੰ ਦੋ ਢੰਗਾਂ ਨਾਲ ਆਮਦਨੀ ਹੁੰਦੀ ਸੀ। ਇਕ ਤਾਂ ਮਾਲੀਆਂ। ਇਹ ਮਾਲੀਆਂ ਉਸ ਖੇਤਰ ਵਿਚੋਂ ਲਿਆ ਜਾਂਦਾ ਸੀ ਜਿਨ੍ਹਾਂ ਤੇ ਬਾਬਾ ਆਲਾ ਸਿੰਘ ਦਾ ਕਬਜ਼ਾ ਸੀ। ਦੂਜੀ ਰਾਜ ਨੂੰ ਆਮਦਨੀ 'ਰਾਖੀ' ਤੋਂ ਹੁੰਦੀ ਸੀ। ਕੁਝ ਇਲਾਕੇ ਅਧੀਨ ਕੀਤੇ ਜਾਂਦੇ ਸਨ ਪਰ ਉਨ੍ਹਾਂ ਨੂੰ ਭੂਗੋਲਕ ਸਥਿਤੀ ਕਾਰਨ ਆਪਣੇ ਕਬਜ਼ੇ ਵਿਚ ਨਹੀ ਲਿਆ ਜਾਂਦਾ ਸੀ। ਉਨ੍ਹਾਂ ਇਲਾਕਿਆਂ ਦੀ ਰਾਖੀ ਮਹਾਰਾਜੇ ਦੀ ਜ਼ਿੰਮੇਵਾਰੀ ਹੁੰਦੀ ਸੀ। ਰਾਖੀ ਦਾ ਰੁਪਿਆ ਉਸ ਥਾਂ ਜਾਂ ਖੇਤਰ ਦੀ ਉਪਜ ਦੇ ਅੱਧ ਤੋਂ ਲੈ ਕੇ ਪੰਜਾਵੇਂ ਭਾਗ ਤੱਕ ਲਿਆ ਜਾਂਦਾ ਸੀ।

ਡਾਂ: ਇੰਦੂ ਬਾਂਗਾ ਲਿਖਦੇ ਹਨ ਕਿ ਮਹਾਰਾਜਾ ਆਲਾ ਸਿੰਘ ਦੀ 'ਰਾਖੀ' ਪ੍ਰਦਾਨ ਕਰਨ ਦੀ ਯੋਗਤਾ ਅਤੇ ਨਰਮ ਵਤੀਰਾ ਹੀ ਇਲਾਕੇ ਦੇ ਕਿਸਾਨਾਂ ਵਿਚ ਉਨ੍ਹਾਂ ਦੀ ਲੋਕ-ਪ੍ਰਿਯਤਾ ਦਾ ਵੱਡਾ ਕਾਰਨ ਸੀ। ਇਹ ਪ੍ਰਬੰਧ ਮਹਾਰਾਜਾ ਆਲਾ ਸਿੰਘ ਦੇ ਅਨੁਕੂਲ ਸੀ ਕਿਉਂਕਿ ਇਸ ਅਨੁਸਾਰ ਸਾਰਾ ਸਿਧਾ ਰਾਜ ਪ੍ਰਬੰਧ ਨਹੀ ਕਰਨਾ ਪੈਂਦਾ ਸੀ। ਇਹ ਪ੍ਰਬੰਧ ਆਰਜ਼ੀ ਹੁੰਦਾ ਸੀ ਅਤੇ ਰਾਖੀ ਵਿਚ ਲਏ ਇਲਾਕੇ ਅਖ਼ੀਰ ਵਿਚ ਸਿਧੇ ਪ੍ਰਬੰਧਕੀ ਨਿਯੰਤਰਣ ਵਿਚ ਲੈ ਲਏ ਜਾਂਦੇ ਸਨ ਜਦੋ ਮਹਾਰਾਜਾ ਆਲਾ ਸਿੰਘ ਉਨ੍ਹਾਂ ਤੇ ਕਬਜ਼ਾ ਕਰਨ ਦੀ ਸਥਿਤੀ ਵਿਚ ਹੁੰਦੇ ਸਨ।

ਬਾਬਾ ਆਲਾ ਸਿੰਘ ਜੀ ਆਪਣੇ ਅਧੀਨ ਇਲਾਕੇ ਦੇ ਕਿਸਾਨਾਂ ਤੋਂ ਮਾਲਗੁਜ਼ਾਰੀ ਪ੍ਰਾਪਤ ਕਰਦੇ ਸੀ। ਇਤਿਹਾਸਕਾਰ ਲਿਖਦੇ ਹਨ ਕਿ ਇਹ ਆਮ ਕਾਇਦਾ ਸੀ ਕਿ ਸਰਦਾਰ ਆਪਣੇ ਅਧੀਨ ਇਲਾਕੇ ਦੇ ਕਿਸਾਨਾਂ ਤੋਂ ਉਪਜ ਦਾ ਅੱਧ ਲੈਂਦੇ ਸਨ ਅਤੇ ਦੂਜਾ ਅੱਧ ਕਿਸਾਨ ਲੈਂਦਾ ਸੀ। ਪਰ ਸਿੱਖ ਸਰਦਾਰ ਕਦੇ ਵੀ ਆਪਣਾ ਪੂਰਾ ਭਾਗ ਨਹੀ ਲੈਦੇਂ ਸਨ ਅਤੇ ਕਿਸੇ ਦੇਸ਼ ਵਿਚ ਵੀ ਰਈਅਤ ਨਾਲ ਇਸ ਤੋਂ ਵੱਧ ਚੰਗਾ ਸਲੂਕ ਨਹੀ ਹੁੰਦਾ ਸੀ। ਵਪਾਰ ਉੱਤੇ ਕਰ ਵਧੇਰੇ ਹੁੰਦਾ ਸੀ ਪਰ ਸਾਰੇ ਸਿੱਖ ਸਰਦਾਰਾਂ ਨੇ ਘੱਟ ਕਰ ਦਿੱਤਾ ਸੀ ਕਿਉਂਕਿ ਵਪਾਰ ਨੂੰ ਹਾਨੀ ਹੁੰਦੀ ਸੀ। ਇਸਦਾ ਸਿੱਟਾ ਇਹ ਹੋਇਆ ਕਿ ਸ਼ਾਲਾਂ ਦੇ ਵਪਾਰੀ ਆਪਣਾ ਮਾਲ ਲਾਹੌਰ, ਅੰਮ੍ਰਿਤਸਰ ਅਤੇ ਪਟਿਆਲੇ ਤੋਂ ਹਿੰਦੁਸਤਾਨ ਦੇ ਦੂਜੇ ਭਾਗਾਂ ਨੂੰ ਵਧੇਰੀ ਮਾਤਰਾ ਵਿਚ ਭੇਜਣ ਲੱਗ ਪਏ। ਚੁੰਗੀ ਤੋਂ ਬਹੁਤ ਆਮਦਨੀ ਹੁੰਦੀ ਸੀ। ਦਿੱਲੀ ਤੋਂ ਜੋ ਮਾਲ ਲਾਹੌਰ ਜਾਂ ਕਾਬਲ ਕੰਧਾਰ ਨੂੰ ਜਾਂਦਾ ਸੀ ਜਾਂ ਲਾਹੌਰ ਵਲੋਂ ਜੋ ਮਾਲ ਦਿੱਲੀ ਨੂੰ ਜਾਂਦਾ ਸੀ ਉਹ ਸਭ ਸਰਹੰਦ ਵਾਲੀ ਸ਼ਾਹੀ ਸੜਕ ਰਾਹੀਂ ਜਾਂਦਾ ਸੀ। ਇਸ ਲਈ ਹਰ ਇਕ ਸਿੰਘ ਸਰਦਾਰ ਸ਼ਾਹੀ ਸੜਕ ਦੇ ਆਸ-ਪਾਸ ਦਾ

ਇਲਾਕਾ ਮਲੀ ਬੈਠਾ ਸੀ। ਮਹਾਰਾਜੇ ਦਾ ਪਟਿਆਲੇ ਨੂੰ ਰਾਜਧਾਨੀ ਬਣਾਉਣ ਦਾ ਇਕ ਇਹ ਵੀ ਕਾਰਨ ਸੀ ਕਿ ਸ਼ਾਹੀ ਸੜਕ ਤੋਂ ਪਰੇ ਤੱਕ ਮਹਾਰਾਜੇ ਦੇ ਇਲਾਕੇ ਦੀ ਹੱਦ ਵੱਧ ਚੁੱਕੀ ਸੀ। ਇਸ ਲਈ ਚੁੰਗੀ ਦਾ ਪੂਰਾ-ਪੂਰਾ ਪ੍ਰਬੰਧ ਰਖੱਣ ਲਈ ਰਾਜਧਾਨੀ ਦਾ ਸੜਕ ਦੇ ਪਾਸ ਹੋਣਾ ਹੀ ਚੰਗਾ ਸੀ। ਕਿਉਂਕਿ ਉਨ੍ਹੀ ਦਿਨੀ ਸਾਰੇ "ਜੰਗਲ" ਦੇ ਇਲਾਕੇ ਤੋਂ ਇਤਨੀ ਆਮਦਨੀ ਨਹੀਂ ਹੋ ਸਕਦੀ ਸੀ ਜਿਤਨੀ ਕਿ ਸ਼ਾਹੀ ਸੜਕ ਦੀ ਜੁਗਾਤ ਤੋਂ ਹੋ ਸਕਦੀ ਸੀ।

ਆਲਾ ਸਿੰਘ ਵੀ ਇਕ ਕਿਸਾਨ ਤੋਂ ਉੱਨਤੀ ਕਰਕੇ ਮਹਾਰਾਜਾ ਬਣੇ ਸਨ। ਇਸ ਲਈ ਉਹ ਕਿਸਾਨਾਂ ਦੇ ਦੁੱਖਾ ਨੂੰ ਜਾਣਦੇ ਸਨ। ਉਹ ਆਮ ਲੋਕਾਂ ਦੀ ਅਤੇ ਵਿਸ਼ੇਸ਼ ਕਰਕੇ ਕਿਸਾਨਾਂ ਦੀ ਹਾਲਤ ਚੰਗੇਰੀ ਕਰਨ ਦੇ ਇਛੁੱਕ ਸਨ। ਉਨ੍ਹਾਂ ਨੂੰ ਪਤਾ ਸੀ ਕਿ ਕਾਲ ਪੈਣ ਨਾਲ ਕਿਤਨੀ ਤਬਾਹੀ ਹੁੰਦੀ ਹੈ। ਉਨ੍ਹਾਂ ਦੇ ਜੀਵਨ ਵਿਚ 1694, 1713 ਅਤੇ 1722 ਵਿਚ ਕਾਲ ਪਏ ਸਨ। ਕਾਲ ਦੇ ਦੌਰਾਨ ਧਾੜਵੀਆਂ ਨੂੰ ਲੁੱਟ-ਮਾਰ ਦਾ ਮੌਕਾ ਮਿਲ ਜਾਂਦਾ ਸੀ। ਬਾਬਾ ਆਲਾ ਸਿੰਘ ਨੇ ਕਾਫ਼ੀ ਪਿੰਡ ਵਸਾਏ ਤਾਂਕਿ ਵੱਧ ਧਰਤੀ ਤੇ ਖੇਤੀ ਕੀਤੀ ਜਾਵੇ ਤੇ ਉਪਜ ਵਧਾਈ ਜਾਵੇ। ਉਨ੍ਹਾਂ ਨੇ ਪਿੰਡ ਲੌਂਗੋਵਾਲ, ਦਿੜ੍ਹਬਾ ਅਤੇ ਛਾਜਲੀ ਵਸਾਏ। ਵਧੇਰੇ ਧਰਤੀ ਤੇ ਖੇਤੀ ਹੋਣ ਲੱਗ ਪਈ। ਬਹੁਤ ਪਿੰਡ ਜਿਹੜੇ ਉਜੜੇ ਹੋਏ ਸਨ ਵਿਚ ਵਸਣ ਲਈ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਗਿਆ। ਉਪਜ ਵੱਧਣ ਨਾਲ ਰਾਜ ਦੀ ਆਮਦਨੀ ਵਿਚ ਵਾਧਾ ਹੋਇਆ ਅਤੇ ਉਨ੍ਹਾਂ ਪਾਸ ਵਾਧੂ ਅਨਾਜ ਹੋ ਗਿਆ।

ਮਹਾਰਾਜਾ ਆਲਾ ਸਿੰਘ ਦੇ ਨਵੇਂ ਵਸਾਏ ਹੋਏ ਪਿੰਡਾਂ ਦੇ ਕਿਸਾਨ ਜਿਨ੍ਹਾਂ ਨੂੰ ਮਹਾਰਾਜੇ ਨੇ ਜ਼ਮੀਨ ਦਿੱਤੀ ਸੀ, ਉਸਦੇ ਆਭਾਰੀ ਰਹੇ। ਨਵੇਂ ਵਸਾਏ ਪਿੰਡ ਸ਼ਰੌਂ ਦੇ ਵਸਨੀਕਾਂ ਜੋਧ ਸਿੰਘ ਰੰਧਾਵਾ ਅਤੇ ਜੀਵਨ ਸਿੰਘ ਰੰਧਾਵਾ ਨੇ ਸਰਹੰਦ ਦੇ ਸੂਬੇਦਾਰ ਅਲੀ ਮੁਹੰਮਦ ਖ਼ਾਨ ਦੀ ਕੈਦ ਵਿਚੋਂ ਨਿਕਲਣ ਵਿਚ ਮਹਾਰਾਜਾ ਦੀ ਸਹਾਇਤਾ ਕੀਤੀ। ਮੂਣਕ ਦੇ ਗਿਰਦ ਇਲਾਕੇ ਦਾ ਬੰਦੋਬਸਤ ਕਰਨ ਨਾਲ ਹੀ ਉਨ੍ਹਾਂ ਟੋਹਾਣਾ ਅਤੇ ਜਮਾਲਪੁਰ ਨੂੰ ਜਿੱਤ ਲਿਆ। ਪਿੰਡ ਲੋਗੋਂਵਾਲ ਛੱਜਲੀ ਅਤੇ ਦਿੜ੍ਹਬਾ ਵਸਾਕੇ ਅਤੇ ਇਨ੍ਹਾਂ ਨੂੰ ਛਾਉਣੀ ਬਣਾ ਕੇ ਹੀ ਉਨ੍ਹਾਂ ਨੇ ਸੁਨਾਮ ਨੂੰ ਜਿੱਤ ਕੇ ਉਸ ਤੇ ਕਬਜ਼ਾ ਕਰ ਲਿਆ। ਵੱਧ ਜ਼ਮੀਨ ਤੇ ਖੇਤੀ ਹੋਣ ਕਾਰਨ ਉਪਜ ਵਿਚ ਕਾਫ਼ੀ ਵਾਧਾ ਹੋਇਆ। ਉਹ ਆਪਣੇ ਮਿਤੱਰਾਂ ਦੀ ਸਹਾਇਤਾ ਰਸਦ ਦੇਕੇ ਕਰ ਸਕਦਾ ਸੀ। ਸੰਨ 1758 ਵਿਚ ਉਸ ਨੇ ਆਲਮਗੀਰ ਦੂਜੇ ਦੀ ਰਸਦ ਨਾਲ ਸਹਾਇਤਾ ਕੀਤੀ। ਆਲਮਗੀਰ ਅਤੇ ਵਜ਼ੀਰ ਈਮਾਦ ਦੇ ਪਾਸ ਰਸਦ ਦੀ ਕਮੀ ਸੀ ਅਤੇ ਉਹ ਭੱਟੀਆਂ ਵਿਰੁੱਧ ਲੜ ਰਹੇ ਸਨ। ਸੰਨ 1761 ਵਿਚ ਉਸਨੇ ਪਾਣੀਪਤ ਦੀ ਲੜਾਈ ਵੇਲੇ ਮਰਾਠਾ ਸੈਨਾ ਦੀ ਰਸਦ ਨਾਲ ਸਹਾਇਤਾ ਕੀਤੀ ਸੀ ਜਦੋਂ ਕਿ ਉਹ ਭੁੱਖ ਨਾਲ ਦੁੱਖੀ ਸਨ। ਉਸ ਦਾ ਅਤੁੱਟ ਲੰਗਰ ਬਰਨਾਲੇ ਵਿਖੇ ਚਲਦਾ ਸੀ ਜਿੱਥੇ

ਆਏ। ਸਿੱਖਾਂ ਦੀ ਬੜੇ ਸਤਿਕਾਰ ਨਾਲ ਸੇਵਾ ਕੀਤੀ ਜਾਂਦੀ ਸੀ। ਇੱਥੇ ਹਰ ਆਉਣ ਵਾਲੇ ਨੂੰ ਹਰ ਵੇਲੇ ਪ੍ਰਸ਼ਾਦਾ ਤਿਆਰ ਮਿਲਦਾ ਸੀ।

ਮਹਾਰਾਜਾ ਆਲਾ ਸਿੰਘ ਦਾ ਰਾਜ ਪ੍ਰਬੰਧ ਬੜਾ ਸਾਦਾ ਸੀ। ਉਸਨੇ ਆਪਣੇ ਇਲਾਕੇ ਨੂੰ ਥਾਣਿਆਂ ਵਿਚ ਵੰਡਿਆ ਹੋਇਆ ਸੀ। ਹਰ ਥਾਣੇ ਵਿਚ ਇਕ ਥਾਣੇਦਾਰ ਅਤੇ ਇਕ ਦੀਵਾਨ ਸੀ। ਥਾਣੇਦਾਰ ਦਾ ਕੰਮ ਇਲਾਕੇ ਵਿਚ ਅਮਨ ਕਾਇਮ ਰੱਖਣਾ ਸੀ ਅਤੇ ਦੀਵਾਨ ਮਾਲੀਆ ਇਕੱਠਾ ਕਰਦਾ ਸੀ ਅਤੇ ਉਸਨੂੰ ਸ਼ਾਹੀ ਖਜ਼ਾਨੇ ਵਿਚ ਜਮ੍ਹਾਂ ਕਰਾਉਂਦਾ ਸੀ। ਹਿੰਦੂਆਂ ਨੂੰ ਆਮ ਤੌਰ ਤੇ ਦੀਵਾਨ ਨਿਯੁਕਤ ਕੀਤਾ ਜਾਂਦਾ ਸੀ। ਸਿੱਖਾਂ ਨੂੰ ਥਾਣੇਦਾਰ ਨਿਯੁਕਤ ਕੀਤਾ ਜਾਂਦਾ ਸੀ। ਨਵੇਂ ਜਿੱਤੇ ਹੋਏ ਇਲਾਕਿਆਂ ਵਿਚ ਥਾਣੇਦਾਰਾਂ ਦਾ ਕੰਮ (1) ਪਿੰਡਾਂ ਦੀ ਰਾਖੀ ਜਾਂ ਮਾਲਗੁਜ਼ਾਰੀ ਦੀ ਇਕਰਾਰ ਕੀਤੀ ਹੋਈ ਰਕਮ ਇਕੱਠੀ ਕਰਨੀ ਸੀ (2) ਪਿੰਡਾਂ ਦੀ ਰੱਖਿਆ ਕਰਦਿਆਂ ਹੋਇਆਂ ਦਿਹਾਤੀਆਂ ਨੂੰ ਆਲਾ ਸਿੰਘ ਦੀ ਸਤਾ ਸਵੀਕਾਰ ਕਰਨ ਲਈ ਉਤਸ਼ਾਹਿਤ ਕਰਨਾ ਸੀ ਅਤੇ ਜੇ ਲੋੜ ਪਵੇ ਤਾਂ ਸੈਨਿਕ ਸ਼ਕਤੀ ਦਾ ਵਿਖਾਵਾ ਵੀ ਕਰਨਾ ਸੀ ਪਰ ਹੱਦ ਤੋਂ ਵੱਧ ਨਹੀਂ (3) ਨਵੇਂ ਜਿੱਤੇ ਹੋਏ ਇਲਾਕਿਆਂ ਵਿਚ ਪ੍ਰਬੰਧ ਸਥਾਪਿਤ ਕਰਨਾ ਸੀ।

ਮਹਾਰਾਜਾ ਨੇ ਆਪਣੀ ਸੈਨਾ ਦਾ ਪ੍ਰਬੰਧ ਵੀ ਸ਼ੇਰ ਸ਼ਾਹ ਦੀ ਤਰ੍ਹਾਂ ਹੀ ਕੀਤਾ ਸੀ। ਉਸ ਨੇ ਫ਼ੌਜੀ ਮਹੱਤਤਾ ਵਾਲੀਆਂ ਥਾਵਾਂ ਤੇ ਕਿਲ੍ਹੇ ਬਣਾਉਣ ਦੀ ਸ਼ੇਰ ਸ਼ਾਹ ਦੀ ਨੀਤੀ ਅਪਣਾਈ ਹੋਈ ਸੀ। ਮਹਾਰਾਜਾ ਜਦੋਂ ਵੀ ਕਿਸੇ ਇਲਾਕੇ ਨੂੰ ਜਿੱਤਦਾ ਸੀ, ਉੱਥੇ ਸੈਨਿਕ ਮਹੱਤਤਾ ਵਾਲੇ ਸਥਾਨ ਤੇ ਕਿਲ੍ਹਾ ਬਣਾ ਦਿੰਦਾ ਸੀ ਤਾਂਕਿ ਇਲਾਕੇ ਦੇ ਵਸਨੀਕਾਂ ਦੀ ਰੱਖਿਆ ਕੀਤੀ ਜਾ ਸਕੇ। ਉਸ ਨੇ ਪਿੰਡ ਲੋਗੋਂਵਾਲ ਵਿਖੇ ਕਚੀ ਗੜ੍ਹੀ ਬਣਵਾਈ ਤਾਂਕਿ ਸੁਨਾਮ ਵੱਲ ਦੇ ਇਲਾਕੇ ਨੂੰ ਕਾਬੂ ਵਿਚ ਰੱਖਿਆ ਜਾ ਸਕੇ। ਜਦੋਂ ਉਸ ਨੇ ਸਮਾਣੇ ਦੇ ਪਰਗਨੇ ਦਾ ਕੁਝ ਇਲਾਕਾ ਜਿੱਤ ਲਿਆ ਤਾਂ ਉਸ ਨੇ ਢੋਡਿਆਂ ਵਰਤਮਾਨ ਭਵਾਨੀਗੜ੍ਹ ਵਿਖੇ ਕਿਲ੍ਹਾ ਬਣਵਾਇਆ। ਸਨੌਰ ਦੇ ਪਰਗਨਾ ਨੂੰ ਜਿੱਤਣ ਪਿੱਛੋਂ ਮਹਾਰਾਜੇ ਨੇ ਕਚੀ ਗੜ੍ਹੀ ਪਟਿਆਲੇ ਵਿਖੇ 1753 ਵਿਚ ਬਣਵਾਈ ਅਤੇ ਪਿੱਛੋਂ 1764 ਵਿਚ ਇਕ ਪੱਕਾ ਕਿਲ੍ਹਾ ਬਣਵਾਇਆ। ਉਸ ਨੇ ਬਰਨਾਲਾ, ਮੂਣਕ ਅਤੇ ਸੁਨਾਮ ਦੇ ਪੁਰਾਣੇ ਕਿਲ੍ਹਿਆਂ ਦੀ ਮੁਰੰਮਤ ਵੀ ਕਰਵਾਈ। ਉਸਦੀ ਸੈਨਾ ਵਿਚ ਲਗਭਗ ਸਤ ਹਜ਼ਾਰ ਸਵਾਰ ਸਨ। ਉਹ ਅਕਸਰ ਮੁਹਿੰਮਾਂ ਵੇਲੇ ਦਲ ਖ਼ਾਲਸਾ ਤੋਂ ਵੀ ਸਹਾਇਤਾ ਲੈਂਦੇ ਸਨ।

ਮਹਾਰਾਜਾ ਦੀ ਸੈਨਾ ਵਿਚ ਘੋੜ ਸਵਾਰ ਹੀ ਸਨ। ਸਰਹੰਦ ਦੇ ਸੂਬੇਦਾਰ ਜ਼ੈਨ ਖ਼ਾਨ ਦੀ ਹਾਰ ਤੋਂ ਪਿੱਛੋਂ ਉਨ੍ਹਾਂ ਦੇ ਹੱਥ ਕੁਝ ਤੋਪਾਂ ਵੀ ਲੱਗੀਆਂ ਸਨ। ਉਨ੍ਹਾਂ ਦਿਨਾਂ ਵਿਚ ਸਿੱਖ ਸੈਨਾਂ ਘੋੜ ਸਵਾਰਾਂ ਦੀ ਹੀ ਹੁੰਦੀ ਸੀ ਅਤੇ ਹਰ ਸਿੱਖ ਪਾਸ ਘੋੜਾ ਹੁੰਦਾ ਸੀ। ਪੈਦਲ ਸੈਨਾਂ ਕਿਲ੍ਹਿਆਂ ਵਿਚ ਹੀ ਰੱਖੀ ਜਾਂਦੀ ਸੀ ਅਤੇ ਉਨ੍ਹਾਂ ਤੋਂ ਘਟੀਆਂ ਕੰਮ ਲਏ ਜਾਂਦੇ ਸਨ। ਇਕ ਸਿੱਖ ਘੋੜ ਸਵਾਰ

ਪਾਸ ਇਕ ਤੋੜੇਦਾਰ ਬੰਦੂਕ ਅਤੇ ਸ਼ਾਨਦਾਰ ਧਾਤ ਦੀ ਤਲਵਾਰ ਹੁੰਦੀ ਸੀ ਅਤੇ ਉਹਦਾ ਘੋੜਾ ਬਹੁਤ ਰਿਸ਼ਟ-ਪੁਸ਼ਟ ਅਤੇ ਚੰਗੀ ਨਸਲ ਦਾ ਹੁੰਦਾ ਸੀ।

ਮਹਾਰਾਜੇ ਦਾ ਰਾਜ ਪ੍ਰਬੰਧ ਦੂਜੇ ਸਿੱਖ ਸਰਦਾਰਾਂ ਵਾਂਗ ਹੀ ਸੀ। ਉਸਦੀ ਸੈਨਾ ਵੀ ਉਨ੍ਹਾਂ ਦੀ ਤਰ੍ਹਾਂ ਘੋੜ ਸਵਾਰਾਂ ਦੀ ਸੀ ਤੇ ਉਨ੍ਹਾਂ ਪਾਸ ਵੀ ਉਹੀ ਹਥਿਆਰ ਸਨ ਜਿਹੜੇ ਦੂਜੇ ਸਰਦਾਰਾਂ ਦੀ ਸੈਨਾ ਪਾਸ ਸਨ। ਮਹਾਰਾਜਾ ਆਲਾ ਸਿੰਘ ਇਕ ਯੋਗ ਰਾਜ-ਪ੍ਰਬੰਧਕ ਸੀ। ਉਨ੍ਹਾਂ ਨੇ ਨਵੇਂ ਪਿੰਡ ਆਬਾਦ ਕੀਤੇ, ਖੇਤੀ-ਬਾੜੀ ਦੇ ਵਿਕਾਸ ਵੱਲ ਖ਼ਾਸ ਧਿਆਨ ਦਿੱਤਾ। ਇਸੇ ਕਾਰਨ ਮਾਲਗੁਜ਼ਾਰੀ ਦੀ ਆਮਦਨੀ ਵਿਚ ਕਾਫ਼ੀ ਵਾਧਾ ਹੋਇਆ। ਉਪਜ ਵੱਧ ਹੋਣ ਕਰਕੇ ਮਹਾਰਾਜਾ ਸਾਹਿਬ ਨੇ ਅਨਾਜ ਦੀ ਕਮੀ ਕਦੇ ਵੀ ਮਹਿਸੂਸ ਨਹੀਂ ਕੀਤੀ। ਸਿੱਟੇ ਵਜੋਂ ਲੜਾਈਆਂ ਵੇਲੇ ਰਸਦ ਦੀ ਲੋੜ ਪੂਰੀ ਹੁੰਦੀ ਰਹੀ ਅਤੇ ਆਪਣੇ ਮਿਤੱਰਾਂ ਦੀ ਸਹਾਇਤਾ ਵੀ ਰਸਦ ਨਾਲ ਕਰਦੇ ਰਹੇ ਜਿਸ ਕਾਰਨ ਮਹਾਰਾਜਾ ਆਲਾ ਸਿੰਘ ਦੇ ਰਸੂਖ਼ ਵਿਚ ਕਾਫ਼ੀ ਵਾਧਾ ਹੋਇਆ।

-0-

ਕਾਂਡ ਗਿਆਰਵਾਂ

## ਬਾਬਾ ਆਲਾ ਸਿੰਘ ਦੀ ਸ਼ਖ਼ਸੀਅਤ

ਬਾਬਾ ਆਲਾ ਸਿੰਘ ਦਾ ਕਦ ਲੰਬਾ ਅਤੇ ਜਿਸਮ ਸ਼ਕਤੀਸ਼ਾਲੀ ਸੀ। ਉਨ੍ਹਾਂ ਨੇ ਸਕੂਲੀ ਵਿਦਿਆ ਤਾਂ ਪ੍ਰਾਪਤ ਨਹੀਂ ਕੀਤੀ ਸੀ ਪਰ ਉਹ ਅਦੁੱਤੀ ਸੂਝ-ਬੂਝ ਵਾਲੇ ਨੀਤੀਵਾਨ ਅਤੇ ਬਹਾਦਰ ਜਰਨੈਲ ਸਨ। ਉਨ੍ਹਾਂ ਦੇ ਹਿੱਸੇ ਵਿਚ ਮੌਰੂਸੀ ਜਾਇਦਾਦ ਵਿਚੋਂ ਕੇਵਲ ਤਿੰਨ ਜਾਂ ਚਾਰ ਪਿੰਡ ਆਏ ਸਨ। ਆਪਣੇ ਹੌਂਸਲੇ ਅਤੇ ਜ਼ਾਤੀ ਗੁਣਾਂ ਸਦਕਾ ਹੀ ਉਹ ਇਕ ਮਾਮੂਲੀ ਸਰਦਾਰ ਤੋਂ ਤਰੱਕੀ ਕਰਕੇ ਹਿਠਾੜ-ਸਤਲੁਜ ਦੇ ਇਲਾਕੇ ਦੇ ਬਹੁਤ ਸ਼ਕਤੀਸ਼ਾਲੀ ਮਹਾਰਾਜ ਬਣ ਗਏ। ਬਾਬਾ ਜੀ ਦੇ ਵਡਪਣ ਦਾ ਅੰਦਾਜ਼ਾ 1714 ਵਿਚ ਹੋਈ, ਉਨ੍ਹਾਂ ਦੀ ਆਪਣੇ ਪਿਤਾ ਦੀ ਮ੍ਰਿਤੂ ਵੇਲੇ ਉਨ੍ਹਾਂ ਦੀ ਹਾਲਤ ਤੋਂ ਲੱਗਦਾ ਹੈ। ਉਹ ਬੜੀ ਦਲੇਰੀ, ਹੌਂਸਲੇ ਅਤੇ ਸੂਝ-ਬੂਝ ਤੋਂ ਕੰਮ ਲੈਂਦੇ ਹੋਏ ਹਰ ਔਕੜ ਤੇ ਸਫ਼ਲਤਾ ਪ੍ਰਾਪਤ ਕਰਦੇ ਰਹੇ।

ਮਹਾਰਾਜਾ ਆਲਾ ਸਿੰਘ ਦਾ ਚਰਿਤ੍ਰ ਉੱਚ ਪਾਏ ਦਾ ਸੀ। ਚਰਿਤ੍ਰ ਭ੍ਰਸ਼ਟਤਾ ਦੇ ਉਸ ਯੁੱਗ ਵਿਚ, ਉਨ੍ਹਾਂ ਨੇ ਇਕ ਵਿਆਹ ਕਰਵਾਇਆ ਅਤੇ ਕਦੇ ਵੀ ਪਰਾਈ ਇਸਤ੍ਰੀ ਨੂੰ ਬੁਰੀ ਦ੍ਰਿਸ਼ਟੀ ਨਾਲ ਨਹੀਂ ਦੇਖਿਆ। ਖ਼ਲੀਫ਼ਾ ਮੁਹੰਮਦ ਹਸਨ ਉਨ੍ਹਾਂ ਦੇ ਉਚ ਚਰਿਤ੍ਰ ਬਾਰੇ ਇਕ ਘਟਨਾ ਲਿਖਦੇ ਹਨ, "ਇਕ ਦਿਨ ਦਾ ਜ਼ਿਕਰ ਹੈ ਕਿ ਪਿੰਡ ਲੌਂਗੋਵਾਲ ਵਿਚ ਉਹ ਅਚਾਨਕ ਕੋਠੇ ਉੱਤੇ ਚੜ੍ਹੇ ਅਤੇ ਇਕ ਤਰਖਾਣ ਦੀ ਅਣਵਿਆਹੀ ਲੜਕੀ, ਜੋ ਗੁਆਂਢ ਵਿਚ ਰਹਿੰਦੀ ਸੀ, ਨੂੰ ਆਪਣੇ ਘਰ ਵਿਚ ਨਹਾਉਂਦੇ ਦੇਖ ਲਿਆ। ਅੱਖਾਂ ਬੰਦ ਕਰਕੇ ਤੁਰੰਤ ਹੇਠਾਂ ਉਤਰ ਆਏ ਅਤੇ ਉਸ ਦੇ ਪਿਤਾ ਨੂੰ ਬੁਲਾ ਕੇ ਆਪਣੇ ਇਸ ਬਿਨਾਂ ਇਰਾਦੇ ਦੇ ਪਾਪ ਦੀ ਮਾਫ਼ੀ ਮੰਗੀ ਅਤੇ ਉਸ ਲੜਕੀ ਨੂੰ ਆਪਣੀ ਲੜਕੀ ਕਹਿਕੇ ਅੱਛਾ ਦਹੇਜ ਦੇਕੇ ਵਿਆਹ ਕਰ ਦਿੱਤਾ "

ਬਾਬਾ ਆਲਾ ਸਿੰਘ ਜੀ ਪੂਰਨ ਗੁਰਸਿੱਖ ਸਨ ਅਤੇ ਉਹ ਸਿੱਖ ਧਰਮ ਦੀਆਂ ਰੀਤਾਂ ਦੀ ਪੂਰੀ ਤਰਾਂ ਪਾਲਣਾ ਕਰਦੇ ਸਨ। ਉਨ੍ਹਾਂ ਦਾ ਆਚਰਨ ਬਹੁਤ ਉੱਚਾ ਸੀ। ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ, ਭਾਗ ਤੀਜਾ ਪੰਨਾ 561 ਤੇ ਲਿਖਦੇ ਹਨ "ਬਾਬਾ ਆਲਾ ਸਿੰਘ ਬਣਾ ਹੀ ਧਰਮੀ ਸੁਭ ਆਚਰਨ ਤੇ ਬਹਾਦਰ ਆਦਮੀ ਸੀ. ਉਨ੍ਹਾਂ ਨੇ ਸਿਵਾਏ ਆਪਣੀ ਰਾਣੀ ਫੱਤੋਂ ਦੇ ਦੂਜੀ ਤੀਵੀਂ ਵੱਲ ਅੱਖ ਚੁੱਕਕੇ ਵੀ ਨਹੀਂ ਵੇਖਿਆ ਸੀ।" ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਫ਼ਰਮਾਨ "ਦੇਗ ਤੇਗ ਜਗ ਮੇਂ ਦੋਉ ਚਲੈ' ਤੇ ਫੁੱਲ ਚੜਾਏ ਅਤੇ ਲੋੜਵੰਦਾ ਨੂੰ ਲੰਗਰ ਛਕਾਉਂਦੇ ਰਹੇ। ਉਨਾਂ ਨੂੰ ਇਹ ਪਤਾ ਸੀ ਕਿ 'ਤੇਗ' ਖਾਲਸੇ ਦਾ ਚਿੰਨ੍ਹ ਹੈ ਅਤੇ ਦੇਗ ਖ਼ਾਲਸੇ

ਲਈ ਮਨੁੱਖਾ ਦੀ ਸੇਵਾ ਦਾ ਪ੍ਰਤੀਕ ਹੈ ਅਤੇ ਇਹ ਦੋਨੋਂ ਵੱਖ ਨਹੀਂ ਹੋ ਸਕਦੇ। ਉਨ੍ਹਾਂ ਨੇ ਗਰੀਬਾਂ ਦੇ ਲਈ ਲੰਗਰ ਦਾ ਪ੍ਰਬੰਧ ਕੀਤਾ। ਉਨ੍ਹਾਂ ਦੀ ਪਤਨੀ ਰਾਣੀ ਫ਼ੱਤੋ ਲੰਗਰ ਦੀ ਸੇਵਾ ਵਿਚ ਬਹੁਤ ਦਿਲਚਸਪੀ ਲੈਂਦੀ ਸੀ। ਵੱਖ-ਵੱਖ ਸਥਾਨਾਂ ਤੋਂ ਆਏ ਸਿੱਖਾਂ ਦੀ ਬੜੀ ਸ਼ਰਧਾ ਨਾਲ ਸੇਵਾ ਕੀਤੀ ਜਾਂਦੀ ਸੀ। ਬਰਨਾਲੇ ਦੇ ਕਿੱਲ੍ਹੇ ਵਿਚ ਹੁਣ ਤੱਕ ਬਾਬਾ ਆਲਾ ਸਿੰਘ ਜੀ ਦੇ ਸਮੇਂ ਦੇ ਚੁਲ੍ਹੇ ਬਣੇ ਹੋਏ ਹਨ। ਇਨ੍ਹਾਂ ਚੁਲ੍ਹਿਆ ਤੇ ਹੀ ਲੰਗਰ ਬਣਦਾ ਸੀ ਅਤੇ ਇਹ ਹੁਣ ਤੱਕ ਸਤਿਕਾਰ ਦੇ ਪਾਤਰ ਹਨ।

ਬਾਬਾ ਆਲਾ ਸਿੰਘ ਜਿਤਨਾ ਆਪਣੀ ਦਲੇਰੀ ਤੇ ਬਹਾਦਰੀ ਦੇ ਕਾਰਨ ਪ੍ਰਸਿੱਧ ਸਨ ਉਤਨਾ ਹੀ ਦਾਨੀ ਹੋਣ ਵਿਚ ਵੀ ਅਦੁੱਤੀ ਸਨ। ਉਹ ਬੜੀ ਸਾਦਾ ਫ਼ਕੀਰਾਨਾ ਪੁਸ਼ਾਕ ਵਿਚ ਰਹਿੰਦੇ ਸਨ। ਉਨ੍ਹਾਂ ਨੂੰ ਸਿੱਖ ਧਰਮ ਵਿਚ ਪੂਰਨ ਵਿਸ਼ਵਾਸ ਸੀ। ਉਹ ਬੜੇ ਸਹਿਨਸ਼ੀਲ ਤੇ ਸਿਆਣੇ ਸਨ। ਰਾਣੀ ਫ਼ੱਤੋ ਨੇ ਲੌਂਗਵਾਲ ਵਿਚ ਜੋ ਗੁਰੂ ਦਾ ਲੰਗਰ ਲੱਗਾ ਰੱਖਿਆ ਸੀ ਉਸ ਵਿਚ ਹਰ ਇਕ ਸਿੱਖ ਨੂੰ ਅੱਧ ਪਾਉ ਘੀ ਖਿਚੜੀ ਵਿਚ ਪਾਕੇ ਦਿੰਦੇ ਸਨ। ਇਕ ਦਿਨ ਇਕ ਸਿੱਖ ਨੇ ਕਿਹਾ, ਇੰਨਾਂ ਗਰਮ ਘੀ ਮੈਂ ਕੀ ਕਰਾਂ ? ਰਾਣੀ ਸਾਹਿਬ ਨੇ ਕਿਹਾ ਕਿ ਮੇਰੇ ਸਿਰ ਵਿਚ ਪਾ ਦੇ। ਉਸ ਨੇ ਝਟ ਘੀ ਉਹਦੇ ਸਿਰ ਵਿਚ ਪਾ ਦਿੱਤਾ। ਜਦੋਂ ਬਾਬਾ ਜੀ ਘਰ ਵਾਪਸ ਆਏ, ਤਾਂ ਰਾਣੀ ਨੇ ਉਸ ਸਿੱਖ ਦੀ ਸ਼ਿਕਾਇਤ ਕੀਤੀ। ਬਾਬਾ ਜੀ ਨੇ ਕਿਹਾ ਕਿ ਤੂੰ ਬੜੇ ਚੰਗੇ ਭਾਗਾਂ ਵਾਲੀ ਹੈਂ ਜੋ ਤੇਰੇ ਸਿਰ ਵਿਚ ਸਿੱਖ ਨੇ ਘਿਉ ਪਾ ਦਿੱਤਾ ਹੈ, ਇਹ ਚੰਗਾ ਸ਼ਗਨ ਹੁੰਦਾ ਹੈ। ਦੂਜਾ ਉਸ ਸਰਦਾਰ ਨੇ ਤੇਰਾ ਹੁਕਮ ਮੰਨਿਆ ਹੈ। ਬਾਬਾ ਜੀ ਦੀ ਇਹ ਗੱਲ ਸੁਣਕੇ ਸਾਰੇ ਬਹੁਤ ਖੁਸ਼ ਹੋ ਗਏ।

ਬਾਬਾ ਆਲਾ ਸਿੰਘ ਜੀ ਕੇਵਲ ਕਛ ਪਹਿਨਦੇ, ਦਸਤਾਰ ਬੰਨ੍ਹਦੇ ਅਤੇ ਭੂਰੇ ਦੀ ਬੁਕਲ ਆਪਣੇ ਤਨ ਨਾਲ ਲਪੇਟਕੇ ਰਖਦੇ ਸਨ। ਉਨ੍ਹਾਂ ਦਿਨਾਂ ਵਿਚ ਕੰਬਲੀ ਖ਼ਾਲਸੇ ਦਾ ਜਰੂਰੀ ਅੰਗ ਬਣ ਗਿਆ ਸੀ। ਉਸ ਸਮੇਂ ਦੇ ਖ਼ਾਲਸਾ ਜੀ ਦੀ ਤਰ੍ਹਾਂ ਬਾਬਾ ਜੀ ਦੀ ਰਹਿਣੀ ਬੜੀ ਸਾਦੀ ਸੀ। ਕੇਵਲ ਦੋ ਕੰਬਲੀਆਂ ਨਾਲ ਵੱਡੀਆਂ-ਵੱਡੀਆਂ ਮੁਹਿੰਮਾ ਮਾਰ ਲੈਂਦੇ ਸਨ। ਇਕ ਕੰਬਲੀ ਦੀ ਬੁਕਲ ਮਾਰ ਲੈਂਦੇ ਅਤੇ ਦੂਜੀ ਕੰਬਲੀ ਨੂੰ ਘੋੜੇ ਤੇ ਪਾਕੇ ਉਸ ਉੱਤੇ ਚੜ੍ਹ ਜਾਂਦੇ। ਜਦ ਕਿਸੇ ਇਲਾਕੇ ਨੂੰ ਉਗਰਾਹੁੰਦੇ ਤਾਂ ਹਰ ਇਕ ਪਾਸੋਂ ਕੰਬਲੀ ਦਾ ਮੁਲ ਲੈ ਲੈਂਦੇ। ਇਸ ਉਗਰਾਹੀ ਨੂੰ ਕੰਬਲੀ ਜਾਂ 'ਰਾਖੀ' ਕਿਹਾ ਜਾਂਦਾ ਸੀ।

ਬਾਬਾ ਆਲਾ ਸਿੰਘ ਜੀ ਬੜੇ ਧੀਰਜ ਵਾਲੇ ਵਿਅਕਤੀ ਸਨ। ਉਹ ਸੰਕਟ ਵੇਲੇ ਵੀ ਦਿਮਾਗੀ ਸੰਤੁਲਨ ਖੋਂਦੇ ਨਹੀਂ ਸਨ। ਉਨ੍ਹਾਂ ਦਾ ਹੌਂਸਲਾ ਅਦੁੱਤੀ ਸੀ। ਘਲੂਘਾਰੇ ਪਿੱਛੋਂ ਅਹਿਮਦ ਸ਼ਾਹ ਅਬਦਾਲੀ ਨੇ ਆਦੇਸ਼ ਦਿੱਤਾ ਕਿ ਆਲਾ ਸਿੰਘ ਆਪਣੇ ਲੰਬੇ ਕੇਸ ਕਟਵਾ ਕੇ ਮੇਰੇ ਪੇਸ਼ ਹੋਵੇ। ਇਹ ਆਲਾ ਸਿੰਘ ਵਰਗੇ ਕੱਟੜ ਸਿੱਖ ਲਈ ਬਹੁਤ ਬੜਾ ਸਦਮਾ ਸੀ। ਉਹ ਘਬਰਾਏ ਨਹੀਂ ਅਤੇ ਉਨ੍ਹਾਂ ਨੇ ਸ਼ਾਹ ਨੂੰ ਸੁਨੇਹਾ ਭੇਜਿਆ ਕਿ ਉਹ ਆਪਣੇ ਕੇਸਾਂ ਦੀ ਕੀਮਤ ਦੇਣ ਨੂੰ ਤਿਆਰ ਹਨ। ਉਨ੍ਹਾਂ ਦੀ ਤਜਵੀਜ਼ ਨਾਲ ਲਾਲਚੀ ਸ਼ਾਹ ਸਹਿਮਤ ਹੋ ਗਿਆ। ਬਾਬਾ ਜੀ ਨੇ

ਸਵਾ ਲੱਖ ਰੁਪਿਆ ਆਪਣੇ ਕੇਸ ਨਾ ਕਟਾਉਣ ਦੀ ਭੇਂਟ ਵਜੋਂ ਦਿੱਤਾ। ਉਨ੍ਹਾਂ ਦੀ ਦੂਰ ਦ੍ਰਿਸ਼ਟੀ ਦਾ ਹੀ ਸਿੱਟਾ ਸੀ ਕਿ ਉਨ੍ਹਾਂ ਨੇ ਸਿੱਖੀ ਚਿੰਨ੍ਹ ਉਸ ਜ਼ਾਲਮ ਦੇ ਹੱਥੋਂ ਬਚਾ ਲਿਆ ਜੋ ਸਿੱਖਾਂ ਦਾ ਕੱਟੜ ਵੈਰੀ ਸੀ।

ਬਾਬਾ ਆਲਾ ਸਿੰਘ ਜੀ ਇਕ ਸੁਯੋਗ ਰਾਜਨੀਤਕ ਦ੍ਰਿਸ਼ਟੀ ਦੇ ਮਾਲਕ ਸਨ। ਉਨ੍ਹਾਂ ਹਿਠਾੜ-ਸਤਲੁਜ ਦੇ ਇਲਾਕੇ ਵਿਚ ਸ਼ਾਂਤੀ ਸਥਾਪਿਤ ਕੀਤੀ। ਇਸ ਇਲਾਕੇ ਵਿਚ ਰਾਜ ਕਾਇਮ ਕਰਨ ਤੋਂ ਪਹਿਲਾਂ, ਇਸ ਇਲਾਕੇ ਵਿਚ ਭੱਟੀ ਧਾੜਵੀਆਂ ਦੇ ਕਟਕ ਜਾਂ ਬਰਾੜਾਂ ਦੀਆਂ ਲੁੱਟਮਾਰਾਂ ਹੁੰਦੀਆਂ ਸਨ। ਜਾਨ ਤੇ ਮਾਲ ਦੀ ਕੋਈ ਸੁਰੱਖਿਆ ਨਹੀਂ ਸੀ ਅਤੇ ਕੋਈ ਵੀ ਆਪਣੇ ਆਪ ਨੂੰ ਸਲਾਮਤ ਨਹੀਂ ਸਮਝਦਾ ਸੀ ਜਦੋਂ ਤੱਕ ਉਸ ਪਾਸ ਆਪਣੀ ਰਾਖੀ ਲਈ ਸ਼ਕਤੀ ਨਾ ਹੁੰਦੀ। ਮਹਾਰਾਜ ਦਾ ਮਹਾਨ ਕੰਮ ਰਾਜ ਕਾਇਮ ਕਰਕੇ ਇਲਾਕੇ ਵਿਚ ਸ਼ਾਂਤੀ ਸਥਾਪਿਤ ਕਰਨਾ ਸੀ। ਜਿਸਦਾ ਸਿੱਟਾ ਇਹ ਹੋਇਆ ਕਿ ਲੋਕ ਖੁਸ਼ਹਾਲ ਹੋ ਗਏ। ਉਸ ਨੇ ਉਸ ਵੇਲੇ ਦੇ ਸ਼ਕਤੀਸ਼ਾਲੀ ਰਾਜਿਆਂ ਨਾਲ ਗੰਢਤਪ ਕੀਤੀ ਤਾਂ ਜੋ ਆਪਣੇ ਇਲਾਕੇ ਦੇ ਲੋਕਾਂ ਨੂੰ ਹੀ ਲੁੱਟਮਾਰ ਤੋਂ ਬਚਾਇਆ ਜਾ ਸਕੇ। ਮਰਾਠਿਆਂ ਨਾਲ ਦੋਸਤੀ ਕਾਰਨ ਉਨ੍ਹਾਂ ਦਾ ਰਾਜ ਮਰਾਠਿਆ ਦੀ ਲੁੱਟ ਤੋਂ ਬਚਿਆ ਰਿਹਾ। ਉਨ੍ਹਾਂ ਨੇ ਅਹਿਮਦਸ਼ਾਹ ਅਬਦਾਲੀ ਦੀ ਨਾਂ-ਮਾਤਰ ਅਧੀਨਗੀ ਸਵੀਕਾਰ ਕੀਤੀ ਅਤੇ ਇਸ ਤਰ੍ਹਾਂ ਨਾਲ ਉਨ੍ਹਾਂ ਦਾ ਰਾਜ ਅਹਿਮਦਸ਼ਾਹ ਦੀ ਲੁੱਟ ਤੋਂ ਬਚਿਆਂ ਰਿਹਾ। ਉਨ੍ਹਾਂ ਦੇ 'ਦਲ ਖ਼ਾਲਸਾ' ਨਾਲ ਚੰਗੇ ਸੰਬੰਧ ਸਨ। ਇਨਾਂ ਸੰਬੰਧਾਂ ਕਾਰਨ ਹੀ ਉਨ੍ਹਾਂ ਨੇ ਆਪਣੇ ਇਲਾਕੇ ਨੂੰ ਦਲ ਖ਼ਾਲਸਾ ਦੀਆਂ ਉਗਰਾਹੀਆਂ ਤੋਂ ਬਚਾ ਲਿਆ। ਉਨ੍ਹਾਂ ਦੀ ਅਦੁੱਤੀ ਯੋਗਤਾ ਨੇ ਉਨ੍ਹਾਂ ਦੇ ਰਾਜ ਨੂੰ ਸੁਰੱਖਿਅਕ ਬਣਾ ਦਿੱਤਾ ਅਤੇ ਉਨ੍ਹਾਂ ਦੀ ਸੂਝ-ਬੂਝ ਅਤੇ ਇਨਸਾਫ਼ ਪਸੰਦ ਹਕੂਮਤ ਨੇ ਸਾਰੀਆਂ ਜਾਤਾਂ ਤੇ ਧਰਮਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਰਾਜ ਵਿਚ ਰਹਿਣ ਲਈ ਖਿਚਿਆ। ਪਟਿਆਲਾ ਦਾ ਰਾਜ ਉਸ ਸਮੇਂ ਹਿਠਾੜ-ਸਤਲੁਜ ਖੇਤਰ ਵਿਚ ਰਹਿਣ ਲਈ ਇਕ ਸੁਰੱਖਿਅਕ ਖੇਤਰ ਗਿਣਿਆਂ ਜਾਂਦਾ ਸੀ। ਕਾਜ਼ੀ ਨੂਰ ਮੁਹੰਮਦ ਲਿਖਦਾ ਹੈ। ਕਿ ਮੁਸਲਮਾਨ ਵੀ ਉਸ ਦੀ ਚਾਕਰੀ ਵਿਚ ਸਨ। ਇਸ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਉਸ ਕਟੱੜਤਾ ਦੇ ਯੁੱਗ ਵਿਚ ਮਹਾਰਾਜਾ ਧਰਮ-ਨਿਰਪੱਖ ਸਨ। ਉਨ੍ਹਾਂ ਨੇ ਮੁਸਲਮਾਨਾਂ ਨੂੰ ਅਯੋਗ ਤੰਗ ਨਹੀਂ ਕੀਤਾ। ਉਨ੍ਹਾਂ ਨੂੰ ਸਨਮਾਨ ਦਿੱਤਾ ਅਤੇ ਸਰਕਾਰੀ ਨੌਕਰੀਆਂ ਤੇ ਲਗਇਆ। ਮਹਾਰਾਜੇ ਦੀ ਇਹ ਧਰਮ ਨਿਰਪੱਖਤਾ ਉਸ ਯੁੱਗ ਵਿਚ ਸੀ ਜਦੋਂ ਸਿੱਖਾਂ ਤੇ ਮੁਸਲਮਾਨਾਂ ਵਿਚਕਾਰ ਲਗਾਤਾਰ ਲੜਾਈਆ ਹੁੰਦੀਆਂ ਆ ਰਹੀਆਂ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਲੈਕੇ ਮਿਸਲਾਂ ਦੇ ਸਤਾ ਪ੍ਰਾਪਤ ਕਰਨ ਤੱਕ, ਤੁਅਸਬੀ ਮੁਸਲਮਾਨਾਂ ਨੇ ਸਿੱਖਾਂ ਤੇ ਬਹੁਤ ਅਤਿਆਚਾਰ ਕੀਤੇ। ਇਸ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਭਾਵੇਂ ਮਹਾਰਾਜਾ ਪੱਕਾ ਸਿੱਖ ਸੀ, ਪਰ ਆਪਣੀ ਪਰਜਾ ਦੀ ਬੇਹਤਰੀ ਉਨ੍ਹਾਂ ਦਾ ਮੁੱਖ ਮੰਤਵ ਸੀ।

ਇਲਾਕਿਆਂ ਤੇ ਕਬਜ਼ਾ ਕਰਨ ਵਿਚ ਫੂਲਕੀਆਂ ਅਤੇ ਭਾਈਕਿਆਂ ਦੀ ਸਹਾਇਤਾ ਸਦਾ ਹੀ ਬਾਬਾ ਆਲਾ ਸਿੰਘ ਨਾਲ ਹੁੰਦੀ ਸੀ ਅਤੇ ਅਗਵਾਈ ਮਹਾਰਾਜਾ ਆਲਾ ਸਿੰਘ ਹੀ ਕਰਦੇ ਰਹੇ ਸਨ। ਭਾਈਕੇ ਤਾਂ ਆਰੰਭ ਤੋਂ ਹੀ ਮਹਾਰਾਜਾ ਜੀ ਨਾਲ ਹੀ ਰਹੇ ਅਤੇ ਜਿਉਂ-ਜਿਉਂ ਮਹਾਰਾਜਾ ਸਾਹਿਬ ਸਰਹੰਦ ਵੱਲ ਵਧਦੇ ਗਏ, ਭਾਈਕੇ ਵੀ ਵਧਦੇ ਗਏ। ਮਹਾਰਾਜਾ ਦੇ ਸਨੌਰ ਉੱਪਰ ਕਬਜ਼ਾ ਹੋਣ ਪਿੱਛੋਂ ਭਾਈਕਿਆਂ ਨੇ ਸਨੌਰ ਦੇ ਸੱਜੇ ਖੱਬੇ ਪਾਸੇ ਸਿਧੂਵਾਲ ਅਤੇ ਅਰਨੌਲੀ ਤੇ ਕਬਜ਼ਾ ਕਰ ਲਿਆ। ਫੂਲਕੀਆਂ ਵਿਚੋਂ ਰਾਜਾ ਗਜਪਤ ਸਿੰਘ ਨੇ ਨਾਭੇ ਦੇ ਆਸੇ-ਪਾਸੇ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਰਾਜਾ ਗਜਪਤ ਸਿੰਘ 'ਖਾਲਸਾ ਦਲ' ਦੇ ਬਹੁਤ ਨਜ਼ਦੀਕੀ ਸਨ ਅਤੇ ਆਪ ਪਿਛਲੇ ਦਿਨਾਂ ਵਿਚ 'ਦਲ' ਦੀਆਂ ਮੁਹਿੰਮਾਂ ਵਿਚ ਵੀ ਹਿੱਸਾ ਲੈਂਦੇ ਰਹੇ। ਫੂਲਕੀਆਂ ਤੋਂ ਭਾਈਕਿਆਂ ਨੇ 'ਦਲ ਖਾਲਸਾ' ਦੀਆਂ ਮੁਹਿੰਮਾਂ ਵਿਚ ਘੱਟ ਹੀ ਭਾਗ ਲਿਆ ਹੈ। ਇਹ ਮਹਾਰਾਜਾ ਆਲਾ ਸਿੰਘ ਦੀ ਸਿਆਣਪ ਦਾ ਸਿੱਟਾ ਹੀ ਸੀ ਕਿ ਖਾਲਸਾ ਦਲ ਅਤੇ ਆਲਾ ਸਿੰਘ ਇਕ ਦੂਜੇ ਨੂੰ ਗੁਪਤ ਜਾਂ ਪ੍ਰਗਟ ਸਹਾਇਤਾ ਦਿੰਦੇ ਰਹੇ।

ਬਾਬਾ ਆਲਾ ਸਿੰਘ ਆਪਣੇ ਸਮੇਂ ਦੇ ਉੱਘੇ ਸਿੱਖ ਸਰਦਾਰਾਂ ਵਿਚੋਂ ਸਨ। ਗ੍ਰਿਫਨ ਲਿਖਦੇ ਹਨ ਕਿ ਆਪਣੇ ਸਮਕਾਲੀ ਸਿੱਖ ਰਈਸਾਂ ਵਿਚੋਂ ਬਾਬਾ ਆਲਾ ਸਿੰਘ ਸੱਚਮੁੱਚ ਉੱਘੇ ਰਈਸ ਸਨ। ਉਹ ਬੜੇ ਹੀ ਬਹਾਦਰ ਅਤੇ ਸਿਆਣੇ ਸਨ। ਉਨ੍ਹਾਂ ਨੇ ਹਿਠਾੜ- ਸਤਲੁਜ ਦੇ ਇਲਾਕੇ ਵਿੱਚ ਇਕ ਬਹੁਤ ਪ੍ਰਸਿੱਧ ਰਿਆਸਤ ਦੀ ਨੀਂਹ ਬੜੀ ਮਜ਼ਬੂਤੀ ਨਾਲ ਰੱਖੀ।

ਬਾਬਾ ਆਲਾ ਸਿੰਘ ਇਕ ਵੱਡੇ ਨੀਤੀਵਾਨ ਸਨ। ਉਨ੍ਹਾਂ ਦੀ ਯੋਗਤਾ ਅਸਾਧਾਰਣ ਸੀ। ਆਪਣੀ ਅਸਾਧਾਰਣ ਬੁੱਧੀ ਅਤੇ ਬਾਹੂਬਲ ਕਾਰਨ ਉਹ ਇਕ ਛੋਟੇ ਜਿਹੇ ਸਰਦਾਰ ਤੋਂ ਇਕ ਵੱਡੀ ਰਿਆਸਤ ਦੇ ਮਾਲਕ ਬਣ ਬੈਠੇ। ਸਰ ਜੇ.ਐਨ. ਸਰਕਾਰ ਲਿਖਦੇ ਹਨ, "ਆਲਾ ਸਿੰਘ ਜੱਟ ਦੀ ਅਸਧਾਰਣ ਲੰਬੀ ਉਮਰ ਅਤੇ ਅਸਾਧਾਰਣ ਯੋਗਤਾ ਨੇ ਉਨ੍ਹਾਂ ਨੂੰ ਪਟਿਆਲਾ ਰਾਜ ਦੀ ਨੀਂਹ ਮਜ਼ਬੂਤੀ ਨਾਲ ਰੱਖਣ ਦੇ ਯੋਗ ਬਣਾ ਦਿੱਤਾ। ਉਨ੍ਹਾਂ ਦੀ ਸਫ਼ਲਤਾ ਉਦੋਂ ਸਿਖਰ ਤੇ ਪੁੱਜ ਗਈ ਜਦੋਂ ਉਨ੍ਹਾਂ ਨੂੰ ਆਪਣੇ ਜੀਵਨ ਦੇ ਅੰਤਮ ਦਿਨਾਂ ਵਿਚ ਸਰਹੰਦ ਦਾ ਸੂਬੇਦਾਰ ਮੰਨ ਲਿਆ ਗਿਆ।" ਉਸ ਗੜਬੜ ਵਾਲੇ ਸਮੇਂ ਵਿਚ ਇਕ ਰਾਜ ਦੀ ਨੀਂਹ ਰੱਖਣੀ ਬਹੁਤ ਕਠਿਨ ਸੀ। ਉਸ ਵੇਲੇ ਜੱਟਾਂ, ਰੁਹੇਲਿਆਂ, ਸਿੱਖਾਂ, ਮਰਾਠਿਆਂ, ਰਾਜਪੂਤਾਂ, ਦੁਰਾਨੀਆਂ, ਮੁਗਲ ਬਾਦਸ਼ਾਹ ਤੇ ਉਸ ਦੇ ਅਮੀਰਾਂ ਵਿਚ ਸਤਾ ਪ੍ਰਾਪਤੀ ਦੀ ਦੌੜ ਲੱਗੀ ਹੋਈ ਸੀ।

ਆਪਣੇ ਜੀਵਨ ਵਿਚ ਉਨ੍ਹਾਂ ਦਾ ਚਾਰ ਮਹਾਨ ਸ਼ਕਤੀਆਂ ਨਾਲ ਸੰਬੰਧ ਹੋਇਆ। ਉਹ ਮਰਾਠਿਆਂ ਦੇ ਚੰਗੇ ਮਿੱਤਰ ਸਨ। ਮਰਾਠੀ ਰਿਕਾਰਡਾਂ ਵਿਚ ਕੇਵਲ ਬਾਬਾ ਆਲਾ ਸਿੰਘ ਸਿੱਖ ਸਰਦਾਰ ਦਾ ਹੀ ਜ਼ਿਕਰ ਆਉਂਦਾ ਹੈ।

ਪਾਣੀਪਤ ਦੀ ਲੜਾਈ ਵੇਲੇ ਬਾਬਾ ਆਲਾ ਸਿੰਘ ਨੇ ਮਰਾਠਿਆਂ ਨੂੰ ਰਸਦ ਪਹੁੰਚਾਈ। ਇਸ ਲੜਾਈ ਵਿਚ ਹਾਰ ਪਿੱਛੋਂ ਉਨ੍ਹਾਂ ਨੇ ਭਗੌੜੇ ਮਰਾਠਿਆਂ ਨੂੰ ਸ਼ਰਣ ਵੀ ਦਿੱਤੀ।

ਬਾਬਾ ਆਲਾ ਸਿੰਘ ਨੇ ਨਜੀਬ-ਉਦ-ਦੌਲਾ ਨਾਲ ਸੰਬੰਧ ਦੋਸਤਾਨਾ ਬਣਾ ਲਏ ਸਨ। ਨਜੀਬ ਅਹਿਮਦ ਸ਼ਾਹ ਦੁਰਾਨੀ ਦਾ ਖਾਸ ਆਦਮੀ ਸੀ ਅਤੇ ਪਾਣੀਪਤ ਦੀ ਲੜਾਈ ਪਿੱਛੋਂ ਨਜੀਬ ਨੂੰ ਅਹਿਮਦ ਸ਼ਾਹ ਨੇ ਪੂਰਣ ਅਖ਼ਤਿਆਰ ਦੇ ਦਿੱਤੇ ਸਨ। ਘਲੂਘਾਰੇ ਪਿੱਛੋਂ ਜਦੋਂ ਸ਼ਾਹ ਬਰਨਾਲੇ ਪੁੱਜਾ ਤਾਂ ਉਸ ਨੇ ਬਾਬਾ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਨਜੀਬ ਦੀ ਸਹਾਇਤਾ ਕਾਰਨ ਹੀ ਬਾਬਾ ਜੀ ਦੀ ਭੇਟਾ ਦੇਣ ਤੇ ਖ਼ਲਾਸੀ ਹੋਈ। ਆਲਾ ਸਿੰਘ ਨੇ ਵੀ ਨਜੀਬੇ ਦੀ ਸਹਾਇਤਾ ਕੀਤੀ। ਜ਼ੈਨ ਖ਼ਾਨ ਸੂਬੇਦਾਰ ਸਰਹੰਦ ਦੇ ਕਤਲ ਤੇ ਸਰਹੰਦ ਦੀ ਲੁੱਟ ਪਿੱਛੋਂ ਦਲ ਖ਼ਾਲਸਾ ਨੇ ਨਜੀਬ ਦੇ ਇਲਾਕੇ ਤੇ ਹੱਲਾ ਕਰ ਦਿੱਤਾ। ਨਜੀਬ ਨੇ ਭਰਤਪੁਰ ਦੇ ਸੂਰਜ ਮਲ ਜਾਟ ਨੂੰ ਮਾਰ ਦਿੱਤਾ ਸੀ ਅਤੇ ਉਸਦਾ ਪੁੱਤਰ ਜਵਾਹਰ ਸਿੰਘ ਆਪਣੇ ਬਾਪ ਦੇ ਕਤਲ ਦਾ ਬਦਲਾ ਨਜੀਬ ਤੋਂ ਲੈਣਾ ਚਾਹੁੰਦਾ ਸੀ। ਬਾਬਾ ਆਲਾ ਸਿੰਘ ਨੇ ਹੀ ਨਜੀਬ ਨਾਲ ਸਿੱਖਾਂ ਦੀ ਸੁਲਾਹ ਕਰਵਾਈ। ਇਸ ਤੋਂ ਪਿੱਛੋਂ ਜਵਾਹਰ ਸਿੰਘ ਜਾਟ ਅਤੇ ਮਰਾਠਿਆਂ ਨੇ ਨਜੀਬ ਨੂੰ ਦਿੱਲੀ ਵਿਖੇ ਘੇਰੇ ਵਿਚ ਲੈ ਲਿਆ ਸੀ। ਬਾਬਾ ਜੀ ਨੇ ਦਸ ਹਜ਼ਾਰ ਸੈਨਿਕ ਭੋਲਾ ਸਿੰਘ ਦੀ ਕਮਾਨ ਵਿਚ ਨਜੀਬ ਦੀ ਸਹਾਇਤਾ ਲਈ ਭੇਜੇ।

1758 ਤੱਕ ਬਾਬਾ ਆਲਾ ਸਿੰਘ ਦੇ ਸੰਬੰਧ ਦਿੱਲੀ ਦੇ ਮੁਗਲ ਸਮਰਾਟ ਨਾਲ ਬਹੁਤ ਅਛੇ ਰਹੇ। ਸੰਨ 1748 ਵਿਚ ਅਹਿਮਦਸ਼ਾਹ ਦੁਰਾਨੀ ਨੇ ਹੱਲਾ ਕਰ ਦਿੱਤਾ। ਮਨੂਪੁਰ ਵਿਖੇ ਹੋਈ ਲੜਾਈ ਵਿਚ ਆਲਾ ਸਿੰਘ ਨੇ ਮੁਗਲ ਸੈਨਾ ਦੀ ਸਹਾਇਤਾ ਕੀਤੀ। ਲੜਾਈ ਵਿਚ ਜਿੱਤ ਪਿੱਛੋਂ ਸ਼ਾਹਜ਼ਾਦਾ ਅਹਿਮਦ ਨੇ ਆਲਾ ਸਿੰਘ ਨੂੰ ਖਿਲਤ ਦਿੱਤੀ। ਸੰਨ 1758 ਵਿਚ ਵਜ਼ੀਰ ਗਾਜ਼ੀ ਉਦ-ਦੀਨ ਈਮਾਦ ਅਤੇ ਬਾਦਸ਼ਾਹ ਆਲਮਗੀਰ ਦੂਜੇ ਨੇ ਹਾਂਸੀ ਅਤੇ ਹਿਸਾਰ ਉੱਤੇ ਹੱਲਾ ਕਰ ਦਿੱਤਾ ਅਤੇ ਆਲਾ ਸਿੰਘ ਦੇ ਕੱਟੜ ਵੈਰੀ ਮੁਹੰਮਦ ਅਮੀਨ ਖ਼ਾਨ ਭੱਟੀ ਨਾਲ ਲੜਾਈ ਹੋਣ ਲੱਗ ਪਈ। ਆਲਾ ਸਿੰਘ ਨੇ ਵਜ਼ੀਰ ਨਾਲ ਮੁਲਾਕਾਤ ਕੀਤੀ ਅਤੇ ਮੁਗਲ ਸੈਨਾ ਦੀ ਰਸਦ ਨਾਲ ਸਹਾਇਤਾ ਕੀਤੀ। ਸੰਨ 1768 ਤੋਂ ਪਿੱਛੋਂ ਬਾਬਾ ਜੀ ਨੇ ਮੁਗਲ ਸਾਮਰਾਜ ਦੇ ਪਤਨ ਅਤੇ ਮਾਂਝੇ ਦੇ ਸਿੱਖਾਂ ਨੂੰ ਮੁਗਲ ਇਲਾਕੇ ਤੇ ਕਬਜ਼ਾ ਕਰਦਾ ਦੇਖਕੇ, ਬਾਬਾ ਆਲਾ ਸਿੰਘ ਨੇ ਵੀ ਮੁਗਲ ਸਾਮਰਾਜ ਦੇ ਇਲਾਕੇ ਤੇ ਕਬਜ਼ਾ ਕਰਨਾ ਆਰੰਭ ਕਰ ਦਿੱਤਾ।

ਬਾਬਾ ਆਲਾ ਸਿੰਘ ਦੇ ਸੰਬੰਧ ਦਲ ਖਾਲਸਾ ਨਾਲ ਬਹੁਤ ਅਛੇ ਸਨ। ਬਾਬਾ ਜੀ ਨੇ ਹਿਠਾੜ-ਸਤਲੁਜ ਦੇ ਇਲਾਕੇ ਵਿਚ ਬਹੁਤ ਜਿੱਤਾਂ ਦਲ ਖਾਲਸੇ ਦੀ ਸਹਾਇਤਾ ਨਾਲ ਹੀ ਪ੍ਰਾਪਤ ਕੀਤੀਆਂ ਸਨ। ਉਸ ਨੇ ਅਹਿਮਦ ਸ਼ਾਹ ਅਬਦਾਲੀ ਦੀ ਉਸ ਵੇਲੇ ਅਧੀਨਤਾ ਸਵੀਕਾਰ ਕੀਤੀ ਜਦੋਂ ਪਾਣੀਪਤ ਦੀ ਲੜਾਈ ਤੋਂ ਪਿੱਛੋਂ ਉਸ ਦੇ ਇਲਾਕੇ ਨੂੰ ਸ਼ਾਹ ਤੋਂ ਖਤਰਾ ਹੋ ਗਿਆ ਸੀ। ਇਹ ਇਲਾਕਾ ਉਸ ਨੇ ਦਲ ਖ਼ਾਲਸੇ ਦੀ ਸਹਾਇਤਾ ਨਾਲ ਜਿੱਤਿਆ ਸੀ। ਦਲ ਖ਼ਾਲਸਾ' ਦੇ ਵਿਰੁੱਧ

ਬਾਬਾ ਜੀ ਨੇ ਕਿਸੇ ਹੋਰ ਨਾਲ ਮਿਤੱਰਤਾ ਕਾਇਮ ਨਹੀਂ ਕੀਤੀ। ਉਹ ਸਦਾ ਹੀ ਦਲ ਖ਼ਾਲਸਾ ਦੇ ਵਫ਼ਾਦਾਰ ਰਹੇ। ਜਦੋਂ ਦਲ ਖ਼ਾਲਸਾ ਨੇ ਦਰਿਆ ਜਮਨਾ ਪਾਰ ਕਰਕੇ ਨਜੀਬ ਦੇ ਇਲਾਕੇ ਤੇ ਹੱਲਾ ਕੀਤਾ, ਆਲਾ ਸਿੰਘ ਨੇ ਨਜੀਬ ਦੀ ਸੈਨਾ ਨਾਲ ਸਹਾਇਤਾ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੇ ਦੋਨਾਂ ਵਿਚ ਸੁਲ੍ਹਾ ਕਰਵਾ ਦਿੱਤੀ। ਬਾਬਾ ਜੀ ਦੀਆਂ ਕੋਸ਼ਿਸ਼ਾਂ ਕਰਕੇ ਹੀ ਨਜੀਬ ਨੇ ਅੱਸੀ ਹਜ਼ਾਰ ਰੁਪਏ ਦਲ ਖ਼ਾਲਸਾ ਨੂੰ ਦਿੱਤੇ ਅਤੇ ਦਲ ਖਾਲਸਾ ਨਜੀਬ ਦੇ ਇਲਾਕੇ ਤੋਂ ਚਲਾ ਗਿਆ। ਇਹ ਰੁਪਏ ਬਾਬਾ ਜੀ ਦੀ ਮਾਰਫਤ ਹੀ ਦਿੱਤੇ ਗਏ ਸਨ।

ਮਹਾਰਾਜਾ ਪੂਰਣ ਗੁਰਸਿੱਖ ਸੀ ਅਤੇ ਸਦਾ ਹੀ ਦਲ ਖ਼ਾਲਸਾ ਦਾ ਕੱਟੜ ਹਿਮਾਇਤੀ ਸੀ। ਜਦੋਂ ਵੀ ਮੁਸਲਮਾਨ ਹਾਕਮਾਂ ਤੇ ਦਲ ਖ਼ਾਲਸਾ ਵਿਚ ਸਮਝੌਤੇ ਦੀ ਲੋੜ ਹੁੰਦੀ, ਮਹਾਰਾਜਾ ਸਾਲਸ ਬਣਾਇਆ ਜਾਂਦਾ ਸੀ। ਜਦੋਂ ਸਰਹੰਦ ਦੇ ਸੂਬੇਦਾਰ ਜ਼ੈਨ ਖ਼ਾਨ ਤੇ ਦਲ ਖ਼ਾਲਸਾ ਨੇ ਹੱਲਾ ਕੀਤਾ ਤੇ ਉਸ ਦੇ ਇਲਾਕੇ ਤੇ ਕਬਜ਼ਾ ਕਰ ਰਿਹਾ ਸੀ, ਮਹਾਰਾਜਾ ਨੂੰ ਹੀ ਸਾਲਸ ਬਣਨ ਲਈ ਕਿਹਾ ਗਿਆ। ਮਹਾਰਾਜੇ ਕਾਰਨ ਹੀ 'ਦਲ ਖਾਲਸਾ' ਨੂੰ ਜ਼ੈਨ ਖ਼ਾਨ ਨਾਲ ਸਮਝੌਤਾ ਕਰਨ ਵੇਲੇ ਇਕ ਵੱਡੀ ਰਕਮ ਮਿਲੀ। ਨਜੀਬ ਅਤੇ ਦਲ ਖ਼ਾਲਸਾ ਵਿਚਕਾਰ ਸਮਝੌਤਾ ਮਹਾਰਾਜੇ ਨੇ ਹੀ ਕਰਾਇਆ ਸੀ। ਆਪਣੇ ਛੇਵੇਂ ਹੱਲੇ ਵੇਲੇ ਅਹਿਮਦ ਸ਼ਾਹ ਅਬਦਾਲੀ ਨੂੰ ਇਹ ਨਿਸਚਾ ਹੋ ਗਿਆ ਸੀ ਕਿ ਉਹ ਸਿੱਖਾਂ ਨੂੰ ਕੁਚਲ ਨਹੀਂ ਸਕਦਾ। ਉਹ ਉਨ੍ਹਾਂ ਨਾਲ ਸੁਲ੍ਹਾ ਕਰਨੀ ਚਾਹੁੰਦਾ ਸੀ। ਉਸ ਨੇ ਮਹਾਰਾਜਾ ਆਲਾ ਸਿੰਘ ਨੂੰ ਸਾਲਸੀ ਲਈ ਕਿਹਾ। ਮਹਾਰਾਜਾ ਨੇ ਆਪਣਾ ਵਕੀਲ ਨਾਨੂੰ ਸਿੰਘ ਗਰੇਵਾਲ ਦਲ ਖ਼ਾਲਸਾ ਪਾਸ ਸੁਲ੍ਹਾ ਲਈ ਭੇਜਿਆ।

ਕਈ ਸਿੱਖ ਮਹਾਰਾਜਾ ਆਲਾ ਸਿੰਘ ਦੀ ਅਹਿਮਦ ਸ਼ਾਹ ਅਬਦਾਲੀ ਦੀ ਅਧੀਨਤਾ ਮੰਨਣ ਤੇ ਨਾਰਾਜ਼ ਹੋ ਗਏ। ਉਸ ਦੀ ਘਲੂਘਾਰੇ ਪਿੱਛੋਂ ਅਹਿਮਦ ਸ਼ਾਹ ਦੀ ਅਧੀਨਗੀ ਮੰਨਣ ਤੇ ਦਲ ਖਾਲਸਾ ਨੂੰ ਬਹੁਤ ਗੁੱਸਾ ਸੀ ਅਤੇ ਉਹ ਉਸ ਤੇ ਹੱਲਾ ਕਰਨ ਲਈ ਤਿਆਰ ਸਨ। ਪਰ ਜੱਸਾ ਸਿੰਘ ਆਹਲੂਵਾਲੀਆ ਨੇ ਪੰਥ ਵਿਚ ਫੁਟ ਪੈਣ ਨੂੰ ਬਚਾ ਲਿਆ, ਆਲਾ ਸਿੰਘ ਨੂੰ. ਜੁਰਮਾਨੇ ਦੀ ਸਜ਼ਾ ਦਿੱਤੀ ਅਤੇ ਇਸ ਤਰ੍ਹਾਂ ਨਾਲ 'ਖਾਲਸੇ ਦਾ ਗੁੱਸਾ' ਠੰਡਾ ਕੀਤਾ ਗਿਆ। ਅਹਿਮਦ ਸ਼ਾਹ ਅਬਦਾਲੀ ਦਾ ਮੰਤਵ ਮਾਲਵੇ ਅਤੇ ਮਾਂਝੇ ਦੇ ਸਿੰਘਾਂ ਵਿਚ ਫੁਟ ਪਾਉਣ ਦਾ ਸੀ। ਮਹਾਰਾਜਾ ਆਲਾ ਸਿੰਘ ਦੀ ਨੀਤੀ ਅਹਿਮਦ ਸ਼ਾਹ ਅਬਦਾਲੀ ਦੇ ਹੱਲੇ ਵੇਲੇ ਤਬਾਹੀ ਤੋਂ ਬਚਣ ਲਈ ਹੀ ਸੀ। ਉਸ ਨੇ ਕੇਵਲ ਨਾਂ-ਮਾਤਰ ਅਧੀਨਗੀ ਵਕਤ ਨੂੰ ਟਾਲਣ ਲਈ ਹੀ ਸਵੀਕਾਰ ਕੀਤੀ ਸੀ।

ਕੈਂਥਲ ਦਾ ਰਾਜ-ਘਰਾਣਾ ਵੀ ਥੋੜ੍ਹੇ ਹੀ ਸਮੇਂ ਬਾਦ ਆਲਾ ਸਿੰਘ ਨਾਲ ਈਰਖਾ ਰਖਣ ਲੱਗ ਪਿਆ। ਕੈਂਥਲ ਰਾਜ-ਘਰਾਣਾ ਫੂਲਕੀਆਂ ਵਿਚੋਂ ਹੀ ਸੀ। ਜੱਸਾ ਸਿੰਘ ਆਹਲੂਵਾਲੀਆ ਨਾਲ ਵੀ ਬਾਬਾ ਆਲਾ ਸਿੰਘ ਈਰਖਾ ਰਖਦਾ ਸੀ। ਪਰ ਬਾਬਾ ਆਲਾ ਸਿੰਘ ਉਸ ਸੇਵਾ ਅਤੇ ਸਹਾਇਤਾ ਨੂੰ, ਜਿਹੜੀ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਬਾਬਾ ਆਲਾ

ਸਿੰਘ ਜੀ ਦੇ ਅਹਿਮਦ ਸ਼ਾਹ ਦੁਰਾਨੀ ਤੋਂ ਰਾਜੇ ਦਾ ਖ਼ਿਤਾਬ ਲੈਣ ਤੇ ਸਿੱਖਾਂ ਦੇ ਉਸ ਤੇ ਨਾਰਾਜ਼ ਹੋ ਕੇ ਧਾਵਾ ਕਰਨ ਦੀਆਂ ਤਿਆਰੀਆਂ ਸਮੇਂ ਕੀਤੀ ਸੀ, ਸਦਾ ਯਾਦ ਰਖਦਾ ਸੀ। ਪਰ ਜਦ ਜੱਸਾ ਸਿੰਘ ਸਰਹੰਦ ਦੀ ਜਿੱਤ ਪਿੱਛੋਂ ਉਠਾੜ-ਸਤਲੁਜ ਵਲ ਮੁੜ ਗਿਆ, ਤਾਂ ਆਲਾ ਸਿੰਘ ਨੇ ਉਸ ਦੇ ਅੱਠ ਪਿੰਡਾ ਤੇ ਕਬਜ਼ਾ ਕਰ ਲਿਆ, ਜਿਹੜੇ ਕਿ ਸਰਦਾਰ ਜੱਸਾ ਸਿੰਘ ਨੂੰ ਸਰਹੰਦ ਦੀ ਲੁੱਟ ਦੇ ਹਿੱਸੇ ਵਿਚੋਂ ਆਏ ਸਨ। ਜੱਸਾ ਸਿੰਘ ਨੇ ਇਸ ਦੇ ਵਿਰੁੱਧ ਤਾਕਤ ਅਤੇ ਰੋਸ ਦੋਨੋਂ ਵਰਤੇ, ਪਰ ਆਲਾ ਸਿੰਘ ਤੇ ਇਨ੍ਹਾਂ ਦਾ ਕੋਈ ਅਸਰ ਨਹੀਂ ਹੋਇਆ। ਇਹ ਠੀਕ ਹੈ ਕਿ ਬਾਬਾ ਜੱਸਾ ਸਿੰਘ ਆਹਲੂਵਾਲੀਆ ਉੱਚ ਪਦਵੀ ਦੇ ਰਾਜਸੀ ਆਗੂ ਸਨ। ਉਨ੍ਹਾਂ ਦਾ ਪ੍ਰਭਾਵ ਇਕ ਧਾਰਮਕ ਜੱਥੇਦਾਰ ਦੀ ਹੈਸੀਅਤ ਵਜੋਂ ਸੀ ਅਤੇ ਨਵਾਬ ਕਪੂਰ ਸਿੰਘ ਤੋਂ ਪਿੱਛੋਂ ਜੱਸਾ ਸਿੰਘ ਆਹਲੂਵਾਲੀਆ ਦੀ ਬੜੀ ਮਾਨਤਾ ਸੀ। ਵੱਡੇ-ਵੱਡੇ ਸਰਦਾਰ ਸ: ਜੱਸਾ ਸਿੰਘ ਤੋਂ ਅੰਮ੍ਰਿਤ ਛਕਣਾ ਆਪਣੀ ਵਡਿਆਈ ਸਮਝਦੇ ਸਨ। ਆਹਲੂਵਾਲੀਆ ਮਿਸਲ ਦੀ ਸੈਨਿਕ ਗਿਣਤੀ ਭਾਵੇਂ ਚਾਰ ਹਜ਼ਾਰ ਤੋਂ ਵਧ ਨਹੀਂ ਸੀ ਪਰ ਖ਼ਾਲਸੇ ਦੀਆਂ ਵੱਡੀਆਂ-ਵੱਡੀਆਂ ਮੁਹਿੰਮਾਂ ਵਿਚ ਅਗਵਾਈ ਕਰਨ ਦੀ ਵਾਗਡੋਰ ਬਾਬਾ ਜੱਸਾ ਸਿੰਘ ਆਹਲੂਵਾਲੀਏ ਨੂੰ ਹੀ ਦਿੱਤੀ ਜਾਂਦੀ ਸੀ। ਬਾਬਾ ਜੱਸਾ ਸਿੰਘ ਆਹਲੂਵਾਲੀਆ ਵਰਗੀ ਮਹਾਨ ਸ਼ਖ਼ਸ਼ੀਅਤ ਨਾਲ ਬਾਬਾ ਆਲਾ ਸਿੰਘ ਦੀ ਈਰਖਾ ਰਾਜਸੀ ਕਾਰਨਾ ਕਰਕੇ ਸੀ। ਬਾਬਾ ਜੱਸਾ ਸਿੰਘ ਆਹਲੂਵਾਲੀਆ ਦੁਰਾਨੀਆਂ ਅੱਗੇ ਝੁਕਣ ਨੂੰ ਤਿਆਰ ਨਹੀਂ ਸਨ। ਦੂਜੇ ਪਾਸੇ ਬਾਬਾ ਆਲਾ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਦੀ ਅਧੀਨਗੀ ਮੰਨ ਕੇ ਆਪਣੇ ਆਪ ਨੂੰ ਅਤੇ ਆਪਣੇ ਇਲਾਕੇ ਨੂੰ ਬਚਾ ਲਿਆ ਸੀ।

1762 ਦੇ ਘਲੂਘਾਰੇ ਤੋਂ ਪਿੱਛੋਂ ਅਹਿਮਦ ਸ਼ਾਹ ਅਬਦਾਲੀ ਨੇ ਬਾਬਾ ਆਲਾ ਸਿੰਘ ਨਾਲ ਚੰਗਾ ਸਲੂਕ ਇਸ ਕਾਰਨ ਕੀਤਾ ਕਿ ਬਾਬਾ ਆਲਾ ਸਿੰਘ ਨੂੰ ਅਹਿਮਦਸ਼ਾਹ ਹਿਠਾੜ-ਸਤਲੁਜ ਇਲਾਕੇ ਦਾ ਪ੍ਰਮੁੱਖ ਸਰਦਾਰ ਸਮਝਦਾ ਸੀ ਅਤੇ ਉਸ ਨੂੰ ਨਾਲ ਮਿਲਾ ਕੇ ਉਹ ਮਾਂਝੇ ਤੋਂ ਮਾਲਵੇ ਦੇ ਸਿੱਖਾਂ ਵਿਚ ਫੁਟ ਪਾਉਣੀ ਚਾਹੁੰਦਾ ਸੀ।

ਸਰਹੰਦ ਦੇ ਅਫ਼ਗਾਨ ਸੂਬੇਦਾਰ ਜ਼ੈਨ ਖ਼ਾਨ ਵਿਰੁੱਧ ਲੜਾਈ ਵਿਚ ਆਲਾ ਸਿੰਘ ਨੇ ਵੀ ਭਾਗ ਲਿਆ ਸੀ। ਇਸ ਲੜਾਈ ਵਿਚ ਜ਼ੈਨ ਖ਼ਾਨ ਨੂੰ ਹਾਰ ਹੋਈ ਸੀ ਅਤੇ ਉਹ ਮਾਰਿਆ ਗਿਆ ਸੀ। ਸੰਨ 1765 ਵਿਚ ਜਦੋਂ ਅਹਿਮਦ ਸ਼ਾਹ ਨੇ ਪੰਜਾਬ ਤੇ ਹੱਲਾ ਕੀਤਾ ਤਾਂ ਮਹਾਰਾਜਾ ਆਲਾ ਸਿੰਘ ਦੀ ਸ਼ਕਤੀ ਬਹੁਤ ਵਧ ਚੁੱਕੀ ਸੀ। ਕਾਜ਼ੀ ਨੂਰ ਮੁਹੰਮਦ ਜਿਹੜਾ ਸ਼ਾਹ ਨਾਲ ਸੀ ਆਲਾ ਸਿੰਘ ਬਾਰੇ ਲਿਖਦਾ ਹੈ, "ਸਰਹੰਦ ਦੇ ਦੇਸ਼ ਵਿਚ, ਇਕ ਸਰਦਾਰ ਜੋ ਇਕ ਸੈਨਾ ਦਾ ਸੈਨਾਪਤੀ ਹੈ, ਉਸ ਇਲਾਕੇ ਦਾ ਜਿਮੀਂਦਾਰ ਵੀ ਹੈ ਅਤੇ ਇਕ ਹਾਕਮ ਵੀ। ਪੰਜਾਬ, ਲਾਹੌਰ ਅਤੇ ਸਰਹੰਦ ਦੇ ਖੇਤਰਾਂ ਵਿਚ ਕੋਈ ਵੀ ਉਸ ਜੈਸਾ ਸਾਧਨ-ਸੰਪੰਨ ਨਹੀਂ ਹੈ। ਮੁਸਲਮਾਨ ਵੀ ਉਸ ਦੀ ਨੌਕਰੀ ਵਿਚ ਹਨ ਅਤੇ ਸਾਰੇ ਹਿੰਦੂ ਉਸ ਦੇ ਆਗਿਆਕਾਰ ਹਨ। " ਬਾਦ ਵਿਚ

ਅਹਿਮਦ ਸ਼ਾਹ ਨੇ ਬਾਬਾ ਆਲਾ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ ਸੀ। ਆਲਾ ਸਿੰਘ ਨੇ ਆਪਣੀਆਂ ਸੈਨਿਕ ਚੌਕੀਆਂ ਕਾਇਮ ਕਰ ਦਿੱਤੀਆਂ। ਮਹਾਰਾਜੇ ਦੀ ਇਸ ਕਾਰਵਾਈ ਤੇ ਦਲ ਖ਼ਾਲਸਾ ਨੂੰ ਬਹੁਤ ਗੁੱਸਾ ਆਇਆ। ਫਿਰ ਮਹਾਰਾਜੇ ਨੇ ਇਹ ਚੌਕੀਆ ਹਟਾ ਲਈਆਂ ਤਾਂ ਜੋ ਸਿੱਖ ਆਪਣੇ-ਆਪਣੇ ਇਲਾਕੇ ਤੇ ਕਬਜ਼ਾ ਕਰ ਸਕਣ।

ਉਪਰ ਲਿਖੇ ਤੱਥਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਮਹਾਰਾਜਾ ਆਲਾ ਸਿੰਘ ਸਦਾ ਦਲ ਖ਼ਾਲਸਾ ਦਾ ਆਗਿਆਕਾਰ ਰਿਹਾ ਅਤੇ ਅਹਿਮਦ ਸ਼ਾਹ ਅਬਦਾਲੀ ਦੀ ਅਧੀਨਗੀ ਉਸ ਨੇ ਕੇਵਲ ਇਸ ਲਈ ਮੰਨੀ ਸੀ ਕਿ ਆਪਣੇ ਇਲਾਕੇ ਨੂੰ ਤਬਾਹੀ ਤੋਂ ਬਚਾ ਸਕੇ। ਇਹ ਕੇਵਲ ਕੂਟ-ਨੀਤੀ ਹੀ ਸੀ।

ਬਾਬਾ ਆਲਾ ਸਿੰਘ ਇਕ ਨਿਪੁੰਨ ਸਿਆਸਤਦਾਨ ਸਨ। ਉਨ੍ਹਾਂ ਨੇ ਮੁਗਲਾਂ, ਮਰਾਠਿਆਂ, ਨਜੀਬ ਖ਼ਾਨ ਅਤੇ ਅਹਿਮਦ ਸ਼ਾਹ ਅਬਦਾਲੀ ਨਾਲ ਵੇਲੇ ਸਿਰ ਗੰਢ-ਤੁਪ ਦਾ ਲਾਭ ਉਠਾ ਕੇ ਇਕ ਵੱਡੇ ਰਾਜ ਦੀ ਸਥਾਪਨਾ ਕੀਤੀ। ਉਹ ਸਦਾ ਹੀ ਦਲ ਖ਼ਾਲਸਾ ਦਾ ਹਿਮਾਇਤੀ ਰਿਹਾ ਅਤੇ ਦਲ ਖ਼ਾਲਸਾ ਦੀ ਸਹਾਇਤਾ ਨਾਲ ਹੀ ਉਸ ਨੇ ਬਹੁਤ ਜਿੱਤਾਂ ਪ੍ਰਾਪਤ ਕੀਤੀਆਂ।

-0-

ਕਾਂਡ ਬਾਰਵਾਂ

## ਬਾਬਾ ਆਲਾ ਸਿੰਘ ਦੀ ਸੰਤਾਨ

ਮਹਾਰਾਜਾ ਆਲਾ ਸਿੰਘ ਦੀ ਪਤਨੀ ਫ਼ਤਹਿ ਕੌਰ ਨੇ ਉਸ ਦੇ ਰਾਜ ਸਥਾਪਿਤ ਕਰਨ ਵਿਚ ਮਹੱਤਵਪੂਰਣ ਹਿੱਸਾ ਪਾਇਆ। ਫ਼ਤਿਹ ਕੌਰ ਕਾਲੇਕੇ ਪਿੰਡ ਦੇ ਖ਼ਾਨਾਂ ਦੀ ਪੁੱਤਰੀ ਸੀ। ਉਹ ਮਾਈ ਫ਼ੱਤੋ ਦੇ ਨਾਂ ਤੇ ਪ੍ਰਸਿੱਧ ਸੀ। ਮਈ ਫ਼ੱਤੋ ਬਾਰੇ ਇਹ ਰਵਾਇਤ ਪ੍ਰਸਿੱਧ ਹੈ ਕਿ ਉਸ ਦੇ ਜਨਮ ਵੇਲੇ ਉਸ ਦੀ ਮਾਂ ਲੜਕੀ ਪੈਦਾ ਹੋਈ ਦੇਖਕੇ ਨਿਰਾਸ਼ ਹੋ ਗਈ, ਕਿਉਂਕਿ ਉਹ ਲੜਕੇ ਦੀ ਦਿਲੋਂ ਚਾਹਵਾਨ ਸੀ। ਉਸ ਨੇ ਇਸ ਨਵੀਂ ਜੰਮੀ ਬੱਚੀ ਨੂੰ ਇਕ ਭਾਂਡੇ ਵਿਚ ਪਾਕੇ ਬਾਹਰ ਜ਼ਮੀਨ ਵਿਚ ਦਬਵਾ ਦਿੱਤਾ। ਇਕ ਦੇਵੀ ਦਾਸ ਨਾਂ ਦਾ ਸਾਧੂ ਉਸ ਪਾਸੋਂ ਦੀ ਲੰਘਿਆ ਅਤੇ ਮਾਤਾ ਦੀਆਂ ਅੱਖਾਂ ਵਿਚ ਅੱਥਰੂ ਦੇਖ ਕੇ ਉਸ ਦੇ ਦੁੱਖ ਦਾ ਹਾਲ ਪੁੱਛਿਆ। ਉਸ ਨੇ ਸਾਧੂ ਸਾਹਮਣੇ ਆਪ ਬੀਤੀ ਕਹਿ ਸੁਣਾਈ। ਸਾਧੂ ਨੇ ਬੱਚੀ ਨੂੰ ਕੱਢ ਲੈਣ ਲਈ ਕਿਹਾ ਅਤੇ ਭੱਵਿਖ ਬਾਣੀ ਕੀਤੀ ਕਿ ਇਸ ਤੋਂ ਇਕ ਬੜੀ ਪ੍ਰਸਿੱਧ ਸੰਤਾਨ ਪੈਦਾ ਹੋਵੇਗੀ ਜੋ ਕਿ ਇਸ ਆਸ-ਪਾਸ ਦੇ ਮੁਲਕ ਤੇ ਰਾਜ ਕਰੇਗੀ। ਲੜਕੀ ਨੂੰ ਬਿਨਾਂ ਕਿਸੀ ਸਟ ਪੇਟ ਦੇ ਕੱਢ ਲਿਆ ਗਿਆ। ਫੇਰ ਇਸ ਦਾ ਵਿਆਹ ਬਾਬਾ ਆਲਾ ਸਿੰਘ ਨਾਲ ਹੋਇਆ।

ਰਾਣੀ ਫ਼ਤਹਿ ਕੌਰ ਇਕ ਅਲੌਕਿਕ ਸੂਝ-ਬੂਝ ਅਤੇ ਹੌਂਸਲੇ ਵਾਲੀ ਇਸਤ੍ਰੀ ਸੀ। ਪਾਣੀਪਤ ਦੀ ਲੜਾਈ ਤੋਂ ਪਿੱਛੋਂ ਅਹਿਮਦ ਸ਼ਾਹ ਨੇ ਬਰਨਾਲੇ ਵੱਲ ਕੂਚ ਕੀਤਾ ਤੇ ਇਸ ਸ਼ਹਿਰ ਨੂੰ ਲੁੱਟਿਆ। ਰਾਣੀ ਬਰਨਾਲਾ ਨੂੰ ਪਹਿਲਾਂ ਹੀ ਛੱਡ ਕੇ ਚਲੀ ਗਈ ਸੀ। ਉਸ ਨੇ ਸ਼ਾਹ ਪਾਸ ਸੁਲ੍ਹਾ ਲਈ ਕਰਮਚਾਰੀ ਭੇਜੇ। ਉਹ ਖਿਰਾਜ ਦੇ ਕੇ ਸੁਲਾਹ ਕਰਾਉਣ ਵਿਚ ਸਫ਼ਲ ਹੋਈ। ਫ਼ਤਿਹ ਕੌਰ ਦੀ ਸਮਝਦਾਰਾਨਾ ਰਾਏ ਨੇ ਹੀ ਆਲਾ ਸਿੰਘ ਨੂੰ ਸੰਕਟ ਤੋਂ ਬਚਾ ਲਿਆ। ਸਰਹੰਦ ਦੀ ਜਿੱਤ ਅਤੇ ਜ਼ੈਨ ਖ਼ਾਨ ਦੇ ਮਾਰੇ ਜਾਣ ਤੋਂ ਪਿੱਛੋਂ ਬਾਬਾ ਆਲਾ ਸਿੰਘ ਸਰਹੰਦ ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਫ਼ਤਹਿ ਕੌਰ ਨੇ ਸਲਾਹ ਦਿੱਤੀ ਕਿ ਉਹ ਉਸ ਸਰਾਪੇ ਹੋਏ ਸ਼ਹਿਰ ਤੇ ਕਬਜ਼ਾ ਨਾ ਕਰੇ ਅਤੇ ਸਾਰਾ ਪੰਥ ਉਸ ਤੇ ਉਂਗਲੀ ਕਰਨ ਲੱਗ ਜਾਏਗਾ ! ਇਸ ਕਾਰਨ ਬਾਬਾ ਜੀ ਨੇ ਇਸ ਖਿਆਲ ਨੂੰ ਛੱਡ ਦਿੱਤਾ।

ਮਹਾਰਾਜਾ ਆਲਾ ਸਿੰਘ ਨੇ ਸਦਾ ਆਪਣੀ ਦਾਨਾ ਰਾਣੀ ਦੀ ਸਲਾਹ ਤੋਂ ਲਾਭ ਉਠਾਇਆ। ਰਾਣੀ ਦੇ ਰਸੂਖ ਕਾਰਨ ਹੀ ਮਹਾਰਾਜੇ ਦੇ ਸੰਬੰਧ ਹਿਠਾੜ-ਸਤਲੁਜ ਦੇ ਇਲਾਕੇ ਦੇ ਬਹੁਤ ਸਤਿਕਾਰਯੋਗ ਭਾਈ ਭਗਤੂ ਦੇ ਘਰਾਣੇ ਨਾਲ ਮਿਤੱਰਤਾ ਵਾਲੇ ਹੋਏ। ਇਸ ਘਰਾਣੇ ਦਾ ਭਾਈ ਗੁਰਬਖ਼ਸ ਸਿੰਘ ਕੈਂਥਤ ਰਿਆਸਤ ਦਾ ਬਾਨੀ ਹੋਇਆ ਹੈ। ਕੈਫ਼ੀਅਤ ਭਾਈਕਿਆਂ ਵਿਚ ਲਿਖਤ ਹੈ ਕਿ ਜਦੋਂ ਵੀ ਕਦੀ ਕੋਈ ਸੰਕਟ ਹੁੰਦਾ ਤਾਂ ਰਾਣੀ ਬਾਬਾ ਆਲਾ ਸਿੰਘ ਨੂੰ ਭੁਚੌਕੀ ਲਿਆਉਂਦੀ ਜਿੱਥੇ ਭਾਈ ਭਗਤੂ ਦਾ ਖ਼ਾਨਦਾਨ ਰਹਿੰਦਾ ਸੀ। ਭਾਈ ਗੁਰਬਖਸ਼ ਸਿੰਘ ਨੇ ਬਾਬਾ

ਆਲਾ ਸਿੰਘ ਦੀ ਬੋਹਾ,ਬੁੱਢਲਾਡਾ, ਟੋਹਾਣਾ ਅਤੇ ਜਮਾਲਪੁਰ ਜਿੱਤਣ ਵਿਚ ਸਹਾਇਤਾ ਕੀਤੀ ਸੀ। ਰਾਣੀ ਫ਼ਤਹਿ ਕੌਰ ਬਰਨਾਲੇ ਵਿਚ ਗੁਰੂ ਦਾ ਅਤੁੱਟ ਲੰਗਰ ਚਲਾਇਆ ਕਰਦੀ ਸੀ, ਜਿੱਥੇ ਆਏ ਗਏ ਸਿੱਖਾਂ ਦੀ ਬੜੇ ਸਤਿਕਾਰ ਨਾਲ ਸੇਵਾ ਕੀਤੀ ਜਾਂਦੀ ਸੀ। ਇੱਥੇ ਹਰ ਆਉਣ ਵਾਲੇ ਨੂੰ ਹਰ ਵੇਲੇ ਪ੍ਰਸ਼ਾਦਾ ਤਿਆਰ ਮਿਲਦਾ ਸੀ। ਲੰਗਰ ਵਿਚ ਉਸਦੀ ਸੇਵਾ ਨੇ ਬਾਬਾ ਆਲਾ ਸਿੰਘ ਦੇ ਦਲ ਖ਼ਾਲਸਾ ਨਾਲ ਨੇੜੇ ਦੇ ਸੰਬੰਧ ਸਥਾਪਿਤ ਕਰ ਦਿੱਤੇ ਅਤੇ ਆਮ ਸਿੱਖਾਂ ਨਾਲ ਬਾਬਾ ਜੀ ਦੇ ਸੰਬੰਧ ਬਹੁਤ ਅਛੇ ਹੋ ਗਏ।

ਰਾਣੀ ਫ਼ਤਹਿ ਕੌਰ ਤੋਂ ਬਾਬਾ ਜੀ ਦੇ ਤਿੰਨ ਪੁੱਤਰ ਪੈਦਾ ਹੋਏ। ਵੱਡਾ ਪੁੱਤਰ ਸਰਦੂਲ ਸਿੰਘ ਸੀ। ਇਸ ਦਾ ਜਨਮ ਸੰਮਤ 1772 ਬਿਕਰਮੀ ਮੁਤਾਬਕ ਸੰਨ 1715 ਈ: ਵਿਚ ਹੋਇਆ। 1727 ਈ: ਵਿਚ ਇਸ ਦਾ ਵਿਆਹ ਸੂਰਜ ਮਲ ਭਿਖੀ ਵਾਲੇ ਦੀ ਲੜਕੀ ਨਾਲ ਹੋਇਆ, ਜਿਸ ਤੋਂ ਰਾਜਾ ਅਮਰ ਸਿੰਘ ਜਨਮਿਆਂ। ਇਸ ਦਾ ਦੂਜਾ ਵਿਆਹ ਆਪਣੇ ਚਾਚੇ ਦੇ ਪੁੱਤਰ (ਭਰਾ) ਜੋਧ ਸਿੰਘ ਦੀ ਵਿਧਵਾ ਨਾਲ ਕੀਤਾ ਗਿਆ, ਜਿਸ ਤੋਂ ਹਿੰਮਤ ਸਿੰਘ ਦਾ ਜਨਮ ਹੋਇਆ।

ਬਾਬਾ ਜੀ ਦਾ ਦੂਜਾ ਪੁੱਤਰ ਕੰਵਰ ਲਾਲ ਸਿੰਘ 1723 ਈ: ਵਿਚ ਪੈਦਾ ਹੋਇਆ। ਸੰਨ 1740 ਵਿਚ ਇਸ ਦਾ ਵਿਆਹ ਚੌਧਰੀ ਸੁਜਾਨਾ ਜੋ ਪਿੰਡ ਰੋਜੀ ਵਾਲੇ ਦਾ ਵਸਨੀਕ ਸੀ, ਦੀ ਲੜਕੀ ਨਾਲ ਕੀਤਾ ਗਿਆ। ਇਹ 1741 ਈ: ਵਿਚ ਬਿਨਾਂ ਸੰਤਾਨ ਦੇ ਮਰ ਗਿਆ।

ਤੀਜਾ ਲੜਕਾ ਭੂਮੀਆ ਸਿੰਘ 1721 ਈ: ਵਿਚ ਪੈਦਾ ਹੋਇਆ। ਜਿਸ ਦਾ ਮਾਨਸਾ ਵਾਲੇ ਦੇ ਚੌਧਰੀ ਦੀ ਲੜਕੀ ਨਾਲ ਵਿਆਹ ਕੀਤਾ ਗਿਆ। ਸੰਨ 1739 ਈ: ਵਿਚ ਰਾਜਿੰਦਰ ਕੌਰ ਲੜਕੀ ਇਸ ਦੇ ਘਰ ਪੈਦਾ ਹੋਈ ਜੋ 1751 ਈ: ਵਿਚ ਫਗਵਾੜੇ ਵਿਆਹੀ ਗਈ। ਇਸ ਦੀ ਕੇਵਲ ਇਕ ਲੜਕੀ ਹੋਈ। ਇਸ ਦੀ ਛੇ ਲੱਖ ਦੀ ਜਾਇਦਾਦ ਸੀ, ਜਿਸ ਤੇ ਬੀਬੀ ਰਾਜਿੰਦਰ ਕੌਰ ਦਾ ਕਬਜ਼ਾ ਰਿਹਾ। ਰਾਜਿੰਦਰ ਕੌਰ ਦੇ ਮਰਨ ਤੋਂ ਬਾਅਦ ਉਸ ਦੇ ਦੋਹਤੇ ਜੋਧ ਸਿੰਘ ਨੇ ਰਿਆਸਤ ਦਾ ਦਾਵਾ ਕੀਤਾ, ਪਰ ਰਾਜਿੰਦਰ ਕੌਰ ਦੇ ਦੇਵਰ ਨੇ ਜੋਧ ਸਿੰਘ ਨੂੰ ਗੁਜ਼ਾਰਾ ਦੇਕੇ ਰਿਆਸਤ ਆਪ ਸੰਭਾਲ ਲਈ।

ਬਾਬਾ ਆਲਾ ਸਿੰਘ ਦੇ ਤਿੰਨੇ ਪੁੱਤਰ ਬਾਬਾ ਆਲਾ ਸਿੰਘ ਦੇ ਜੀਉਂਦਿਆਂ ਹੀ ਮਰ ਗਏ। ਬਾਬਾ ਜੀ ਦੀ ਇਕ ਲੜਕੀ ਬੀਬੀ ਪ੍ਰਧਾਨ ਕੌਰ ਸੀ। ਇਹ ਲੜਕੀ ਬਾਬਾ ਬੁੱਢਾ ਸਾਹਿਬ ਰਾਮਦਾਸ ਦੇ ਖਾਨਦਾਨ ਵਿਚ ਵਿਆਹੀ ਸੀ। ਉਸ ਦਾ ਪਤੀ ਸਰਦਾਰ ਸ਼ਾਮ ਸਿੰਘ ਵੀ ਚਲਾਣਾ ਕਰ ਗਿਆ। ਉਹ ਬਾਬਾ ਆਲਾ ਸਿੰਘ ਪਾਸ ਬਰਨਾਲੇ ਰਹਿੰਦੀ ਰਹੀ। ਬਾਬਾ ਜੀ ਨੇ ਬੀਬਾ

ਪ੍ਰਧਾਨ ਨੂੰ 30 ਹਜ਼ਾਰ ਰੁਪਏ ਦੀ ਸਾਲਾਨਾ ਜਾਗੀਰ ਦੇ ਰੱਖੀ ਸੀ, ਜਿਸ ਨੂੰ ਬੜੇ ਚੰਗੇ ਨਾਲ ਉਮਰ ਭਰ ਬਰਨਾਲੇ ਵਿਚ ਰਹਿਕੇ ਖਰਚ ਕਰਦੀ ਰਹੀ। ਬਾਬਾ ਜੀ ਨੂੰ ਇਕ ਵਿਦਵਾਨ ਭਾਈ ਨਿੱਕਾ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਾਉਣ ਲਈ ਨਿਯੁਕਤ ਕੀਤਾ। ਉਸ ਭਾਈ ਨਿੱਕਾ ਸਿੰਘ ਲਈ ਇਕ ਡੇਰਾ ਅਤੇ ਗੁਰਦਵਾਰਾ ਬਣਵਾਇਆ, ਬਾਦ ਵਿਚ ਬਾਬਾ ਗਾਂਧਾ ਸਿੰਘ ਇਸ ਡੇਰੇ ਦਾ ਡੇਰੇਦਾਰ ਬਣਿਆ। ਉਸ ਨੇ ਬੰਦਿਆਂ ਦੇ ਪੜ੍ਹਨ ਲਈ ਇਕ ਪਾਠਸ਼ਾਲਾ ਵੀ ਖੋਲ੍ਹੀ। ਇਸ ਪਵਿਤਰ ਬੀਬੀ ਦੀ 1789 ਵਿਚ ਮ੍ਰਿਤੂ ਹੋ ਗਈ।

ਬਾਬਾ ਜੀ ਦੀ ਪੋਤੀ ਭੂਮੀਆ ਸਿੰਘ ਦੀ ਪੁੱਤਰੀ ਰਾਜਿੰਦਰ ਕੌਰ ਨੇ ਵੀ ਪਟਿਆਲਾ ਰਿਆਸਤ ਦੇ ਇਤਿਹਾਸ ਵਿਚ ਮਹੱਤਵਪੂਰਨ ਹਿੱਸਾ ਪਾਇਆ। ਰਾਜਿੰਦਰ ਕੌਰ ਦਾ ਵਿਆਹ ਫਗਵਾੜੇ ਦੇ ਚੌਧਰੀ ਚੂਹੜ ਮਲ ਦੇ ਪੋਤੇ ਚੌਧਰੀ ਤਿਲੋਕ ਚੰਦ ਨਾਲ ਹੋਇਆ। ਉਸ ਦੇ ਪਤੀ ਜਵਾਨੀ ਵਿਚ ਹੀ ਮਰ ਗਿਆ। ਇਸ ਦੀ ਕੇਵਲ ਇਕ ਲੜਕੀ ਸੀ। ਆਪਣੇ ਪਤੀ ਦੀ ਮ੍ਰਿਤੂ ਪਿੱਛੋਂ ਇਸ ਨੇ ਜਾਇਦਾਦ ਦਾ ਅੱਧਾ ਭਾਗ ਸਾਂਭ ਲਿਆ ਸੀ।

ਰਾਜਿੰਦਰ ਅਲੋਕਿਕ ਹੌਂਸਲੇ ਅਤੇ ਬੁੱਧੀ ਵਾਲੀ ਇਸਤਰੀ ਸੀ। ਸੰਨ 1765 ਈ: ਵਿਚ ਜਦੋਂ ਮਹਾਰਾਜਾ ਆਲਾ ਸਿੰਘ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਖਿਰਾਜ ਦੀ ਕੁਝ ਰਕਮ ਬਾਕੀ ਰਹਿ ਜਾਣ ਕਾਰਨ ਗ੍ਰਿਫਤਾਰ ਕਰ ਲਿਆ ਸੀ ਅਤੇ ਲਾਹੌਰ ਲੈ ਕੇ ਜਾ ਰਿਹਾ ਸੀ, ਤਾਂ ਰਾਜਿੰਦਰਾ ਆਪਣੇ ਦਾਦੇ ਪਾਸ ਆਈ ਅਤੇ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਤਾਂਕਿ ਬਾਬਾ ਜੀ ਨੂੰ ਛੁਡਾ ਲਵੇ। ਪਰ ਬਾਬਾ ਜੀ ਨੇ ਲੜਕੀ ਤੋਂ ਪੈਸਾ ਲੈਣ ਤੋਂ ਇਨਕਾਰ ਕਰ ਦਿੱਤਾ।

ਰਾਣੀ ਫ਼ਤਹਿ ਕੌਰ ਆਪਣੇ ਪਤੀ ਬਾਬਾ ਆਲਾ ਸਿੰਘ ਜੀ ਦੀ ਮ੍ਰਿਤੂ ਤੋਂ ਪਿੱਛੋਂ ਅੱਠ ਸਾਲ ਤੱਕ ਜਿਉਂਦੀ ਰਹੀ। ਬਾਬਾ ਆਲਾ ਸਿੰਘ ਜੀ ਨੇ ਚਿਰਾਂ ਤੋਂ ਹੀ ਇਹ ਧਾਰ ਰਖੀ ਸੀ ਕਿ ਰਾਜ ਭਾਗ ਕੇਵਰ ਅਮਰ ਸਿੰਘ ਨੂੰ ਹੀ ਸੌਂਪਣਾ ਹੈ। ਆਪ ਨੇ ਕੰਵਰ ਜੀ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਪਾਸੋਂ ਅੰਮ੍ਰਿਤ ਛਕਵਾਇਆ ਜੋ ਉਸ ਸਮੇਂ ਸਾਰੇ ਪੰਥ ਦੇ ਮੋਢੀ ਸਨ। ਆਪਣੇ ਪਤੀ ਦੀ ਮ੍ਰਿਤੂ ਪਿੱਛੋਂ ਰਾਣੀ ਨੇ ਅਮਰ ਸਿੰਘ ਨੂੰ ਰਾਜਗੱਦੀ ਤੇ ਬਿਠਾ ਦਿੱਤਾ। ਉਸ ਦੀ ਕਾਰਵਾਈ ਇਤਨੀ ਜਲਦ ਸੀ ਅਤੇ ਉਸਦਾ ਰਸੂਖ ਇਤਨਾ ਵਧ ਸੀ ਕਿ ਸਾਰੇ ਅਹਿਲਕਾਰਾਂ ਨੇ ਅਮਰ ਸਿੰਘ ਨੂੰ ਰਾਜਾ ਮੰਨ ਲਿਆ। ਕੰਵਰ ਸਰਦੂਲ ਸਿੰਘ ਦਾ ਪੁੱਤਰ ਹਿੰਮਤ ਸਿੰਘ ਵੀ ਸੀ ਜੋ ਅਮਰ ਸਿੰਘ ਨਾਲੋਂ ਕਈ ਸਾਲ ਵੱਡਾ ਸੀ ਪਰ ਕਰੇਵਾ ਕੀਤੀ ਹੋਈ ਇਸਤਰੀ ਦੀ ਸੰਤਾਨ ਸੀ। ਉਸ ਦੀ ਮਾਂ ਜੋਧ ਸਿੰਘ ਦੀ ਪਤਨੀ ਸੀ, ਜਿਸਦੇ ਮਰਨ ਪਿੱਛੋਂ ਸਰਦੂਲ ਸਿੰਘ ਨੇ ਉਸ ਤੇ ਚਾਦਰ ਪਾ ਲਈ ਸੀ। ਕੰਵਰ ਹਿੰਮਤ ਸਿੰਘ ਨੇ ਬਗ਼ਾਵਤ ਕਰ ਦਿੱਤੀ ਅਤੇ ਭਵਾਨੀਗੜ੍ਹ ਦਾ ਕਿਲ੍ਹਾ ਅਤੇ ਆਲੇ-ਦੁਆਲੇ ਦਾ ਇਲਾਕਾ ਮਲ ਲਿਆ। ਇਸ ਵੇਲੇ ਫ਼ਤਹਿ ਕੌਰ ਦੀ ਸੂਝ-ਬੂਝ ਕੰਮ ਆਈ। ਉਸ ਨੇ ਹਾਲਾਤ ਵਿਗੜਨ ਤੋਂ ਬਚਾ ਲਏ। ਉਸ ਨੇ ਭਾਈਆਂ ਵਿਚ ਸੁਲਾ ਕਰਾ ਦਿੱਤੀ। ਜਿਸ ਅਨੁਸਾਰ ਹਿੰਮਤ ਸਿੰਘ ਦੇ ਕਬਜ਼ਾ ਕੀਤੇ ਹੋਏ ਇਲਾਕੇ ਉਸ ਪਾਸ ਰਹੇ।

ਰਾਣੀ ਫ਼ਤਹਿ ਕੌਰ ਠੀਕ ਤੌਰ ਤੇ ਪਟਿਆਲਾ ਰਾਜ ਦੇ ਉਸਰੀਆਂ ਵਿਚੋਂ ਇਕ ਸੀ। ਉਸ ਦੀ ਮ੍ਰਿਤੂ 1773 ਈ: ਵਿਚ ਹੋਈ।

-0-

ਕਾਂਡ ਤੇਰ੍ਹਵਾ

## ਮਹੱਤਵਪੂਰਨ ਸਥਾਨ

ਬਾਬਾ ਆਲਾ ਸਿੰਘ ਅਦੁੱਤੀ ਸੂਝ-ਬੂਝ ਵਾਲੇ ਵਿਅਕਤੀ ਸਨ। ਉਨ੍ਹਾਂ ਨੇ ਇਕ ਮਾਮੂਲੀ ਤਿੰਨ ਜਾਂ ਚਾਰ ਪਿੰਡਾਂ ਦੇ ਸਰਦਾਰ ਤੋਂ ਤਰੱਕੀ ਕਰਕੇ ਇਕ ਮਹਾਨ ਰਿਆਸਤ ਦੀ ਨੀਂਹ ਰੱਖੀ। ਉਹ ਆਪਣੇ ਹੌਂਸਲੇ ਅਤੇ ਮਹਾਨ ਗੁਣਾਂ ਕਾਰਨ ਹਿਠਾੜ-ਸਤਲੁਜ ਖੇਤਰ ਦੇ ਇਕ ਬਹੁਤ ਸ਼ਕਤੀਸ਼ਾਲੀ ਸਰਦਾਰ ਬਣ ਗਏ ਅਤੇ ਉਨ੍ਹਾਂ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਰਿਆਸਤ ਦਾ ਰਾਜਾ ਮੰਨ ਲਿਆ। ਉਨ੍ਹਾਂ ਨੂੰ ਰਾਜੇ ਦਾ ਖ਼ਿਤਾਬ ਵੀ ਦਿੱਤਾ ਸੀ। ਬਾਬਾ ਆਲਾ ਸਿੰਘ ਨੇ ਆਪਣੇ ਅਧੀਨ ਕੀਤੇ ਇਲਾਕੇ ਨੂੰ ਕਾਬੂ ਵਿਚ ਰਖਣ ਲਈ ਥਾਂ-ਥਾਂ ਕਿਲ੍ਹੇ ਬਣਵਾਏ ਅਤੇ ਪਿੰਡ ਵਸਾਏ। ਇਨ੍ਹਾਂ ਦਾ ਮੁੱਖ ਮੰਤਵ ਵੈਰੀ ਤੋਂ ਆਪਣੇ ਇਲਾਕੇ ਨੂੰ ਸੁਰੱਖਿਅਤ ਕਰਨਾ ਸੀ। ਬਾਬਾ ਆਲਾ ਸਿੰਘ ਨੇ ਮਹਾਨ ਅਫ਼ਗਾਨ ਸਮਰਾਟ ਸ਼ੇਰ ਸ਼ਾਹ ਸੂਰੀ ਦੀ ਨੀਤੀ ਨੂੰ ਅਪਣਾਉਂਦੇ ਹੋਏ ਸੈਨਿਕ ਮਹੱਤਤਾ ਵਾਲੀਆਂ ਥਾਵਾਂ ਤੇ ਕਿਲ੍ਹੇ ਬਣਵਾਏ। ਉਹ ਗੜਬੜੀ ਦਾ ਸਮਾਂ ਸੀ। ਕਿਲ੍ਹਿਆਂ ਦੇ ਆਸ-ਪਾਸ ਪਿੰਡ ਵਸਾਏ ਗਏ ਕਿਉਂਕਿ ਇਥੇ ਵਸਨੀਕਾਂ ਨੂੰ ਵਧ ਸੁਰੱਖਿਆ ਮਿਲ ਸਕਦੀ ਸੀ।

ਆਪਣੇ ਭਾਈ ਦੁਨਾ ਸਿੰਘ ਭਦੌੜ ਤੋਂ ਵੱਖ ਹੋ ਕੇ ਬਾਬਾ ਆਲਾ ਸਿੰਘ ਨੇ 1722 ਈ. ਵਿਚ ਬਰਨਾਲੇ ਨੂੰ ਮੁੜ ਵਸਾਇਆ। ਇਹ ਪਟਿਆਲਾ ਸ਼ਹਿਰ ਦੇ ਵਸਾਉਣ ਤੱਕ ਅਰਥਾਤ ਸੰਨ 1763 ਈ: ਤੱਕ ਰਾਜ ਦੀ ਰਾਜਧਾਨੀ ਰਿਹਾ। ਅਠਾਰਵੀਂ ਸਦੀ ਦੇ ਆਰੰਭ ਵਿਚ ਇਹ ਇਕ ਛੋਟਾ ਜਿਹਾ ਪਿੰਡ ਸੀ।

ਸੰਘੇੜਾ ਪਿੰਡ ਦਾ ਬੀਰ ਭਾਨ ਚੌਧਰੀ ਮਹਾਰਾਜਾ ਪਟਿਆਲਾ ਜੀ ਦਾ ਅਨੁਆਈ ਸੀ ਅਤੇ ਕੋਟਲੇ ਵਾਲਿਆਂ ਤੋਂ ਤੰਗ ਸੀ। ਉਹ ਚਾਹੁੰਦਾ ਸੀ ਕਿ ਸਾਡੇ ਗਵਾਂਢ ਵਿਚ ਕੋਈ ਤਕੜਾ ਸੂਰਮਾ ਆਵੇ, ਜਿਸ ਤੋਂ ਸੁਰੱਖਿਆ ਮਿਲ ਸਕੇ। ਉਸ ਨੇ ਬਾਬਾ ਜੀ ਨੂੰ ਬਰਨਾਲਾ ਆਬਾਦ ਕਰਨ ਦੀ ਸਲਾਹ ਦਿੱਤੀ। ਜਿਸ ਕਾਰਨ ਬਾਬਾ ਜੀ ਨੇ ਮੋੜ੍ਹੀ ਗਡ ਦਿੱਤੀ ਅਤੇ ਸਦਾ ਲਈ ਭਦੌੜ ਨੂੰ ਛੱਡ ਕੇ ਬਰਨਾਲੇ ਹੀ ਰਹਿਣ ਲਗ ਪਏ। ਬਾਬਾ ਆਲਾ ਸਿੰਘ ਨੇ ਜਦ ਮੁਲਕ ਮਲਣਾ ਆਰੰਭ ਕੀਤਾ ਤਾਂ ਉਸ ਨੇ ਬਰਨਾਲੇ ਉਪਰ ਕਬਜ਼ਾ ਕਰਕੇ ਆਪਣੇ ਵਧ ਰਹੇ ਰਾਜ ਦੀ ਇਸ ਨੂੰ ਰਾਜਧਾਨੀ ਬਣਾਇਆ। ਉਸ ਨੇ ਇਹ ਪਿੰਡ ਜਿਹੜਾ ਕਿ ਉਜੜੀ ਹਾਲਤ ਵਿਚ ਸੀ 1722 ਈ: ਵਿਚ ਮੁੜ ਵਸਾਇਆ। ਇਸ ਦੇ ਚਾਰੋਂ-ਪਾਸੇ ਇਕ ਪੱਕਾ ਕੋਟ ਬਣਵਾ ਦਿੱਤਾ ?

ਅਤੇ ਅੰਦਰ ਇਕ ਛੋਟਾ ਜਿਹਾ ਕਿਲ੍ਹਾ ਬਣਵਾਇਆ। ਇਸ ਨਾਲ ਬਰਨਾਲੇ ਅਤੇ ਆਲਾ ਸਿੰਘ ਦੀ ਪ੍ਰਸਿੱਧੀ ਬਹੁਤ ਵਧ ਗਈ। ਕਿਲ੍ਹੇ ਦੇ ਅੰਦਰ ਵਿਹੜੇ ਦੇ ਸਾਹਮਣੇ ਇਕ ਵੱਡੀ ਬਾਉਲੀ ਬਣਵਾਈ। ਇਸ ਬਾਉਲੀ ਦੀਆਂ 127 ਪੌੜੀਆਂ ਸਨ। ਬਰਨਾਲੇ ਤੋਂ ਹੀ ਆਲਾ ਸਿੰਘ ਨੇ ਆਪਣਾ ਇਲਾਕਾ ਵਧਾਉਣਾ ਸ਼ੁਰੂ ਕੀਤਾ ਅਤੇ ਚਾਲੀ ਵਰ੍ਹਿਆਂ ਵਿਚ ਇਕ ਚੰਗੀ ਰਿਆਸਤ ਦੀ ਨੀਂਹ ਰਖ ਦਿੱਤੀ। ਬਾਬਾ ਆਲਾ ਸਿੰਘ ਅਤੇ ਉਸ ਦੇ ਭਾਈਆਂ ਨੇ ਚੌਧਰੀ ਤਿਲੋਕ ਚੰਦ ਤੋਂ ਸਤਾਰਾਂ ਪਿੰਡ ਆਪਣੇ ਹਿੱਸੇ ਦੇ ਲਏ ਸੀ। ਇਨ੍ਹਾਂ ਪਿੰਡਾਂ ਵਿਚ ਭਦੌੜ, ਬਰਨਾਲਾ ਅਤੇ ਹੰਡਿਆਇਆ ਆਦਿ ਸਨ। ਭਦੌੜ ਆਲਾ ਸਿੰਘ ਦੇ ਵੱਡੇ ਭਾਈ ਦੁਨਾ ਸਿੰਘ ਦੇ ਹਿੱਸੇ ਵਿਚ ਆਇਆ ਸੀ। ਆਲਾ ਸਿੰਘ ਨੇ ਬਰਨਾਲਾ ਤੋਂ ਤਿੰਨ ਮੀਲ ਦੀ ਵਿਥ ਤੇ ਸੰਘੇੜਾ ਤੇ ਕਬਜ਼ਾ ਕਰ ਲਿਆ। ਬਰਨਾਲਾ ਅਤੇ ਸੰਘੇੜਾ ਦੇ ਛੋਟੇ ਜਿਹੇ ਇਲਾਕੇ ਤੋਂ ਹੀ ਆਲਾ ਸਿੰਘ ਨੇ ਆਪਣੀਆਂ ਜਿੱਤਾਂ ਆਰੰਭ ਕੀਤੀਆਂ ਅਤੇ ਇਕ ਚੌਖੀ ਰਿਆਸਤ ਕਾਇਮ ਕੀਤੀ।

14 ਜਨਵਰੀ, 1764 ਨੂੰ ਜਦ ਆਲਾ ਸਿੰਘ ਦਾ ਮੁੱਖ ਵੈਰੀ ਸਰਹੰਦ ਦਾ ਨਵਾਬ ਜ਼ੈਨ ਖ਼ਾਨ ਸਿੰਘਾ ਨਾਲ ਲੜਾਈ ਵਿਚ ਮਾਰਿਆ ਗਿਆ ਅਤੇ ਸਾਰੇ ਇਲਾਕੇ ਵਿਚ ਸਿੰਘਾ ਦਾ ਰਾਜ ਹੋ ਗਿਆ ਤਾਂ ਆਲਾ ਸਿੰਘ ਨੇ ਬਰਨਾਲੇ ਨੂੰ ਛੱਡ ਕੇ ਪਟਿਆਲੇ ਨੂੰ ਆਪਣੀ ਰਾਜਧਾਨੀ ਬਣਾ ਲਿਆ।

ਜਿਨ੍ਹਾਂ ਦਿਨਾਂ ਵਿਚ ਬਾਬਾ ਆਲਾ ਸਿੰਘ ਇਲਾਕੇ ਜਿੱਤ ਕੇ ਆਪਣੇ ਰਾਜ ਦਾ ਵਿਸਥਾਰ ਕਰ ਰਿਹਾ ਸੀ, ਉਸ ਦੀ ਰਾਣੀ ਫ਼ਤਹਿ ਕੌਰ (ਮਾਈ ਫੱਤੋਂ) ਬਰਨਾਲੇ ਵਿਚ ਗੁਰੂ ਦਾ ਅਤੁੱਟ ਲੰਗਰ ਚਲਾਇਆ ਕਰਦੀ ਸੀ, ਜਿੱਥੇ ਕਿ ਉਹ ਆਈਆਂ ਸੰਗਤਾਂ ਦੀ ਸੇਵਾ ਕਰਦੀ ਸੀ। ਹਰ ਵਿਅਕਤੀ ਨੂੰ ਹਰ ਵੇਲੇ ਪ੍ਰਸ਼ਾਦਾ ਤਿਆਰ ਮਿਲਦਾ ਸੀ। ਬਾਬਾ ਆਲਾ ਸਿੰਘ ਦੇ ਕਿਲ੍ਹੇ ਵਿਚ ਚੁਲ੍ਹੇ ਜਿੱਥੇ ਕਿ ਲੰਗਰ ਪਕਦਾ ਸੀ, ਹੁਣ ਤੱਕ ਲੋਕਾਂ ਵਿਚ ਸਤਕਾਰੇ ਜਾਂਦੇ ਹਨ। ਇਹ ਕਸਬਾ ਪਟਿਆਲੇ ਤੋਂ ਲਹਿੰਦੇ ਨੂੰ ਲਗਭਗ 83 ਕਿਲੋਮੀਟਰ ਦੀ ਦੂਰੀ ਤੇ ਹੈ।

ਬਾਬਾ ਆਲਾ ਸਿੰਘ ਸੁਨਾਮ ਦੇ ਗਿਰਦ ਹਰ ਅਜਿਹੀ ਥਾਂ ਤੇ ਪਿੰਡ ਵਸਾਉਣਾ ਚਾਹੁੰਦੇ ਸਨ ਜੋ ਸੈਨਿਕ ਮਹੱਤਤਾ ਵਾਲੀ ਸੀ। ਉਨ੍ਹਾਂ ਦਾ ਮੰਤਵ ਸੁਨਾਮ ਵੱਲ ਦੇ ਇਲਾਕਿਆਂ ਤੇ ਕਬਜ਼ਾ ਕਰਨਾ ਸੀ। ਭਾਈਆਂ ਨਾਲੋਂ ਵੰਡ ਪਿਛੋਂ, ਆਲਾ ਸਿੰਘ ਨੇ 1731 ਵਿਚ ਲੌਂਗਵਾਲ ਪਿੰਡ ਦੇ ਮੋੜ੍ਹੀ ਗੱਡੀ। ਲੌਂਗਵਾਲ ਪਿੰਡ ਨੂੰ ਮੁੜ ਵਸਾਇਆ। ਇਸ ਪਿੰਡ ਦੀ ਸਿੱਖ ਇਤਿਹਾਸ ਵਿਚ ਬਹੁਤ ਮਹੱਤਤਾ ਹੈ।

ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਦੇ ਪੰਨਾ 712 ਉੱਤੇ "ਮਨੀ ਸਿੰਘ ਭਾਈ' ਦੇ ਇੰਚਰਾਜ ਦੀ ਵਿਆਖਿਆ ਵਿਚ ਲਿਖਦੇ ਹਨ ਕਿ "ਕੈਂਬੋਵਾਲ ਪਿੰਡ ਦੇ (ਜਿਸ ਦਾ ਥੇਹ ਪਟਿਆਲਾ ਰਾਜ ਵਿਚ ਸੁਨਾਮ ਪਾਸ ਵੇਖਿਆ ਜਾਂਦਾ ਹੈ) ਵਸਨੀਕ ਦੁਲੱਟ ਚੌਧਰੀ

ਕਾਲੇ ਦੇ ਪੁੱਤਰ 'ਮਨੀਏ ਦੀ ਉਮਰ ਕੇਵਲ ਪੰਜ ਵਰ੍ਹੇ ਦੀ ਸੀ ਜਦ ਕਾਲੇ ਨੇ ਸ੍ਰੀ ਗੁਰ ਤੇਗ ਬਹਾਦਰ ਜੀ ਨੂੰ ਆਪਣਾ ਪੁੱਤਰ ਚੜ੍ਹਾ ਦਿੱਤਾ। ਇਹ ਛੋਟੀ ਅਵਸਥਾ ਤੋਂ ਹੀ ਦਸਮੇਸ਼ ਜੀ ਦੀ ਸੇਵਾ ਵਿਚ ਰਿਹਾ, ਇਸ ਨੇ ਕਲਗੀਧਰ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਪਦਵੀ ਧਾਰਨ ਕੀਤੀ।"

"ਪੰਜਾਬੀ ਸਾਹਿਤ ਸਮੀਖਿਆ ਬੋਰਡ" ਦੇ ਉਦਮ ਨਾਲ ਪੰਜਾਬ ਦੇ ਪ੍ਰਸਿੱਧ ਸਾਹਿਤਕਾਰ ਤੋਂ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਬਾਰੇ 1960 ਈ: ਵਿਚ ਇਕ ਖੋਜ ਪੁਸਤਕ ਛਪੀ ਅਤੇ ਲੌਂਗੋਵਾਲ ਵਿਚ ਉਸ ਵਲੇ ਦੇ ਸਿਖਿਆ ਮੰਤਰੀ ਨੇ ਇਸ ਨੂੰ ਰੀਲੀਜ਼ ਕੀਤਾ। ਸੰਤ ਚੱਕਰ-ਵਰਤੀ 'ਦੁਲੱਟ' ਵੰਸ਼ ਦਾ ਪਿਛਵਾੜਾ ਦੱਸਦੇ ਹੋਏ ਲਿਖਦੇ ਹਨ ਕਿ ਦੁਲੱਟ ਦਾ ਅਸਲ ਨਾਂ ਰਾਇ ਬੀਰਾ ਸੀ ਅਤੇ ਉਹ ਪ੍ਰਸਿੱਧ ਰਾਜਪੂਤ ਰਾਏ ਪਿਥੋਰਾ ਦਾ ਛੋਟਾ ਭਰਾ ਸੀ। ਜਦ ਭਾਰਤ ਵਿਚ ਤੁਰਕਾਂ ਦਾ ਜ਼ੋਰ ਵਧਿਆ ਤਾਂ ਮੁਹੰਮਦ ਗੌਰੀ ਨੇ ਪ੍ਰਿਥੀ ਰਾਜ ਨੂੰ ਗ੍ਰਿਫ਼ਤਾਰ ਕਰ ਲਿਆ। ਰਾਇ ਬੀਰਾ ਬਚ ਨਿਕਲਿਆ। ਉਸ ਨੇ ਪਰਗਨਾ ਸੁਨਾਮ ਦੇ ਜੰਗਲਾਂ ਵਿਚ ਸ਼ਰਣ ਲਈ। ਦੁਲੱਟ ਗਇ ਦਾ ਨਾਂ ਸੁਣ ਕੇ ਇਲਾਕੇ ਦੇ ਸਾਰੇ ਧਾੜਵੀ ਉਸ ਨਾਲ ਮਿਲ ਗਏ। ਇਹ ਧਾੜਵੀਆਂ ਦਾ ਸ਼ਕਤੀਸ਼ਾਲੀ ਗਰੋਹ ਦਿੱਲੀ, ਆਗਰਾ ਤੇ ਮਥਰਾ ਤੱਕ ਲੁੱਟਮਾਰ ਕਰਦਾ ਸੀ। ਇਸੇ ਰਾਏ ਬੀਰਾ ਜਾਂ ਦੁਲੱਟ ਦੇ ਘਰ ਸਤ ਪੁੱਤਰ ਹੋਏ ਸੁਰ ਰਾਇ, ਧਾਰ ਰਾਇ, ਕੈਂਬੋ ਰਾਇ, ਬਨ ਰਾਇ. ਲੌਂਗੋ ਰਾਇ, ਰਾਜ਼ਾਣਾ ਰਾਇ ਅਤੇ ਬਡਆਨਾ ਰਾਇ ਸਨ। ਵੰਸ਼ ਦਾ ਵਾਧਾ ਹੋਣ ਕਰਕੇ ਇਕੱਠੇ ਰਹਿਣਾ ਬਹੁਤ ਕਠਿਨ ਹੋ ਗਿਆ। ਇਨ੍ਹਾਂ ਨੇ ਕਈ ਪਿੰਡ ਵਸਾ ਲਏ। ਇਨ੍ਹਾਂ ਵਿਚੋਂ ਪ੍ਰਸਿੱਧ ਲੌਂਗੋਵਾਲ, ਚੱਠੇ, ਉਪਲੀ ਤੇ ਕੈਂਬੋਵਾਲ ਸਨ। ਇਸ ਤੋਂ ਪ੍ਰਤੱਖ ਹੈ ਕਿ ਕੈਂਬੋਵਾਲ ਰਾਇ ਬੀਰੇ ਦੇ ਪੁੱਤਰ ਕੈਂਬ ਰਾਇ ਨੇ ਵਸਾਇਆ ਸੀ। ਇਨ੍ਹਾਂ ਨੇ ਬਟਾਲਾ ਨੇੜੇ ਪਿੰਡ ਦੁਲੱਟ ਵੀ ਕਾਇਮ ਕੀਤਾ ਜੋ ਹੁਣ ਤੱਕ ਕਾਇਮ ਹੈ। ਔਰੰਗਜ਼ੇਬ ਦੀ ਮ੍ਰਿਤੂ ਪਿੱਛੋਂ ਦੇਸ਼ ਵਿਚ ਗੜਬੜੀ ਫੈਲ ਗਈ। ਨਾਦਰਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਜਿਹੇ ਜ਼ਾਲਮ ਲੁਟੇਰੇ ਦੇਸ਼ ਨੂੰ ਲੁੱਟਣ ਲਗੇ। ਇਸ ਗੜਬੜੀ ਵਿਚ ਦੁਲੱਟ ਬਿਖਰ ਗਏ। ਨਾਦਰ ਸ਼ਾਹ ਨੇ ਪਿੰਡ ਕੈਂਬੋਵਾਲ ਨੂੰ ਖ਼ੂਬ ਲੁੱਟਿਆ ਅਤੇ ਢਾਹ ਕੇ ਖੰਡਰ ਬਣਾ ਦਿੱਤਾ। ਇਹ ਪਿੰਡ ਚੌਧਰੀ ਕੈਂਬੋ ਦੇ ਨਾਂ ਤੇ ਜਾਣਿਆ ਜਾਂਦਾ ਸੀ। ਇਹ ਪਿੰਡ ਥੇਹ ਹੋ ਗਿਆ ਅਤੇ ਕੈਂਬੋ ਦੇ ਛੋਟੇ ਭਰਾ ਚੌਧਰੀ ਲੌਂਗੋ ਦੇ ਨਾਂ ਤੇ ਨਵਾਂ ਪਿੰਡ ਵਸਾ ਲਿਆ ਜਿਸ ਦਾ ਨਾਂ ਲੌਂਗੋਵਾਲ ਰਖਿਆ ਗਿਆ।

ਪਿੰਡ ਲੌਂਗੋਵਾਲ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਆਏ। ਜਦੋਂ ਗੁਰੂ ਜੀ ਸ਼ਹੀਦੀ ਦੇਣ ਲਈ ਦਿੱਲੀ ਗਏ ਤਾਂ ਉਹ ਰਿਆਸਤ ਪਟਿਆਲਾ ਦੇ ਪਰਗਣਾ ਸੁਨਾਮ ਦੇ ਪਿੰਡ ਕੈਂਬੋਵਾਲ ਵਿਚੋਂ ਲੰਘੇ। ਇਸ ਇਲਾਕੇ ਦੇ ਦੁਲੱਟ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਔਰੰਗਜ਼ੇਬ ਦੀ ਮ੍ਰਿਤੂ ਪਿੱਛੋਂ ਦੇਸ਼ ਵਿਚ ਅਰਾਜਕਤਾ ਫੈਲਣ ਕਾਰਨ ਦੁਲਟ ਉਜੜ ਗਏ।

ਸ੍ਰੀ ਬਾਬਾ ਆਲਾ ਸਿੰਘ ਨੇ 'ਬਰਨਾਲਾ' 'ਉਬੇਵਾਲ' ਆਦਿ ਨਗਰ ਵਸਾ ਲਏ। ਉਨ੍ਹਾਂ ਦੀ ਨਜ਼ਰ ਲੌਂਗੋਵਾਲ ਦੇ ਥੇਹ ਉੱਤੇ ਜਾ ਪਈ। ਉਨ੍ਹਾਂ ਦੁਲੱਟਾਂ ਨੂੰ ਬੁਲਾ ਕੇ ਆਪਣਾ ਉਜੜ ਚੁੱਕਾ ਤੇ ਢਹਿ-ਢੇਰੀ ਹੋਇਆ ਲੌਂਗੋਵਾਲ ਪਿੰਡ ਵਸਾਉਣ ਲਈ ਕਿਹਾ। ਬਾਬੇ ਆਲੇ ਦੀ ਸਹਾਇਤਾ ਨਾਲ ਸੰਮਤ 1806 ਈ: ਵਿਚ ਦੁਲੱਟਾ, ਲੋਈਵਾਲ ਮੁੜ ਉਸਾਰ ਲਿਆ। ਮਾਲਵੇ ਵਿਚ ਬਹੁਤ ਵੱਡੀ ਕਿਲਤ ਪਾਣੀ ਦੀ ਸੀ। ਪਰ ਇਨ੍ਹਾਂ ਦੇ ਇਕ ਬਜ਼ੁਰਗ 'ਹਿੰਮਤ ਰਾਇ' ਨੇ ਪਹਿਲੀ ਵਾਰ ਪਿੰਡ ਬਨਣ ਸਮੇਂ ਖੂਹ ਲਾ ਕੇ ਇਹ ਕਮੀ ਪੂਰੀ ਕੀਤੀ ਹੋਈ ਸੀ। ਦੁਲੱਟ ਇਕੱਠੇ ਹੋ ਕੇ ਲੌਂਗੋਵਾਲ ਵਿਚ ਮੁੜ ਆਕੇ ਵਸੇ ਪਰ ਤਕੀਪੁਰ, ਢੱਡਰੀ ਦੇ ਲੜਾਕੇ ਮੁਸਲਮਾਨ ਉਨ੍ਹਾਂ ਨੂੰ ਅਮਨ ਤੇ ਸ਼ਾਂਤੀ ਨਾਲ ਵਸਣ ਨਹੀਂ ਸਨ ਦੇਂਦੇ। ਬਾਬੇ ਆਲੇ ਦੀ ਮਦਦ ਨਾਲ ਦੁਲੱਟਾਂ ਨੇ ਮੁਸਲਮਾਨ ਮਾਰ ਭਜਾਏ ਅਤੇ ਦੁਲੱਟਾਂ ਨੇ ਲੌਂਗੋਵਾਲ ਮੁੜ ਆਬਾਦ ਕਰ ਲਿਆ। ਜੱਟਾਂ ਦਾ ਅਜਿਹਾ ਵੱਡਾ ਤੇ ਪ੍ਰਸਿੱਧ ਪਿੰਡ ਸਾਰੇ ਪੰਜਾਬ ਵਿਚ ਸ਼ਾਇਦ ਹੀ ਕੋਈ ਹੋਵੇ। ਇਸ ਪਿੰਡ ਦਾ ਇਕ 'ਨਿਗਾਹੀਆ ਸਿੰਘ' ਦੁਲੱਟ ਸੀ। ਉਸ ਨੇ ਸ੍ਰੀ ਦਸਮੇਸ਼ ਜੀ ਤੋਂ ਅੰਮ੍ਰਿਤ ਪਾਨ ਕੀਤਾ ਸੀ। ਉਸ ਦੇ ਘਰ ਸੱਤ ਪੁੱਤਰ ਸਨ। ਦਰਬਾਰਾ ਸਿੰਘ, ਅਘੜ ਸਿੰਘ, ਬਰਾਜ ਸਿੰਘ, ਮਰਾਜ ਸਿੰਘ, ਰੁੱਘਾ ਸਿੰਘ, ਬਖ਼ਤਾ ਸਿੰਘ ਤੇ ਸੁਜਾਨ ਸਿੰਘ। ਅਘੜ ਸਿੰਘ ਤੇ ਬਜਾਜ ਸਿੰਘ ਤਾਂ ਬਿਹੰਗਮ ਹੋਕੇ ਨਵਾਬ ਕਪੂਰ ਸਿੰਘ ਨਾਲ ਰਹੇ। ਸੁਖੇ ਦੀ ਦੇਗ ਬਣਾ ਕੇ ਸਾਰੇ ਜੱਥੇ ਨੂੰ ਛਕਾਉਣ ਕਰਕੇ ਛੋਟੇ ਨੂੰ ਤਾਂ 'ਬਾਰਾਜ ਸਿੰਘ ਸੁਖੱਈ ਦੇ ਨਾਂ ਤੇ ਸਦਿਆ ਜਾਂਦਾ ਸੀ। ਇਹ ਦੋਵੇਂ ਘਨੌਲੀ, ਰੋਪੜ ਕੋਲ ਜ਼ੈਨ ਖਾਂ ਨਾਲ ਲੜ ਕੇ ਸ਼ਹੀਦ ਹੋਏ। ਜਿੱਥੇ ਇਨ੍ਹਾਂ ਦਾ ਸ਼ਹੀਦ-ਗੰਜ ਬਣਿਆ ਹੋਇਆ ਹੈ ਅਤੇ ਆਮ ਲੋਕੀਂ ਮੰਨਤਾ ਮੰਨਦੇ ਅਤੇ ਦੇਗਾਂ ਕਰਾਉਂਦੇ ਹਨ। ਦਰਗਾਹ ਸਿੰਘ ਜੀ ਨਿਰਮਲੇ ਸੰਤ ਹੋ ਗਏ ਸਨ। ਉਨ੍ਹਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਦੁਵਾਰਾ ਜੋ ਕਨਖਲ ਹਰਿਦੁਆਰ ਵਿਚ ਵਾਕਿਆ ਹੈ ਆਬਾਦ ਕੀਤਾ ਅਤੇ ਉੱਥੇ ਹੀ ਆਪਣਾ ਡੇਰਾ ਵੀ ਬਣਾਇਆ। ਜਿਸਦੇ ਸ੍ਰੀ ਮਾਨ ਸੰਤ ਸਾਧੂ ਸਿੰਘ ਜੀ ਅੱਜ ਕਲ੍ਹ ਮਹੰਤ ਹਨ। ਬਾਕੀ ਦੋਹਾਂ ਭਰਾਵਾਂ ਦੀ ਔਲਾਦ ਲੌਂਗੋਵਾਲ ਵਸਦੀ ਹੈ। ਜਿਨ੍ਹਾਂ ਨੂੰ ਲੋਕ 'ਨਿਗਾਹੀਏ ਕੇ' ਕਹਿੰਦੇ ਹਨ।

ਰਾਇ ਬੀਰੇ ਜਾਂ ਦੁਲਟ ਦੀ ਸੰਤਾਨ ਰਾਇ ਕੈਂਬੋ ਰਾਇ ਨੇ ਕੈਂਬੋਵਾਲ ਵਸਾਇਆ ਸੀ। ਇਹੀ ਸਥਾਨ ਭਾਈ ਮਨੀ ਸਿੰਘ ਦਾ ਜਨਮ ਸਥਾਨ ਸੀ ਜੋ ਉਜੜ ਕੇ ਥੇਹ ਬਣਿਆ ਰਿਹਾ। ਭਾਈ ਸਾਹਿਬ ਦੇ ਬਜ਼ੁਰਗ ਅਤੇ ਭਰਾ ਭਾਈ ਅਨੰਦਪੁਰੀਏ ਬਣਕੇ ਖਾਲਸੇ ਦੇ ਇਤਿਹਾਸ ਦੇ ਅਮਰ ਮੋਤੀ ਬਣੇ ਤੇ ਉਨ੍ਹਾਂ ਨੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ।

ਰਾਇ ਬੀਰੇ ਦੀ ਸੰਤਾਨ ਰਾਇ ਲੌਂਗੋ ਨੇ ਪਿੰਡ ਲੌਂਗੋਵਾਲ ਵਸਾਇਆ ਸੀ। ਇਹ ਵੀ ਉਜੜ ਗਿਆ ਸੀ। ਇਹ ਵੰਸ਼ ਪੰਜਾਬ ਭਰ ਵਿਚ ਖਿਲਰ ਗਿਆ। ਪਰ ਬਾਬਾ ਆਲਾ ਸਿੰਘ ਦੀ

ਸਹਾਇਤਾ ਨਾਲ ਪਿੰਡ ਲੌਂਗੋਵਾਲ ਦੂਜੀ ਵਾਰ ਵਸਿਆ। ਸੰਤ ਮੂਲ ਚੰਦ ਜੀ ਦੇ ਬਚਨਾਂ ਕਾਰਨ ਹੀ ਇਹ ਪੰਜਾਬ ਦਾ ਸਿਰਕੱਢ ਪਿੰਡ ਬਣਿਆ। ਲੌਂਗੋਵਾਲ ਦੇ ਸਾਧ ਦੀ ਪ੍ਰਸਿੱਧੀ ਜੋ ਪੰਜਾਬੀਆਂ ਵਿਚ ਹੈ,ਇੱਥੋ ਹੀ ਪ੍ਰਚਲਿਤ ਹੋਈ। ਬਾਬਾ ਆਲਾ ਸਿੰਘ(1714-1765) ਅਤੇ ਸੰਤ ਭਾਈ ਮੂਲ ਚੰਦ ਸੁਨਾਮ ਵਾਲੇ ਜਿਨ੍ਹਾਂ ਨੇ ਸਤਲੁਜ ਦਰਿਆ ਅਤੇ ਸਰਸਵਤੀ ਨਦੀ ਦੇ ਵਿਚਕਾਰਲੇ ਇਲਾਕੇ ਵਿਚ ਭਾਈਚਾਰਾ ਬਣਾਉਣ ਲਈ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਗੁਰਬਾਣੀ ਦਾ ਆਸਰਾ ਲਿਆ। ਇਨ੍ਹਾਂ ਨੇ ਰਾਜਸ਼ਕਤੀ ਤੇ ਨਾਮ-ਸ਼ਕਤੀ ਦੀ ਯੋਗ ਵਰਤੋਂ ਨਾਲ ਮਾਲਵੇ ਨੂੰ ਸ਼ਾਂਤ ਤੇ ਸਦਭਾਵਨਾ ਵਾਲਾ ਇਲਾਕਾ ਬਣਾਈ ਰੱਖਿਆ।

ਬਾਬਾ ਆਲਾ ਸਿੰਘ ਨੇ ਸੰਮਤ 1806 ਬਿਕ੍ਰਮੀ ਅਨੁਸਾਰ ਸੰਨ 1749 ਈ: ਵਿਚ ਢੋਡਿਆ ਨੂੰ ਆਬਾਦ ਕਰਕੇ ਉੱਥੇ ਕਿਲ੍ਹਾ ਬਣਾਉਣਾ ਆਰੰਭ ਕੀਤਾ। ਅਸਲ ਵਿਚ ਬਾਬਾ ਆਲਾ ਸਿੰਘ ਦੇ ਵੱਡੇ ਭਾਈ ਸਭਾ ਸਿੰਘ ਨੇ ਢੋਡਿਆਂ ਦੀ ਨੀਂਹ ਰੱਖੀ ਸੀ ਪਰ ਜਲਦੀ ਹੀ ਉਸਦੀ ਮ੍ਰਿਤੂ ਹੋ ਗਈ। ਉਸ ਦੀ ਮ੍ਰਿਤੂ ਦੇ ਪਿੱਛੋਂ ਢੋਡਿਆਂ ਆਲਾ ਸਿੰਘ ਦੇ ਕਬਜ਼ੇ ਵਿਚ ਆ ਗਿਆ। ਉਹ ਉੱਥੇ ਇਕ ਕਿਲ੍ਹਾ ਬਣਾਉਣਾ ਚਾਹੁੰਦੇ ਸਨ। ਫ਼ਰੀਦ ਖ਼ਾਨ ਨੂੰ ਜਿਹੜਾ ਢੋਡਿਆਂ ਦੇ ਨੇੜੇ ਪਿੰਡ ਕਕਰਾਲ ਵਿਚ ਰਹਿੰਦਾ ਸੀ ਅਤੇ ਸਮਾਨਾ ਪਰਗਣੇ ਦਾ ਲਗਭਗ ਚੌਥਾ ਭਾਗ ਉਸ ਦੇ ਕਬਜ਼ੇ ਵਿਚ ਸੀ,ਉਹ ਆਲਾ ਸਿੰਘ ਦੇ ਕਿਲ੍ਹਾ ਬਣਾਉਣ ਦੇ ਹੱਕ ਵਿਚ ਨਹੀਂ ਸੀ। ਇਸ ਲਈ ਲੜਾਈ ਹੋਈ। ਇਸ ਲੜਾਈ ਵਿਚ ਫ਼ਰੀਦ ਖ਼ਾਨ ਮਾਰਿਆ ਗਿਆ। ਉਸਦਾ ਇਲਾਕਾ ਆਲਾ ਸਿੰਘ ਦੇ ਕਬਜ਼ੇ ਵਿਚ ਆ ਗਿਆ। ਆਲਾ ਸਿੰਘ ਨੇ ਢੋਡਿਆਂ ਵਿਚ ਇਕ ਕਿਲ੍ਹਾ ਬਣਵਾਇਆ। ਕਿਲ੍ਹੇ ਦੇ ਗਿਰਦ ਇਕ ਕਸਬਾ ਵਸ ਗਿਆ। ਜਿਸ ਨੂੰ ਹੁਣ ਭਵਾਨੀਗੜ੍ਹ ਕਹਿੰਦੇ ਹਨ। ਇਹ ਕਿਲ੍ਹਾ ਮੂਣਕ ਵੱਲ ਦੇ ਇਲਾਕੇ ਜਿੱਤਣ ਲਈ ਆਲਾ ਸਿੰਘ ਲਈ ਇਕ ਸ਼ਾਨਦਾਰ ਫ਼ੌਜੀ ਟਿਕਾਣਾ ਸਿੱਧ ਹੋਇਆ। ਇਹ ਪਟਿਆਲਾ ਦੇ ਦੱਖਣ ਪੂਰਬ ਵਿਚ 24 ਮੀਲ ਦੀ ਦੂਰੀ ਤੇ ਹੈ।

ਸਨੌਰ ਦੇ ਪਰਗਣੇ ਦਾ ਹਾਕਮ ਮੁਹੰਮਦ ਸਾਲਹ ਖੋਖਰ ਸੀ। ਉਸ ਨੇ ਇਹ ਉਚਿਤ ਖਿਆਲ ਕੀਤਾ ਕਿ ਸਨੌਰ ਦੇ ਪਰਗਣੇ ਨੂੰ ਜਿਸ ਵਿਚ 84 ਪਿੰਡ ਸਨ ਅਤੇ ਵਰਤਮਾਨ ਪਟਿਆਲੇ ਦੀ ਥਾਂ ਵੀ ਸੀ ਬਾਬਾ ਆਲਾ ਸਿੰਘ ਦੇ ਹਵਾਲੇ ਕਰ ਦੇਵੇ। ਇਹ ਸਨੌਰ ਦਾ ਕਸਬਾ ਵਰਤਮਾਨ ਪਟਿਆਲੇ ਤੋਂ ਲਗਭਗ 5 ਕਿਲੋਮੀਟਰ ਦੀ ਦੂਰੀ ਤੇ ਹੈ। ਆਲਾ ਸਿੰਘ ਦਾ ਕਬਜ਼ਾ ਸਨੌਰ ਪ੍ਰਗਣੇ ਤੇ 1757 ਈ: ਵਿਚ ਹੋ ਗਿਆ।

ਕਸਬਾ ਸਨੌਰ ਵਿਚ ਪੁਰਾਤਨ ਸਮੇਂ ਦਾ ਇਕ ਕਿਲ੍ਹਾ ਬਣਿਆ ਹੋਇਆ ਹੈ ਜਿਸਦੇ ਨਾਲ ਦੇ ਬਾਗ ਵਿਚ ਸੂਫੀਆਂ ਦੀ ਮਜਲਿਸ ਹਰ ਸਾਲ ਲੱਗਦੀ ਸੀ।

## 71/ਬਾਬਾ ਆਲਾ ਸਿੰਘ

ਸਨੌਰ ਦੇ ਪਰਗਣੇ ਨੂੰ ਕਾਬੂ ਵਿਚ ਰੱਖਣ ਲਈ ਬਾਬਾ ਆਲਾ ਸਿੰਘ ਨੇ ਪਟਿਆਲਾ ਦੇ ਸਥਾਨ ਤੇ ਸੰਨ 1753 ਈ: ਵਿਚ ਇਕ ਕੱਚੀ ਗੜ੍ਹੀ ਬਣਵਾਈ। ਇਹ ਗੜ੍ਹੀ ਵਰਤਮਾਨ ਕਿਲ੍ਹੇ ਦੇ ਪੂਰਬ ਵਿਚ ਸੀ। ਵਰਤਮਾਨ ਕਿਲ੍ਹੇ ਦੀ ਨੀਂਹ ਬਾਬਾ ਆਲਾ ਸਿੰਘ ਨੇ 1763 ਈ: ਵਿਚ ਰੱਖੀ ਸੀ ਅਤੇ ਇਸ ਨੂੰ ਸਰਹੰਦ ਤੋਂ ਹੋਈ ਜੁਗਾਤ ਦੀ ਆਮਦਨੀ ਨਾਲ ਬਣਵਾਇਆ ਗਿਆ। ਸੀ।

ਪ੍ਰੋ: ਐਸ.ਐਨ. ਬੈਨਰਜੀ ਲਿਖਦੇ ਹਨ ਕਿ ਰਿਗਵੇਦ ਦੇ ਯੁੱਗ ਵੇਲੇ 'ਪਸਤਿਆਵੰਤ' ਨਾਂ ਦੀ ਥਾਂ ਸੀ ਜਿਹੜੀ ਪਟਿਆਲਾ ਸ਼ਹਿਰ ਦੇ ਪਾਸ ਸੀ ਜਿਸ ਤੋਂ ਪਟਿਆਲਾ ਨੇ ਨਾਂ ਪ੍ਰਾਪਤ ਕੀਤਾ। ਆਮ ਰਾਏ ਕਿ ਪਟਿਆਲਾ ਦੇ ਸ਼ਹਿਰ ਨੇ ਬਾਬਾ ਆਲਾ ਸਿੰਘ ਦੇ ਭਾਗ (ਪਟੀ-ਆਲਾ) ਤੇ ਨਾਂ ਪ੍ਰਾਪਤ ਕੀਤਾ ਹੈ, ਸਹੀ ਨਹੀਂ ਹੈ। 'ਆਲਾ' ਸ਼ਬਦ ਇਸ ਇਲਾਕੇ ਦੇ ਬਹੁਤ ਸਾਰੇ ਕਸਬਿਆਂ ਨਾਲ ਲਗਿਆ ਹੋਇਆ ਹੈ ਜਿਵੇਂ ਅੰਬਾਲਾ, ਕਕਰਾਲਾ, ਬਰਨਾਲਾ, ਸਮਰਾਲਾ, ਬਟਾਲਾ ਆਦਿ। ਪਟਿਆਲਾ ਉਸ ਥੇਹ ਤੇ ਬਣਿਆ ਹੋਇਆ ਹੈ ਜਿੱਥੇ ਵੈਦਿਕ ਯੁੱਗ ਵਿਚ 'ਪਰ ਸਥਲਾ' ਜਾਂ 'ਪਸਤਿਆਵੰਤ' ਨਾਂ ਦਾ ਪਿੰਡ ਸੀ।

ਪ੍ਰੋ: ਐਸ.ਐਨ. ਬੈਨਰਜੀ ਲਿਖਦੇ ਹਨ ਕਿ ਮਹਾਂਭਾਰਤ ਦੇ ਯੁੱਗ ਵਿਚ ਪਰਸਥਲਾ ਨਾਂ ਦਾ ਇਕ ਕਸਬਾ ਅਤੇ ਇਕ ਇਲਾਕਾ ਸੀ। ਉਸ ਵੀਰ ਗਾਥਾ ਵਿਚ ਇਸ ਥਾਂ ਦਾ ਕਈ ਜਗ੍ਹਾਂ ਜ਼ਿਕਰ ਆਉਂਦਾ ਹੈ। ਭਾਰਤ ਦੇ ਪੁਰਾਤਨ ਭੂਗੋਲ ਦੇ ਵਿਸ਼ੇਸ਼ਗ ਨੰਦ ਲਾਲ ਦੀ ਰਾਏ ਹੈ ਕਿ ਪੁਰਾਣਾ ਪਰਾਸਥਲਾ ਹੀ ਵਰਤਮਾਨ ਪਟਿਆਲਾ ਹੈ। ਦੋਹਾਂ ਦੇ ਉਚਾਰਣ ਵਿਚ ਭਿੰਨਤਾ ਨਹੀਂ। ਉਚਾਰਣ ਦੀ ਇਕਸਾਰਗੀ ਹੀ ਕੇਵਲ ਇਤਿਹਾਸਕ ਤੱਥ ਨਿਕਾਲਣ ਲਈ ਜ਼ਰੂਰੀ ਨਹੀਂ ਹੈ। ਮਹਾਂਭਾਰਤ ਵਿਚ ਦੋ ਖੇਤਰਾਂ ਦਾ ਵਰਨਣ ਹੈ—ਇਕ ਮਾਲਵਾ ਅਤੇ ਦੂਜਾ ਪਰਸਥਲਾ। ਮਾਲਵਾ ਖੇਤਰ ਦਰਿਆ ਰਾਵੀ ਦੇ ਨਿਮਾਣ ਵੱਲ ਸੀ ਅਤੇ ਪਰਾਸਥਲਾ ਇਸ ਦੇ ਪੂਰਬ ਵਿਚ ਸੀ। ਸੁਸਰਮਾ ਪਰਾਸਥਲਾ ਦਾ ਰਾਜਾ ਸੀ। ਸੁਸਰਮਾ ਇਕ ਮਹਾਨ ਰਾਜਾ ਸੀ ਜਿਸਦੇ ਇਲਾਕੇ ਵਿਚ ਜਲੰਧਰ ਸੀ ਅਤੇ ਪਰਾਸਥਲਾ ਦਾ ਕਸਬਾ ਅਤੇ ਖੇਤਰ ਸੀ। ਪੰਡਤ ਫਗਵਤ ਦਤ ਦੀ ਰਾਏ ਹੈ ਕਿ ਪਰਾਸਥਲਾ ਪਟਿਆਲਾ ਨਾਲ ਸ਼ਨਾਖਤ ਨਹੀ ਕੀਤਾ ਜਾ ਸਕਦਾ ਕਿਉਂਕਿ ਇਹ ਇਕ ਵਰਤਮਾਨ ਕਸਬਾ ਹੈ। ਇਸ ਦੀ ਸਥਾਪਨਾ ਅਠਾਰਵੀਂ ਸਦੀ ਦੇ ਮੱਧ ਵਿਚ ਹੋਈ ਅਤੇ ਇਸ ਨੇ ਆਲਾ ਸਿੰਘ ਤੋਂ ਨਾਂ ਲਿਆ ਜਿਸਦੇ ਹਿੱਸੇ (ਪਟੀ) ਵਿਚ ਇਹ ਥਾਂ ਸੀ। ਪ੍ਰੋ: ਐਸ. ਐਨ. ਬੈਨਰਜੀ ਲਿਖਦੇ ਹਨ ਕਿ ਇਸ ਦਲੀਲ ਵਿਚ ਕੋਈ ਵਜਨ ਨਹੀਂ। ਪਟਿਆਲੇ ਦਾ ਨਾਂ ਆਲਾ ਸਿੰਘ ਦੇ ਨਾਂ ਤੇ ਨਹੀਂ ਪਿਆ। ਇਹ ਪਹਿਲਾਂ ਹੀ ਇਕ ਪਿੰਡ ਸੀ ਜਦੋਂ ਇਸ ਨੂੰ ਸਨੌਰ ਦੇ ਹਾਕਮ ਨੇ ਆਲਾ ਸਿੰਘ ਨੂੰ ਦਿੱਤਾ। ਮਹਾਂਭਾਰਤ ਦੀ ਲਿਖਤ ਤੋਂ ਇਹ ਸਿੱਧ ਹੁੰਦਾ ਹੈ ਕਿ ਪਰਾਸਥਲਾ ਪਟਿਆਲਾ ਸ਼ਹਿਰ ਦੇ ਨੇੜੇ ਹੀ ਸਥਿਤ ਸੀ।

ਫੂਲਕੀਆ ਸਟੇਟਸ ਗਜ਼ੀਟੀਅਰ ਅਨੁਸਾਰ ਪਟਿਆਲੇ ਦਾ ਕਿਲ੍ਹਾ ਪਟਨਵਾਲਾ ਥੇਹ ਤੇ ਬਣਵਾਇਆ ਹੋਇਆ ਹੈ ਜਿੱਥੇ ਇਕ ਰਾਜਪੂਤ ਸ਼ਹਜ਼ਾਦੀ ਪਟਨ ਦੀ ਰਾਣੀ ਰਾਜ ਕਰਦੀ ਸੀ। ਪਟਿਆਲੇ ਦਾ ਨਾਉਂ ਇਸ ਥੇਹ ਤੋਂ ਪਿਆ ਨਾ ਕਿ ਬਾਬਾ ਆਲਾ ਸਿੰਘ ਤੋਂ।

ਸੰਨ 1753 ਵਿਚ ਕੱਚੀ ਗੜ੍ਹੀ ਬਣਵਾਉਣ ਪਿੱਛੋਂ, ਦਸ ਸਾਲ ਤੱਕ ਪਟਿਆਲੇ ਦਾ ਜ਼ਿਕਰ ਹੀ ਆਉਂਦਾ। ਸੰਨ 1763 ਈ. ਤੱਕ ਆਲਾ ਸਿੰਘ ਦੀ ਰਿਆਸਤ ਅਤੇ ਪ੍ਰਸਿੱਧੀ ਕਾਫ਼ੀ ਵਧ ਗਈ ਹੈ। ਉਹਦੀ ਵਧਦੀ ਸ਼ਕਤੀ ਨੂੰ ਦੇਖਦੇ ਹੋਏ ਅਹਿਮਦ ਸ਼ਾਹ ਦੁਰਾਨੀ ਨੇ ਮਾਰਚ 21, 1761 ਨੂੰ ਖਿਲਤ ਦਿੱਤੀ ਅਤੇ ਰਾਜੇ ਦਾ ਖਿਤਾਬ ਦਿੱਤਾ। ਸੰਨ 1763 ਈ. ਵਿਚ ਉਸ ਨੇ ਵਰਤਮਾਨ ਕਿਲ੍ਹਾ ਬਣਵਾਉਣਾ ਆਰੰਭ ਕੀਤਾ।

ਸਿੰਘਾ ਨੇ ਸਰਹੰਦ ਨੂੰ ਸੂਬੇਦਾਰ ਸਰਹੰਦ ਜ਼ੈਨ ਖ਼ਾਨ ਦੀ ਹਾਰ ਅਤੇ ਉਸਦੇ ਕਤਲ ਤੋਂ ਪਿੱਛੋ ਉਜਾੜ ਦਿੱਤਾ ਸੀ। ਇਹ ਵੀ ਪ੍ਰਤੱਖ ਹੋ ਗਿਆ ਸੀ ਕਿ ਸਿੱਖਾਂ ਦੀ ਤਾਕਤ ਦਿੱਲੀ ਸਰਕਾਰ ਜਾਂ ਕਾਬਲ ਸਰਕਾਰ ਦੇ ਕੁਚਲਿਆਂ ਨਹੀਂ ਕੁਚਲੀ ਜਾ ਸਕਦੀ। ਇਸ ਲਈ ਬਾਬਾ ਆਲਾ ਸਿੰਘ ਨੇ ਬਰਨਾਲੇ ਜਾਂ ਢੋਡਿਆਂ ਦੀ ਥਾਂ ਪਟਿਆਲੇ ਨੂੰ ਰਾਜਧਾਨੀ ਬਣਾਉਣ ਦਾ ਨਿਸ਼ਚਾ ਕਰ ਲਿਆ।

ਪਟਿਆਲਾ ਉਪਜਾਊ ਖੇਤਰ ਦੇ ਵਿਚਕਾਰ ਸੀ। ਇਥੇ ਖੂਹਾਂ ਦਾ ਪਾਣੀ ਲਗਣ ਨਾਲ ਜਿਮੀਂਦਾਰ ਚੰਗੀ ਖੇਤੀ ਕਰਦੇ ਸਨ ਅਤੇ ਇਥੇ ਉਪਜ ਬਹੁਤ ਸੀ। ਘੁੜਾਮ ਅਤੇ ਮਸੀਘਣ ਦਾ ਇਲਾਕਾ ਘੱਗਰ ਦਾ ਪਾਣੀ ਲਗਣ ਨਾਲ ਬਹੁਤ ਆਬਾਦ ਸੀ। ਕਾਲ ਪੈਣ ਵੇਲੇ ਇਸ ਖੇਤਰ ਤੇ ਇਸਦਾ ਅਸਰ ਘਟ ਹੀ ਹੁੰਦਾ ਸੀ। 'ਜੰਗਲ' ਦੇ ਲੋਕਾਂ ਦੀ ਖੇਤੀ ਦਾ ਆਸਰਾ ਮੀਂਹ ਤੇ ਹੀ ਸੀ ਅਤੇ ਖੂਹਾਂ ਦਾ ਪਾਣੀ ਦੂਰ ਹੋਣ ਕਰਕੇ ਪਾਣੀ ਖੁਲ੍ਹਾ ਨਹੀ ਮਿਲਦਾ ਸੀ।

ਸਰਹੰਦ ਦੀ ਜਿੱਤ ਪਿੱਛੋਂ ਮਹਾਰਾਜਾ ਪਟਿਆਲਾ ਦੀ ਹੱਦ ਸ਼ਾਹੀ ਸੜਕ ਤੋਂ ਪਰੇ ਤੱਕ ਪੁਜ ਚੁੱਕੀ ਸੀ। ਇਸ ਲਈ ਜੁਗਾਤ ਇਕੱਠਾ ਕਰਨ ਦਾ ਪੂਰਾ-ਪੂਰਾ ਪ੍ਰਬੰਧ ਕਰਨ ਲਈ ਰਾਜਧਾਨੀ ਸ਼ਾਹੀ ਸੜਕ ਦੇ ਨੇੜੇ ਹੋਣੀ ਹੀ ਚਾਹੀਦੀ ਸੀ। ਉਨ੍ਹਾਂ ਦਿਨਾਂ ਵਿਚ ਜੰਗਲ ਦੇ ਖੇਤਰ ਤੋਂ ਇਤਨੀ ਆਮਦਨੀ ਨਹੀਂ ਹੋ ਸਕਦੀ ਸੀ ਜਿਤਨੀ ਕਿ ਜੁਗਾਤ ਇਕੱਠੀ ਕਰਨ ਤੋਂ।

ਪਟਿਆਲੇ ਵਿਖੇ ਆਲਾ ਸਿੰਘ ਨੇ ਵਰਤਮਾਨ ਪੱਕਾ ਕਿਲ੍ਹਾ 1763 ਈ: ਵਿਚ ਬਣਵਾਉਣਾ ਸ਼ੁਰੂ ਕੀਤਾ।ਸਰਹੰਦ ਦੇ ਬਹੁਤ ਸਾਰੇ ਵਸਨੀਕ ਪਟਿਆਲਾ ਆ ਕੇ ਵਸ ਗਏ।14ਜਨਵਰੀ 1764 ਨੂੰ ਜਦ ਆਲਾ ਸਿੰਘ ਦਾ ਕਟੱੜ ਵੈਰੀ ਸਰਹੰਦ ਦਾ ਨਵਾਬ ਜ਼ੈਨ ਖ਼ਾਨ ਸਿੰਘਾਂ ਨਾਲ ਲੜਾਈ ਵਿਚ ਮਾਰਿਆ ਗਿਆ ਅਤੇ ਸਾਰਾ ਇਲਾਕਾ ਸਿੰਘਾਂ ਦੇ ਅਧੀਨ ਹੋ ਗਿਆ ਤਾਂ ਬਾਬਾ ਆਲਾ ਸਿੰਘ ਨੇ ਬਰਨਾਲੇ ਦੀ ਥਾਂ ਆਪਣੀ ਰਾਜਧਾਨੀ ਪਟਿਆਲੇ ਬਣਾ ਲਈ।

## 73/ਬਾਬਾ ਆਲਾ ਸਿੰਘ

ਪਟਿਆਲੇ ਨੂੰ ਰਾਜਧਾਨੀ ਬਣਾਉਣ ਪਿੱਛੋਂ ਆਲਾ ਸਿੰਘ ਨੇ ਦਿੱਲੀ ਤੋਂ ਪਿਸ਼ਾਵਰ ਜਾਣ ਵਾਲੀ ਸ਼ਾਹੀ ਸੜਕ ਤੇ ਆਪਣੇ ਇਲਾਕੇ ਵਿਚ ਜੁਗਾਤ ਲੈਣੀ ਸ਼ੁਰੂ ਕਰ ਦਿੱਤੀ।

ਸਰਹੰਦ ਦੀ ਤਬਾਹੀ ਪਿੱਛੋਂ ਹਿਠਾੜ-ਸਤਲੁਜ ਖੇਤਰ ਵਿਚ ਅਫ਼ਗਾਨ ਸਾਮਰਾਜ ਦਾ ਅੰਤ ਹੋ ਗਿਆ ਸੀ ਅਤੇ ਬਾਬਾ ਆਲਾ ਸਿੰਘ ਦੀ ਸ਼ਕਤੀ ਇਤਨੀ ਵੱਧ ਗਈ ਸੀ ਕਿ ਉਸ ਨੇ ਪਟਿਆਲੇ ਵਿਖੇ ਟਕਸਾਲ ਸਥਾਪਿਤ ਕੀਤੀ। ਉਸ ਨੇ ਪਟਿਆਲੇ ਨੂੰ ਰਾਜਧਾਨੀ ਬਣਾ ਕੇ ਆਪਣਾ ਸਿੱਕਾ ਚਲਾਇਆ। ਆਲਾ ਸਿੰਘ ਦੇ ਸਿੱਕੇ ਤੇ ਕਲਗੀ ਬਣੀ ਹੁੰਦੀ ਸੀ। ਉਸਦੇ ਦੋ ਸੋਨੇ ਦੇ ਸਿੱਕੇ ਮਿਲੇ ਹਨ ਜਿਹੜੇ ਬਰਤਾਨਵੀ ਅਜਾਇਬ ਘਰ ਲੰਡਨ ਵਿਚ ਮੌਜੂਦ ਹਨ।

ਬਾਬਾ ਆਲਾ ਸਿੰਘ ਦੀ ਮ੍ਰਿਤੂ 1765 ਵਿਚ ਹੋਈ। ਆਰ. ਸੀ. ਟੈਮਪਲ ਨੇ ਠੀਕ ਲਿਖਿਆ ਹੈ, "ਆਲਾ ਸਿੰਘ ਨੇ ਆਪਣੇ ਲੜਾਕੇ ਜੀਵਨ ਵਿਚ, 1765 ਈ. ਵਿਚ ਆਪਣੀ ਮ੍ਰਿਤੂ ਤੋਂ ਪਹਿਲਾਂ ਪਟਿਆਲਾ ਕਸਬਾ ਅਤੇ ਰਾਜ ਦੀ ਨੀਂਹ ਰੱਖੀ ਅਹਿਮਦ ਸ਼ਾਹ ਤੋਂ ਥਪਕੀ ਲਈ ਅਤੇ ਰਾਜੇ ਦਾ ਖ਼ਿਤਾਬ ਲਿਆ, ਮੁਸਲਮਾਨਾਂ ਦੀ ਰਾਜਧਾਨੀ ਸਰਹੰਦ ਨੂੰ ਬਰਬਾਦ ਕਰ ਦਿੱਤਾ ਤੇ ਕਬਜ਼ਾ ਕਰ ਲਿਆ ਅਤੇ ਅਖੀਰ ਵਿਚ ਸਾਰੇ ਇਲਾਕੇ ਦਾ ਹਾਕਮ ਆਲਾ ਸਿੰਘ ਨੂੰ ਅਹਿਮਦ ਸ਼ਾਹ ਨੇ ਬਣਾ ਦਿੱਤਾ।

ਪਟਿਆਲੇ ਨੂੰ ਸਰਹੰਦ ਦੀ ਤਬਾਹੀ ਤੋਂ ਪਿੱਛੋਂ ਆਪਣੀ ਰਾਜਧਾਨੀ ਬਣਾਉਣਾ ਆਲਾ ਸਿੰਘ ਦਾ ਬਹੁਤ ਸੂਝ-ਬੂਝ ਵਾਲਾ ਕੰਮ ਸੀ। ਮਹਾਰਾਜੇ ਨੂੰ ਨਵੀਂ ਰਾਜਧਾਨੀ ਬਣਾਉਣ ਨਾਲ ਸ਼ਾਹੀ ਸੜਕ ਤੋਂ ਜੁਗਾਤ ਦੀ ਬਹੁਤ ਆਮਦਨੀ ਹੋਣ ਲੱਗ ਪਈ। ਇਹ ਸਰਹੰਦ ਨੇੜੇ ਸੀ। ਦਿੱਲੀ ਤੋਂ ਜੋ ਮਾਲ ਲਾਹੌਰ ਜਾਂ ਕਾਬਲ ਕੰਧਾਰ ਨੂੰ ਜਾਂਦਾ ਸੀ, ਜਾਂ ਲਾਹੌਰ ਵਲੋਂ ਜੋ ਮਾਲ ਦਿੱਲੀ ਨੂੰ ਜਾਂਦਾ ਸੀ, ਉਹ ਸਭ ਸਰਹੰਦ ਵਾਲੀ ਸ਼ਾਹੀ ਸੜਕ ਰਾਹੀ ਹੀ ਜਾਂਦਾ ਸੀ। ਜਦ ਕੋਈ ਵਪਾਰੀ ਮਾਲ ਲੈ ਕੇ ਕਿਸੇ ਸਿੱਖ ਸਰਦਾਰ ਦੇ ਇਲਾਕੇ ਵਿਚ ਦਾਖ਼ਲ ਹੁੰਦਾ ਤਾਂ ਬਾਬਾ ਆਲਾ ਸਿੰਘ ਦੇ ਜੁਗਾਤੀਏ ਉਸ ਤੋਂ ਜੁਗਾਤ ਲੈਂਦੇ। ਥੋੜ੍ਹੀ ਦੂਰ ਤੇ ਹੋਰ ਸਰਦਾਰ ਦਾ ਇਲਾਕਾ ਆ ਜਾਂਦਾ, ਤਾਂ ਉੱਥੇ ਵੀ ਵਪਾਰੀ ਨੂੰ ਜੁਗਾਤ ਦੇਣੀ ਪੈਂਦੀ ਸੀ। ਦਿੱਲੀ ਤੋਂ ਲੈਕੇ ਲਾਹੌਰ ਤੱਕ ਇਤਨੀ ਜੁਗਾਤ ਦੇਣੀ ਪੈਂਦੀ ਸੀ ਕਿ ਮਾਲ ਦੀ ਕੀਮਤ ਨਾਲੋਂ ਜੁਗਾਤ ਵੱਧ ਜਾਂਦੀ ਸੀ। ਹੋਰ ਕੋਈ ਰਾਹ ਨਹੀਂ ਸੀ ਇਸ ਲਈ ਜੁਗਾਤ ਦੇਣ ਤੋਂ ਇਲਾਵਾ ਵਪਾਰੀਆਂ ਲਈ ਕੋਈ ਚਾਰਾ ਨਹੀਂ ਸੀ। ਇਸ ਕਾਰਨ ਸ਼ਾਹੀ ਸੜਕ ਦੇ ਨਾਲ ਦੇ ਸਰਦਾਰਾਂ ਨੂੰ ਬਹੁਤ ਆਮਦਨੀ ਹੁੰਦੀ ਸੀ। ਇਸ ਲਈ ਆਲਾ ਸਿੰਘ ਦੀ ਬਰਨਾਲੇ ਤੋਂ ਪਟਿਆਲੇ ਰਾਜਧਾਨੀ ਬਦਲਣ ਨਾਲ ਉਹਦੀ ਆਮਦਨ ਵਿਚ ਬਹੁਤ ਵਾਧਾ ਹੋਇਆ

ਬਾਬਾ ਆਲਾ ਸਿੰਘ ਬਹੁਤ ਦੂਰਦਰਸ਼ੀ ਸੀ। ਨਵੇਂ ਪਿੰਡ ਵਸਾਉਣ ਨਾਲ ਵੱਧ ਜ਼ਮੀਨ ਵਿਚ ਖੇਤੀ ਹੋਣ ਲੱਗੀ। ਇਸ ਨਾਲ ਉਪਜ ਵਿਚ ਵਾਧਾ ਹੋਇਆ। ਇਸ ਦਾ ਸਿੱਟਾ ਇਹ ਵੀ ਨਿਕਲਿਆ ਕਿ ਉਸ ਨੂੰ ਕਦੇ ਰਸਦ ਦੀ ਤੋਟ ਨਹੀ ਹੋਈ। ਵਾਧੂ ਅਨਾਜ ਹੀ ਹੁੰਦਾ ਸੀ। ਪਿੰਡ

ਵਸਾਉਣ ਦੇ ਨਾਲ-ਨਾਲ ਉਨ੍ਹਾਂ ਨੇ ਸੈਨਿਕ ਮਹੱਤਤਾ ਵਾਲੀਆਂ ਥਾਵਾਂ ਤੇ ਕਿਲ੍ਹੇ ਵੀ ਬਣਵਾਏ ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਸੈਨਿਕ ਸ਼ਕਤੀ ਮਜ਼ਬੂਤ ਬਣਾਈ। ਇਹ ਕਿਲ੍ਹੇ ਉਨ੍ਹਾਂ ਲਈ ਜਿੱਤਾਂ ਪ੍ਰਾਪਤ ਕਰਨ ਅਤੇ ਰਾਜ ਵਿਚ ਵਾਧਾ ਕਰਨ ਲਈ ਸਹਾਈ ਹੋਏ।

-0-

ਕਾਂਡ ਚੌਦਵਾਂ

## ਬਾਬਾ ਆਲਾ ਸਿੰਘ ਦੇ ਉਤਰਾਧਿਕਾਰੀ

ਬਾਬਾ ਆਲਾ ਸਿੰਘ ਦੇ ਤਿੰਨ ਪੁੱਤਰ ਸਨ, ਸਰਦੂਲ ਸਿੰਘ, ਲਾਲ ਸਿੰਘ ਤੇ ਭੂਮੀਆ ਸਿੰਘ, ਭੂਮਿਆ ਸਿੰਘ ਦੀ ਜਵਾਨੀ ਵਿਚ ਮ੍ਰਿਤੂ ਹੋ ਗਈ। ਉਨ੍ਹਾਂ ਦੀ ਇਕ ਲੜਕੀ ਰਾਜਿੰਦਰਾ ਸੀ। ਲਾਲ ਸਿੰਘ ਦੀ ਕੋਈ ਸੰਤਾਨ ਨਹੀਂ ਹੋਈ। ਸਰਦੂਲ ਸਿੰਘ ਦੇ ਦੋ ਪੁੱਤਰ ਅਮਰ ਸਿੰਘ ਤੇ ਹਿੰਮਤ ਸਿੰਘ ਸਨ। ਕਿਉਂਕਿ ਸਰਦੂਲ ਸਿੰਘ ਦੀ ਮ੍ਰਿਤੂ ਆਲਾ ਸਿੰਘ ਦੇ ਜੀਵਨ ਵਿਚ ਹੀ ਹੋ ਗਈ ਸੀ। ਇਸ ਲਈ ਅਮਰ ਸਿੰਘ ਬਾਬਾ ਆਲਾ ਸਿੰਘ ਦੇ ਦੇਹਾਂਤ ਪਿੱਛੋਂ ਗੱਦੀ ਤੇ ਬੈਠਾ।

ਮਹਾਰਾਜਾ ਅਮਰ ਸਿੰਘ ਵੇਲੇ ਪਟਿਆਲੇ ਰਿਆਸਤ ਦਾ ਵਿਸਥਾਰ ਹੋਇਆ। ਅਹਿਮਦਸ਼ਾਹ ਅਬਦਾਲੀ ਨੇ ਉਨ੍ਹਾਂ ਨੂੰ ਰਾਜਾਏ ਰਾਜਗਾਨ ਦਾ ਖ਼ਿਤਾਬ ਦਿੱਤਾ। ਉਨ੍ਹਾਂ ਨੇ ਭੱਟੀਆਂ ਤੋਂ ਬਹੁਤ ਸਾਰੇ ਇਲਾਕੇ ਜਿੱਤ ਲਏ। ਉਨ੍ਹਾਂ ਨੇ ਬਠਿੰਡੇ ਦੇ ਜੋਧਾ ਨੂੰ ਲੜਾਈ ਵਿਚ ਹਾਰ ਦਿੱਤੀ ਅਤੇ ਉਹ ਲੜਾਈ ਵਿਚ ਮਾਰਿਆ ਗਿਆ। ਉਨ੍ਹਾਂ ਨੇ ਜਾਨਕੋ ਰਾਉ ਦੀ ਕਮਾਨ ਹੇਠ ਮਰਾਠਾ ਸੈਨਾ ਨੂੰ ਹਰਾਇਆ। ਉਨ੍ਹਾਂ ਨੇ ਮਨੀਮਾਜਰਾ, ਕੋਟਕਪੂਰਾ ਤੇ ਸੈਫ਼ਾਬਾਦ ਜਿੱਤ ਲਏ। ਮੁਗ਼ਲ ਤੇ ਭੱਟੀ ਉਨ੍ਹਾਂ ਦੇ ਵੇਲੇ ਪਟਿਆਲਾ ਰਿਆਸਤ ਹਿਠਾੜ-ਸਤਲੁਜ ਖੇਤਰ ਦੀ ਇਕ ਸ਼ਕਤੀਸ਼ਾਲੀ ਰਿਆਸਤ ਬਣ ਗਈ। ਉਨ੍ਹਾਂ ਨੇ ਆਪਣਾ ਸਿੱਕਾ ਵੀ ਚਲਾਇਆ।

ਮਹਾਰਾਜਾ ਅਮਰ ਸਿੰਘ ਦੀ ਮੌਤ ਪਿੱਛੋਂ ਉਨ੍ਹਾਂ ਦਾ ਪੁੱਤਰ ਸਾਹਿਬ ਸਿੰਘ 1781 ਵਿਚ ਗੱਦੀ ਤੇ ਬੈਠਾ। ਮਹਾਰਾਜਾ ਸਾਹਿਬ ਸਿੰਘ ਵੇਲੇ ਪਟਿਆਲਾ ਰਿਆਸਤ ਦੀ ਮਹਾਰਾਜਾ ਦੇ ਘਰੇਲੂ ਝਗੜਿਆਂ ਕਾਰਨ ਅਤੇ ਹੱਲਿਆਂ ਕਾਰਨ ਬੁਰੀ ਹਾਲਤ ਸੀ। ਸੰਨ 1783 ਵਿਚ ਟੋਹਾਣਾ ਜਮਾਲਪੁਰ ਤੇ ਰਤੀਆਂ ਵਿਚ ਕਾਲ ਪੈ ਗਿਆ। ਮਰਾਠੀਆਂ ਨੇ ਪਟਿਆਲਾ ਰਿਆਸਤ ਤੇ ਹੱਲਾ ਕਰ ਦਿੱਤਾ। ਮਹਾਰਾਜੇ ਦੀ ਭੈਣ ਬੀਬੀ ਸਾਹਿਬ ਕੌਰ ਦੀ ਕਮਾਨ ਹੇਠ ਪਟਿਆਲਾ ਰਿਆਸਤ ਦੀ ਸੈਨਾ ਨੇ ਮਰਾਠਿਆਂ ਨੂੰ ਸਾਹਿਬਾਬਾਦ ਦੇ ਸਥਾਨ ਤੇ ਹਰਾਇਆ। ਮਹਾਰਾਜਾ ਸਾਹਿਬ ਸਿੰਘ ਅਤੇ ਉਨ੍ਹਾਂ ਦੀ ਰਾਣੀ ਆਸ ਕੌਰ ਦਾ ਆਪਸ ਵਿਚ ਝਗੜਾ ਹੋ ਗਿਆ। ਝਗੜੇ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਹਿਠਾੜ-ਸਤਲੁਜ ਦੇ ਇਲਾਕੇ ਵਿਚ ਹੱਲਾ ਕਰਨ ਦਾ ਮੌਕਾ ਦਿੱਤਾ। ਹਿਠਾੜ-ਸਤਲੁਜ਼ ਦੇ ਇਲਾਕੇ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜਿੱਤ ਦੇ ਇਰਾਦਿਆਂ ਨੂੰ ਮੁੱਖ ਰਖਕੇ ਅੰਗਰੇਜ਼ੀ ਸਰਕਾਰ ਨੇ ਦਖਲ ਦੇਣਾ ਜ਼ਰੂਰੀ ਸਮਝਿਆ। ਸੰਨ 1809 ਵਿਚ ਮਹਾਰਾਜਾ ਸਾਹਿਬ ਸਿੰਘ ਨੇ ਅੰਗਰੇਜ਼ੀ ਸਰਕਾਰ ਦੀ ਅਧੀਨਗੀ ਮੰਨ ਲਈ। ਸੰਨ 1809

ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚਕਾਰ ਹੋਈ ਸੰਧੀ ਅਨੁਸਾਰ ਸਾਰਾ ਹਿਠਾੜ-ਸਤਲੁਜ ਦਾ ਇਲਾਕਾ ਅੰਗਰੇਜ਼ਾਂ ਦੇ ਅਧੀਨ ਹੋ ਗਿਆ। ਮਹਾਰਾਜਾ ਸਾਹਿਬ ਸਿੰਘ ਦੀ ਮ੍ਰਿਤੂ 1813 ਵਿਚ ਹੋ ਗਈ।

ਮਹਾਰਾਜਾ ਸਾਹਿਬ ਸਿੰਘ ਦੇ ਦੇਹਾਂਤ ਪਿੱਛੋਂ, ਉਨ੍ਹਾਂ ਦਾ ਨਾਬਾਲਿਗ ਪੁੱਤਰ ਕਰਮ ਸਿੰਘ ਗੱਦੀ ਤੇ ਬੈਠਾ। ਉਨ੍ਹਾਂ ਨੇ ਅੰਗਰੇਜ਼ਾਂ ਤੇ ਗੋਰਖਿਆਂ ਵਿਚਕਾਰ 1814 ਵਿਚ ਹੋਈ ਲੜਾਈ ਵਿਚ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਸੰਨ 1845 ਵਿਚ ਉਨ੍ਹਾਂ ਨੇ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਵਿਚ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਮਹਾਰਾਜਾ ਕਰਮ ਸਿੰਘ ਦੀ ਮ੍ਰਿਤੂ ਦਸੰਬਰ, 1845 ਵਿਚ ਹੋਈ।

ਮਹਾਰਾਜਾ ਕਰਮ ਸਿੰਘ ਦੀ ਮ੍ਰਿਤੂ ਪਿੱਛੋਂ, ਉਨ੍ਹਾਂ ਦਾ ਪੁੱਤਰ ਨਰਿੰਦਰ ਸਿੰਘ ਗੱਦੀ ਤੇ ਬੈਠਾ। ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ ਵਿਚ ਮਹਾਰਾਜਾ ਕਰਮ ਸਿੰਘ ਦੀਆਂ ਸੇਵਾਵਾਂ ਨੂੰ ਮੁੱਖ ਰਖਦੇ ਹੋਏ ਨਾਭਾ ਰਿਆਸਤ ਦਾ ਜ਼ਬਤ ਕੀਤਾ ਹੋਇਆ ਇਲਾਕਾ ਜਿਸ ਤੋਂ ਸਾਲਾਨਾ ਮਾਲੀਏ ਦੀ ਆਮਦਨ 35,000 ਰੁਪਏ ਅਤੇ ਲਾਡਵੇਂ ਦੇ ਰਾਜੇ ਦਾ ਹਰਿਦਵਾਰ ਵਿਖੇ ਜ਼ਬਤ ਕੀਤਾ ਹੋਇਆ ਘਰ ਮਹਾਰਾਜਾ ਪਟਿਆਲਾ ਨੂੰ ਅੰਗਰੇਜ਼ੀ ਸਰਕਾਰ ਨੇ ਦੇ ਦਿੱਤਾ। ਮਹਾਰਾਜਾ ਪਟਿਆਲਾ ਨੇ ਅੰਗਰੇਜ਼ਾਂ ਤੇ ਸਿੱਖਾਂ ਦੀ ਦੂਜੀ ਲੜਾਈ ਵਿਚ ਅੰਗਰੇਜ਼ੀ ਸਰਕਾਰ ਦੀ 30 ਲੱਖ ਰੁਪਏ ਦੇ ਕਰਜ਼ੇ ਤੇ ਸੈਨਾ ਨਾਲ ਸਹਾਇਤਾ ਕੀਤੀ। ਮਹਾਰਾਜਾ ਨੇ 1857 ਦੀ ਕ੍ਰਾਂਤੀ ਵੇਲੇ ਅੰਗਰੇਜ਼ਾਂ ਦੀ ਬਹੁਤ ਸਹਾਇਤਾ ਕੀਤੀ। ਉਸ ਸੇਵਾ ਦੇ ਬਦਲੇ ਵਿਚ ਮਹਾਰਾਜਾ ਨੂੰ ਝੱਜਰ ਦੇ ਨਵਾਬ ਦੇ ਜ਼ਬਤ ਕੀਤੇ ਇਲਾਕੇ ਵਿਚੋਂ ਨਾਰਨੌਲ ਦਾ ਇਲਾਕਾ ਦੇ ਦਿੱਤਾ। ਨਵਾਬ ਝੱਜਰ ਦੇ ਜ਼ਬਤ ਕੀਤੇ ਕਨੌਂਡ ਅਤੇ ਖੁਮਾਨੇ ਦੇ ਪਰਗਨੇ ਵੀ ਮਹਾਰਾਜੇ ਪਟਿਆਲਾ ਨੂੰ ਕਰਜ਼ੇ ਦੇ ਬਦਲੇ ਵਿਚ ਅੰਗਰੇਜ਼ੀ ਸਰਕਾਰ ਨੂੰ ਦੇ ਦਿੱਤੇ। ਭਦੌੜ ਦੇ ਸਰਦਾਰ ਮਹਾਰਾਜਾ ਪਟਿਆਲਾ ਦੇ ਅਧੀਨ ਕਰ ਦਿੱਤੀ ਮਹਾਰਾਜਾ ਕਰਮ ਸਿੰਘ ਪਟਿਆਲਾ ਪਹਿਲੇ ਭਾਰਤੀ ਸ਼ਾਸ਼ਕ ਸਨ ਜਿਨ੍ਹਾਂ ਨੂੰ ਵਾਇਸ ਰਾਏ ਦੀ ਕੌਂਸਲ ਵਿਚ ਮੈਂਬਰ ਨਿਯੁਕਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਟਾਰ ਆਫ਼ ਇੰਡੀਆ ਦਾ ਨਾਇਕ ਬਣਾਇਆ ਗਿਆ। ਉਨ੍ਹਾਂ ਨੇ ਰਿਆਸਤ ਦੇ ਪ੍ਰਬੰਧ ਵਿਚ ਬਹੁਤ ਸੁਧਾਰ ਕੀਤਾ। ਉਨ੍ਹਾਂ ਨੇ ਧਾਰਮਕ ਅਸਥਾਨਾਂ ਨੂੰ ਬਹੁਤ ਸਾਰੀ ਸਰਕਾਰੀ-ਸਹਾਇਤਾ ਦਿੱਤੀ। ਸੰਨ 1861 ਵਿਚ ਕਾਲ ਵੇਲੇ ਉਨ੍ਹਾਂ ਨੇ ਆਪਣੀ ਰਿਆਸਤ ਦੇ ਕਾਲ-ਪੀੜਤਾਂ ਦੀ ਸਹਾਇਤਾ ਲਈ 15 ਲੱਖ ਰੁਪਏ ਦਾ ਅਨਾਜ ਵੰਡਿਆ ਅਤੇ ਲਗਾਨ ਮਾਫ਼ ਕਰ ਦਿੱਤਾ। ਮਹਾਰਾਜਾ ਦੀ 1862 ਵਿਚ ਮ੍ਰਿਤੂ ਹੋ ਗਈ।

ਮਹਾਰਾਜਾ ਨਰਿੰਦਰ ਸਿੰਘ ਦੇ ਦਿਹਾਂਤ ਪਿੱਛੋਂ ਉਨ੍ਹਾਂ ਦਾ ਨਾਬਾਲਿਗ ਪੁੱਤਰ ਮਹਿੰਦਰ ਸਿੰਘ ਗੱਦੀ ਤੇ ਬੈਠਾ। ਮਹਾਰਾਜਾ ਮਹਿੰਦਰ ਸਿੰਘ ਨੇ ਸਰਹੰਦ ਨਦੀ ਦੀ ਉਸਾਰੀ ਲਈ ਬਹੁਤ ਧਨ ਦਿੱਤਾ। ਉਨ੍ਹਾਂ ਨੇ ਬੰਗਾਲ ਦੇ ਕਾਲ-ਪੀੜਤਾਂ ਦੀ ਸਹਾਇਤਾ ਲਈ 10 ਲੱਖ ਰੁਪਏ ਦਿੱਤੇ। ਉਨਾਂ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਨੂੰ ਇਕ ਲੱਖ ਛੇ ਹਜ਼ਾਰ ਰੁਪਏ ਦਿੱਤੇ। ਮਹਾਰਾਜਾ ਨੇ ਰਿਆਸਤ ਵਿਚ ਸਕੂਲ ਅਤੇ ਹਸਪਤਾਲ ਖੋਲ੍ਹੇ। ਉਨ੍ਹਾਂ ਨੇ ਮਹਿੰਦਰਾ ਕਾਲਜ ਪਟਿਆਲਾ 1875 ਵਿਚ ਸਥਾਪਨ ਕੀਤਾ ਅਤੇ ਇਸ ਦਾ ਨੀਂਹ ਪੱਥਰ ਵਾਇਸਰਾਏ ਲਾਰਡ ਨਾਰਥ ਬਰੂਕ ਨੇ 1875 ਵਿਚ ਰਖਿਆ। ਉਨ੍ਹਾਂ ਦੀ ਮ੍ਰਿਤੂ 1876 ਵਿਚ ਹੋਈ।

ਮਹਾਰਾਜਾ ਮਹਿੰਦਰ ਸਿੰਘ ਦੇ ਦੇਹਾਂਤ ਪਿੱਛੋਂ, ਉਨ੍ਹਾਂ ਦਾ ਪੁੱਤਰ ਰਾਜਿੰਦਰ ਸਿੰਘ ਗੱਦੀ ਤੇ ਬੈਠਾ। ਮਹਾਰਾਜਾ ਰਾਜਿੰਦਰ ਸਿੰਘ ਨੇ ਆਪਣੇ ਪਿਤਾ ਵੇਲੇ ਤੋਂ ਪ੍ਰਚਲਿਤ ਭਲਾਈ ਦੇ ਕੰਮਾ ਨੂੰ ਜਾਰੀ ਰਖਿਆ। ਸਰਹੰਦ ਨਹਿਰ ਦੀ ਖੁਦਾਈ ਦਾ ਕੰਮ ਜਿਹੜਾ ਮਹਾਰਾਜਾ ਮਹਿੰਦਰ ਸਿੰਘ ਵੱਲੋਂ ਆਰੰਭ ਹੋਇਆ ਸੀ, ਮਹਾਰਾਜਾ ਰਾਜਿੰਦਰ ਸਿੰਘ ਵੇਲੇ ਪੂਰਣ ਹੋਇਆ। ਪੂਰਬੀ ਜਮਨਾ ਨਹਿਰ ਦੀ ਸਰਸਾ ਸ਼ਾਖ ਖੋਦਣ ਲਈ 15 ਲੱਖ ਰੁਪਏ ਮਹਾਰਾਜਾ ਨੇ ਦਿੱਤੇ। ਰਾਜਪੁਰਾ ਤੋਂ ਬਠਿੰਡਾ ਰੇਲਵੇ ਲਾਈਨ ਬਣਾਉਣ ਲਈ ਮਹਾਰਾਜਾ ਨੇ 70 ਲੱਖ ਰੁਪਏ ਖਰਚ ਕੀਤੇ। ਉਨ੍ਹਾਂ ਨੇ ਪਟਿਆਲੇ ਵਿਖੇ ਰਾਜਿੰਦਰਾ ਹਸਪਤਾਲ ਅਤੇ ਲੇਡੀ ਡਫ਼ਰਿਨ ਹਸਪਤਾਲ ਖੋਲ੍ਹੇ। ਮਹਾਰਾਜਾ ਨੇ ਅੰਗਰੇਜ਼ਾਂ ਤੇ ਅਫ਼ਗਾਨਾਂ ਵਿਚ 1879 ਵਿਚ ਹੋਏ ਯੁੱਧ ਵਿਚ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਮਹਾਰਾਜਾ ਨੇ 600 ਜਵਾਨਾਂ ਦੀ ਘੋੜ ਸਵਾਰ ਰਜਮੈਂਟ, ਪੈਦਲ ਸੈਨਾ ਦੀਆਂ ਦੋ ਰਜਮੈਂਟਾਂ ਨਾਲ ਅੰਗਰੇਜ਼ਾਂ ਦੀਆਂ ਮੁਹਿੰਮਾਂ ਅਤੇ ਤੀਰਾਂ ਦੀਆਂ ਮੁਹਿੰਮਾ ਵੇਲੇ 1897 ਵਿਚ ਸਹਾਇਤਾ ਕੀਤੀ। ਉਹ ਖੁਦ ਭੀ ਲੜਾਈ ਦੇ ਮੈਦਾਨ ਵਿਚ ਗਏ। ਮਹਾਰਾਜਾ ਨੇ ਦੱਖਣੀ ਅਫ਼ਰੀਕਾ ਵਿਚ ਜੰਗ ਵੇਲੇ ਅੰਗਰੇਜ਼ੀ ਸਰਕਾਰੀ ਘੋੜ ਸਵਾਰ ਸੈਨਾ ਦੀ ਟੁਕੜੀ ਨਾਲ ਸਹਾਇਤਾ ਕੀਤੀ। ਮਈ, 1898 ਵਿਚ ਮਹਾਰਾਜਾ ਰਾਜਿੰਦਰ ਸਿੰਘ ਨੂੰ ਅੰਗਰੇਜ਼ੀ ਸਰਕਾਰ ਨੇ ਜੀ.ਸੀ ਐਸ ਆਈ ਦਾ ਤਮਗਾ ਦਿੱਤਾ।

ਮਹਾਰਾਜਾ ਰਾਜਿੰਦਰ ਸਿੰਘ ਬਹੁਤ ਸਖੀ ਸੁਭਾ ਦੇ ਸਨ। ਉਨ੍ਹਾਂ ਨੇ ਨਿਮਨ-ਲਿਖਤ ਸੰਸਥਾਵਾਂ ਦੀ ਮਾਇਆ ਨਾਲ ਸਹਾਇਤਾ ਕੀਤੀ :-

1. ਉਨ੍ਹਾਂ ਨੇ ਸ਼ਾਹਜਾਦਾ ਅਲਬਰਟ ਵਿਕਟਰ ਦੇ ਪਟਿਆਲਾ ਆਗਮਨ ਦੀ ਖੁਸ਼ੀ ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਨੂੰ 35,000 ਰੁਪਿਆ

ਦਿੱਤਾ। ਉਨ੍ਹਾਂ ਨੇ ਪਹਿਲਾਂ ਵੀ 25,000 ਰੁਪਿਆ ਪੰਜਾਬ ਯੂਨੀਵਰਸਿਟੀ ਨੂੰ ਦਿੱਤਾ ਸੀ।

2. ਉਨ੍ਹਾਂ ਨੇ 1,62,000 ਰੁਪਏ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਦਿੱਤੇ।

3. ਉਨ੍ਹਾਂ ਨੇ ਪੰਜਾਬ ਐਸੋਸੀਏਸ਼ਨ,ਲਾਹੌਰ ਨੂੰ 20,000 ਰੁਪਏ ਦਿੱਤੇ।

4. ਉਨ੍ਹਾਂ ਨੇ ਇਮਪੀਰੀਅਲ ਇਨਸਟੀਚਿਯੂਟ, ਲੰਡਨ ਨੂੰ 20,000 ਰੁਪਏ ਦਿੱਤੇ। ਉਨ੍ਹਾਂ ਦੀ ਮ੍ਰਿਤੂ ਨਵੰਬਰ, 1900 ਵਿਚ ਹੋਈ।

ਮਹਾਰਾਜਾ ਭੁਪਿੰਦਰ ਸਿੰਘ, ਜਿਨ੍ਹਾਂ ਦਾ ਜਨਮ ਅਕਤੂਬਰ, 1891 ਵਿਚ ਹੋਇਆ ਸੀ ਆਪਣੇ ਪਿਤਾ ਦੇ ਦੇਹਾਂਤ ਪਿੱਛੋਂ ਗੱਦੀ ਤੇ ਬੈਠੇ। ਉਹ ਇਕ ਯੋਗ ਰਾਜ-ਪ੍ਰਬੰਧਕ ਸਨ।ਉਹ ਇਕ ਅਛੇ ਖਿਲਾੜੀ ਵੀ ਸਨ। ਉਹ ਨਰਿੰਦਰਾ ਮੰਡਲ ਦੇ ਚਾਂਸਲਰ ਦੇ ਤੌਰ ਤੇ ਬਹੁਤ ਸਮੇਂ ਤੱਕ ਰਹੇ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਦੀ ਪਹਿਲੇ ਵਿਸ਼ਵ ਯੁੱਧ ਵਿਚ ਬਹੁਤ ਸਹਾਇਤਾ ਕੀਤੀ। ਉਹ ਲੜਾਈ ਦੇ ਮੋਰਚਿਆਂ ਤੇ ਵੀ ਗਏ। ਉਨ੍ਹਾਂ ਨੇ ਭਾਰਤੀ ਰਿਆਸਤਾਂ ਦੇ ਪ੍ਰਤਿਨਿਧੀ ਦੇ ਤੌਰ ਤੇ 1918 ਵਿਚ ਇਮਪੀਰੀਅਲ ਵਾਰ ਕਾਨਫਰੰਸ ਵਿਚ ਭਾਗ ਲਿਆ। ਉਨ੍ਹਾਂ ਨੇ ਭਾਰਤੀ ਰਾਜਿਆਂ ਦੇ ਮਾਮਲੇ ਨੂੰ ਇੰਡੀਅਨ ਸਟੇਟਸ ਕਮੇਟੀ ਦੇ ਸਾਹਮਣੇ ਪੇਸ਼ ਕੀਤਾ। ਸੰਨ 1930 ਵਿਚ ਉਨ੍ਹਾਂ ਨੇ ਲੰਡਨ ਵਿਚ ਹੋਈ ਗੋਲਮੇਜ਼ ਕਾਨਫ਼ਰੰਸ ਵਿਚ ਭਾਰਤੀ ਰਾਜਿਆਂ ਦੇ ਪ੍ਰਤਿਨਿਧੀ ਦੇ ਤੌਰ ਤੇ ਭਾਗ ਲਿਆ। ਉਹ ਕਲਾ ਅਤੇ ਸਾਹਿਤ ਦੇ ਬੜੇ ਸਰਪ੍ਰਸਤ ਸਨ। ਉਨ੍ਹਾਂ ਦੇ ਮੰਡਲਾਂ ਅਤੇ ਜੀਵ ਵਿਗਿਆਨ ਸੰਬੰਧੀ ਸੰਗ੍ਰਿਹਿ ਅਦੁੱਤੀ ਹਨ, ਉਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਨੇ ਪੰਜਾਬੀ ਨੂੰ ਰਾਜ ਭਾਸ਼ਾ ਬਣਾਇਆ। ਪਟਿਆਲਾ ਸਟੇਟ ਗਜ਼ਟ, ਜਿਸਦਾ ਪ੍ਰਕਾਸ਼ਨ 1910 ਵਿਚ ਆਰੰਭ ਕੀਤਾ ਗਿਆ, ਪੰਜਾਬੀ ਵਿਚ ਛਪਦਾ ਸੀ। ਉਨ੍ਹਾਂ ਦੀ ਸਲਾਹ ਤੇ ਹੀ ਰਮਿੰਗਟਨ ਕੰਪਨੀ ਨੇ ਪੰਜਾਬੀ ਟਾਇਪ ਰਾਇਟਰ ਤਿਆਰ ਕੀਤਾ ਅਤੇ ਇਸ ਨੂੰ ਭੁਪਿੰਦਰਾ ਟਾਇਪਰਾਈਟਰ ਦਾ ਨਾਂ ਦਿੱਤਾ। ਉਨ੍ਹਾਂ ਨੇ ਭਾਈ ਕਾਨ੍ਹ ਸਿੰਘ ਰਚਿਤ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ 1930 ਵਿਚ ਵੀਹ ਹਜ਼ਾਰ ਰੁਪਿਆ ਖਰਚ ਕਰਕੇ ਛਪਵਾਇਆ।

ਖੇਡਾਂ ਦੇ ਖੇਤਰ ਵਿਚ ਮਹਾਰਾਜਾ ਭੁਪਿੰਦਰ ਸਿੰਘ ਕ੍ਰਿਕੇਟ ਅਤੇ ਪੋਲੋ (Polo) ਦੇ ਚੰਗੇ ਖਿਡਾਰੀ ਸਨ। ਉਹ ਭਾਰਤੀ ਕ੍ਰਿਕੇਟ ਟੀਮ ਦੇ ਇੰਗਲੈਂਡ ਦੇ ਦੌਰੇ ਸਮੇਂ ਕਪਤਾਨ ਵੀ ਰਹੇ। ਉਨ੍ਹਾਂ ਨੂੰ ਸਿੱਖ ਵਿਰਸੇ ਤੇ ਮਾਣ ਸੀ। ਸਰ ਮਾਇਕਲ ਓਡਵਾਇਰ ਨੇ ਉਨ੍ਹਾਂ ਬਾਰੇ ਲੰਡਨ ਦੇ 'ਦੀ ਟਾਇਮਜ਼' ਅਖ਼ਬਾਰ ਵਿਚ ਲਿਖਿਆ ਕਿ ਜਦੋਂ ਉਹ ਮਹਾਰਾਜਾ ਨੂੰ ਮਈ, 1919 ਦੇ ਤਪਦੇ ਦਿਨ ਰੇਲ ਤੇ ਚੜ੍ਹਾਉਣ ਲਈ ਲਾਹੌਰ ਦੇ ਰੇਲਵੇ ਸਟੇਸ਼ਨ ਤੋਂ ਤੀਜੇ ਅੰਗਰੇਜ਼ ਅਫ਼ਗਾਨ ਯੁੱਧ

ਵਿਚ ਭਾਗ ਲੈਣ ਲਈ ਉੱਤਰ ਪੱਛਮੀ ਸਰਹੱਦੀ ਸੂਬੇ ਵਿਚ ਜਾਣ ਲਈ ਗਏ, ਉਨ੍ਹਾਂ ਮਹਾਰਾਜੇ ਨੂੰ ਕਿਹਾ ਕਿ ਵਾਧੂ ਖਤਰੇ ਵਿਚ ਨਾ ਪਉ। ਮਹਾਰਾਜੇ ਨੇ ਬਹਾਦਰੀ ਨਾਲ ਉੱਤਰ ਦਿੱਤਾ 'ਸਾਹਿਬ' ਮੈਂ 'ਸਿੱਖ' ਹਾਂ ਅਤੇ ਸਿੱਖ ਦੇ ਤੌਰ ਤੇ ਹੀ ਜੀਵਤ ਰਹਾਂਗਾ ਅਤੇ ਮਰਾਗਾਂ। ਮਹਾਰਾਜਾ ਭੁਪਿੰਦਰ ਸਿੰਘ ਬੜੇ ਉਦਾਰ ਚਿਤ ਸਨ। ਉਹ ਇਕ ਕੁਸ਼ਲ ਮਹਾਰਾਜਾ ਸਨ। ਉਨ੍ਹਾਂ ਦੀ ਮ੍ਰਿਤੂ 1938 ਵਿਚ ਹੋਈ ਅਤੇ ਮਹਾਰਾਜਾ ਯਾਦਵਿੰਦਰ ਸਿੰਘ ਉਨ੍ਹਾਂ ਦੇ ਵੱਡੇ ਪੁੱਤਰ ਉਨ੍ਹਾਂ ਦੀ ਥਾਂ ਗੱਦੀ ਤੇ ਬੈਠੇ।

ਮਹਾਰਾਜਾ ਯਾਦਵਿੰਦਰ ਸਿੰਘ ਦਾ ਜਨਮ 7 ਜਨਵਰੀ, 1913 ਨੂੰ ਹੋਇਆ। ਉਨ੍ਹਾਂ ਨੇ ਐਚੀਸਨ ਕਾਲਜ, ਲਾਹੌਰ ਵਿਚ ਵਿਦਿਆ ਪ੍ਰਾਪਤ ਕੀਤੀ ਸੀ। ਸੰਨ 1930 ਵਿਚ ਜਦੋਂ ਪਹਿਲੀ ਗੋਲਮੇਜ਼ ਕਾਨਫ਼ਰੰਸ ਵਿਚ ਭਾਗ ਲੈਣ ਲਈ ਉਨ੍ਹਾਂ ਦੇ ਪਿਤਾ ਇੰਗਲੈਂਡ ਗਏ ਤਾਂ ਉਹ ਵੀ ਉਨ੍ਹਾਂ ਨਾਲ ਗਏ। ਉਨ੍ਹਾਂ ਨੇ ਪੁਲਿਸ ਟਰੇਨਿੰਗ ਸਕੂਲ ਫ਼ਿਲੋਰ ਵਿਚ ਪੁਲਸ ਟਰੇਨਿੰਗ ਪ੍ਰਾਪਤ ਕੀਤੀ। ਉਹ ਪਹਿਲਾਂ ਸੁਪਰਡੰਟ ਪੁਲਿਸ ਅਤੇ ਫਿਰ ਇਨਸਪੈਕਟਰ ਜਨਰਲ ਅਸਾਮੀ ਤੇ ਪਟਿਆਲਾ ਰਿਆਸਤ ਵਿਚ ਕੰਮ ਕਰਦੇ ਰਹੇ। ਮਹਾਰਾਜਾ ਭੁਪਿੰਦਰ ਸਿੰਘ ਨੇ ਉਨ੍ਹਾਂ ਨੂੰ ਉਸ ਕਮੇਟੀ ਦਾ ਚੇਅਰਮੈਨ ਵੀ ਨਿਯੁਕਤ ਕੀਤਾ ਜਿਹੜੀ ਕਮੇਟੀ ਰਾਜ ਦਾ ਕੰਮ ਉਸ ਵੇਲੇ ਚਲਾਉਂਦੀ ਸੀ ਜਦੋਂ ਮਹਾਰਾਜਾ ਭੁਪਿੰਦਰ ਸਿੰਘ ਲੰਬੇ ਸਮੇਂ ਦੇ ਦੌਰੇ ਤੇ ਹੁੰਦੇ ਸਨ।ਉਹ ਰਿਆਸਤ ਦੇ ਜੰਗਲਾਤ ਅਤੇ ਬਾਗ਼ਬਾਨੀ ਵਿਭਾਗ ਦੇ ਸਕੱਤਰ ਦੇ ਤੌਰ ਤੇ ਕੰਮ ਕਰਦੇ ਰਹੇ। ਇਸ ਨਾਲ ਉਨ੍ਹਾਂ ਦੇ ਸ਼ਹਿਰੀ ਅਤੇ ਦਿਹਾਤੀ ਲੋਕਾਂ ਨਾਲ ਨੇੜੇ ਦੇ ਸੰਬੰਧ ਹੋ ਗਏ।ਉਹ ਉਨ੍ਹਾਂ ਦੇ ਮਸਲਿਆਂ ਤੋਂ ਜਾਣੂ ਹੋ ਗਏ ਅਤੇ ਰਿਆਸਤ ਦੇ ਪ੍ਰਬੰਧ ਨੂੰ ਠੀਕ ਚਲਾਉਣ ਦੇ ਯੋਗ ਹੋ ਗਏ। ਸੈਨਿਕ ਸਿਖਲਾਈ ਲਈ ਉਨ੍ਹਾਂ ਨੂੰ ਕਿਉਂਟਾ ਵਿਖੇ ਗਿਆਰ੍ਹਵੀਂ ਸਿੱਖ ਰਜ਼ਮੈਂਟ ਵਿਚ ਭਰਤੀ ਕਰ ਦਿੱਤਾ ਗਿਆ। ਉਨ੍ਹਾਂ ਨੇ ਭੂਚਾਲ ਪੀੜਿਤ ਲੋਕਾਂ ਦੀ ਬਹੁਤ ਸਹਾਇਤਾ ਕੀਤੀ। ਕਿਉਟੇ ਤੋਂ ਵਾਪਸੀ ਤੇ ਉਨ੍ਹਾਂ ਨੂੰ ਰਿਆਸਤ ਦੀ ਸੈਨਾ ਵਿਚ ਨਿਯੁਕਤ ਕੀਤਾ ਗਿਆ ਅਤੇ 33 ਸਾਲ ਦੀ ਉਮਰ ਵਿਚ ਉਹ ਲੈਫਟੀਨੈਂਟ ਜਨਰਲ ਨਿਯੁਕਤ ਕੀਤੇ ਗਏ।

23 ਮਾਰਚ,1938 ਨੂੰ ਮਹਾਰਾਜਾ ਯਾਦਵਿੰਦਰ ਸਿੰਘ ਗੱਦੀ ਤੇ ਬੈਠੇ। ਉਹ ਇਕ ਅਗਾਂਹਵਧੂ ਸ਼ਾਸਕ ਸਨ। ਉਨ੍ਹਾਂ ਨੇ ਸਾਰੇ ਸ਼ਿਕਾਰ ਅਤੇ ਫ਼ਜੂਲ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਅਤੇ ਉਨ੍ਹਾਂ ਨੇ ਗਿਆਰਾਂ ਸ਼ਿਕਾਰਗਾਹਾਂ ਦੀ ਜ਼ਮੀਨ ਨੂੰ ਕਾਸ਼ਤਕਾਰੀ ਲਈ ਪ੍ਰਯੋਗ ਕਰਨ ਦੇ ਆਦੇਸ਼ ਦਿੱਤੇ। ਇਸ ਤਰ੍ਹਾਂ ਉਪਜ ਵਿਚ ਵਾਧਾ ਹੋਇਆ ਅਤੇ ਸ਼ਿਕਾਰਗਾਹਾਂ ਵਿਚ ਮਿਲੇ ਪਸ਼ੂਆਂ ਨੂੰ ਸੁਰੱਖਿਅਤ ਰਖਿਆ। ਸੰਨ 1939 ਵਿਚ ਦੂਜਾ ਵਿਸ਼ਵ ਯੁੱਧ ਛਿੜਨ ਤੇ ਉਨ੍ਹਾਂ ਨੇ ਇੰਡੀਆ ਲੀਗ ਵਿਚ ਇਕ ਸ਼ਾਖਾ 'ਖ਼ਾਲਸਾ ਡੀਫੈਸ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਹਜ਼ਾਰਾਂ ਪੰਜਾਬੀਆਂ

ਨੂੰ ਸੈਨਾ ਵਿਚ ਭਰਤੀ ਕਰਵਾ ਕੇ ਰੋਜ਼ਗਾਰ ਦੇ ਮੌਕੇ ਮੁਹੱਈਆ ਕੀਤੇ। ਉਹ ਇਟਲੀ, ਮੱਧ ਪੂਰਬ ਅਤੇ ਮਲਾਇਆ ਵਿਚ ਲੜਾਈ ਦੇ ਮੈਦਾਨ ਵਿਚ ਆਪ ਵੀ ਗਏ।

1943 ਵਿਚ ਉਹ ਨਰਿੰਦਰਾ ਮੰਡਲ ਦੇ ਪਰੋ-ਚਾਂਸਲਰ ਬਣ ਗਏ। ਉਨ੍ਹਾਂ ਨੇ 1946 ਵਿਚ ਕੈਬਨਿਟ ਮਿਸ਼ਨ ਨਾਲ ਗੱਲਬਾਤ ਵਿਚ ਭਾਗ ਲਿਆ। ਉਨ੍ਹਾਂ ਨੇ ਭਾਰਤੀ ਰਾਜਿਆ ਨੂੰ ਅਗਾਂਹਵਧੂ ਬਣਾਉਣ ਵਿਚ ਯੋਗਦਾਨ ਪਾਇਆ। ਸੰਨ 1947 ਵਿਚ ਜਦੋਂ ਇਹ ਡਰ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਬਹੁਤੇ ਰਜਵਾੜੇ ਸੁਤੰਤਰਤਾ ਦਾ ਵਿਰੋਧ ਕਰਨਗੇ ਤਾਂ ਉਨ੍ਹਾਂ ਦੇ ਵਿਚਾਰ ਬਦਲਣ ਵਿਚ ਮਹਾਰਾਜਾ ਯਾਦਵਿੰਦਰ ਸਿੰਘ ਨੇ ਬਹੁਤ ਭਾਗ ਲਿਆ ਅਤੇ ਇਸ ਤਰ੍ਹਾਂ ਭਾਰਤ ਦੀ ਸੁਤੰਤਰਤਾ ਵਿਚ ਯੋਗਦਾਨ ਪਾਇਆ।

ਉਹ ਇਕ ਮਹਾਨ ਦੇਸ਼ ਭਗਤ ਸਨ। ਉਨ੍ਹਾਂ ਨੇ ਭਾਰਤ ਨੂੰ ਇਕ ਜਾਂ ਇਕ ਤੋਂ ਵੱਧ ਰਾਜਸਥਾਨਾਂ ਵਿਚ ਵੰਡ ਤੋਂ ਬਚਾਇਆ। ਉਨ੍ਹਾਂ ਨੇ ਆਪਣੇ ਗਿਰਦ ਦੇਸ਼ ਭਗਤ ਰਾਜਿਆਂ ਨੂੰ ਇਕੱਠਾ ਕਰਕੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਹੱਥ ਮਜ਼ਬੂਤ ਕੀਤੇ ਤਾਂਕਿ ਰਾਸ਼ਟਰ-ਵਿਰੋਧੀ ਸ਼ਕਤੀਆਂ ਦਾ ਡੱਟ ਕੇ ਟਾਕਰਾ ਕੀਤਾ ਜਾਵੇ। ਉਨ੍ਹਾਂ ਨੇ ਭੂਪਾਲ ਦੇ ਨਵਾਬ ਅਤੇ ਦੂਜੇ ਰਾਜਿਆ ਦੀ ਭਾਰਤ ਵਿਚ ਨਾ ਸ਼ਾਮਲ ਹੋਣ ਦੀ ਯੋਜਨਾ ਨੂੰ ਅਸਫ਼ਲ ਬਣਾ ਦਿੱਤਾ। ਭਾਰਤ ਦੇ ਪਹਿਲੇ ਉਪ-ਪ੍ਰਧਾਨ ਮੰਤਰੀ ਸਰਦਾਰ ਵਲਭ ਭਾਈ ਪਟੇਲ ਨੇ ਪਟਿਆਲੇ ਅਤੇ ਪੂਰਬੀ ਪੰਜਾਬ ਦੀਆਂ ਰਿਆਸਤਾਂ ਦੀ ਯੂਨੀਅਨ (ਪੈਪਸੂ) ਦੀ 15 ਜੁਲਾਈ 1948 ਨੂੰ ਉਦਘਾਟਨ ਵੇਲੇ ਇਸ ਮਹਾਨ ਦੇਸ਼ ਭਗਤ ਮਹਾਰਾਜੇ ਦੀਆਂ ਸੇਵਾਵਾਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਸੀ। ਸਰਦਾਰ ਪਟੇਲ ਨੇ ਕਿਹਾ, "ਮੈਨੂੰ ਮਹਾਰਾਜਾ ਪਟਿਆਲਾ ਦੀ ਭਾਰਤ ਦੀ ਏਕਤਾ ਅਤੇ ਪੂਰਣਤਾ ਵਿਚ ਅਲੌਕਿਕ ਯੋਗਦਾਨ ਦਾ ਉਲੇਖ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਦੇਸ਼ ਦਾ ਪੱਖ ਉਦੋਂ ਪੂਰਿਆ ਜਦੋਂ ਭਾਰਤੀ ਰਿਆਸਤਾਂ ਨੂੰ ਭਾਰਤ ਤੋਂ ਵੱਖ ਰਖਣ ਦੀਆਂ ਗੰਭੀਰ ਕੋਸ਼ਿਸ਼ਾਂ ਹੋ ਰਹੀਆਂ ਸਨ। ਉਨ੍ਹਾਂ ਦੀ ਦੇਸ਼ ਭਗਤੀ ਅਤੇ ਯੋਗ ਅਗਵਾਈ ਕਾਰਨ ਹੀ ਭਾਰਤੀ ਰਿਆਸਤਾਂ ਦੇ ਸ਼ਾਸਕਾਂ ਦੇ ਰਵਈਏ ਨੂੰ ਬਦਲ ਦਿੱਤਾ। ਮੈਂ ਸ਼ਾਸਕਾਂ ਵੱਲੋਂ ਏਕਤਾ ਅਤੇ ਗਣਤੰਤਰੀ ਬਣਾਉਣ ਦੀ ਨੀਤੀ ਨੂੰ ਲਾਗੂ ਕਰਨ ਵਿਚ ਸਹਜ ਅਤੇ ਰਜ਼ਾਮੰਦੀ ਨਾਲ ਦਿੱਤੀ ਗਈ ਸਹਾਇਤਾ ਨੂੰ ਸਵੀਕਾਰ ਕਰਦਾ ਹਾਂ"। ਰਾਜਿਆਂ ਨੇ ਆਪਣੀਆਂ ਰਿਆਸਤਾਂ ਭਾਰਤ ਡੋਮੀਨੀਅਨ ਵਿਚ ਸ਼ਾਮਲ ਕਰਕੇ ਬਹੁਤ ਕੁਰਬਾਨੀ ਦਿੱਤੀ। ਮਹਾਰਾਜਾ ਨੂੰ ਪੈਪਸੂ ਦਾ ਰਾਜ-ਪ੍ਰਮੁੱਖ ਬਣਾਇਆ ਗਿਆ। ਮਹਾਰਾਜਾ ਨੇ ਪਟਿਆਲਾ ਯੂਨੀਅਨ ਦਾ ਰਾਜ ਪ੍ਰਬੰਧ 20 ਅਗਸਤ, 1948 ਨੂੰ ਸੰਭਾਲ ਲਿਆ। ਪੈਪਸੂ ਨੂੰ 1 ਨਵੰਬਰ,1956 ਨੂੰ ਪੰਜਾਬ ਵਿਚ ਸ਼ਾਮਲ ਕਰ ਦਿੱਤਾ ਗਿਆ। ਮਹਾਰਾਜਾ ਰਾਜ ਪ੍ਰਮੁੱਖ 20 ਅਗਸਤ, 1948 ਤੋਂ 1 ਨਵੰਬਰ, 1956 ਤੱਕ ਰਹੇ। ਇਸ ਤੋਂ ਪਿੱਛੋਂ ਮਹਾਰਾਜਾ ਦਾ ਖ਼ਿਤਾਬ ਅਤੇ ਸਾਲਾਨਾ ਪੈਨਸ਼ਨ

ਵੀ ਭਾਰਤ ਸਰਕਾਰ ਨੇ ਖ਼ਤਮ ਕਰ ਦਿੱਤੀ। ਮਹਾਰਾਜਾ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਰਹੇ। ਉਹ ਡਕਾਲਾ ਨਿਰਵਾਚਨ-ਖੇਤਰ ਤੋਂ ਚੁਣੇ ਗਏ ਸੀ।

ਉਹ ਇਟਲੀ ਅਤੇ ਨੀਦਰ ਲੈਂਡਜ਼ ਵਿਚ ਭਾਰਤ ਦੇ ਰਾਜਦੂਤ ਵੀ ਰਹੇ। ਉਨ੍ਹਾਂ ਦੀ ਮ੍ਰਿਤੂ ਹੇਗ, ਨੀਦਰ ਲੈਡਜ਼ ਵਿਚ ਹੀ 17 ਜੂਨ, 1974 ਨੂੰ ਦਿਲ ਦਾ ਦੌਰਾ ਪੈਣ ਨਾਲ ਹੋ ਗਈ। ਉਨ੍ਹਾਂ ਦਾ ਸੰਸਕਾਰ ਸ਼ਾਹੀ ਸਨਮਾਨਾਂ ਨਾਲ ਸ਼ਾਹੀ ਸਮਾਧਾਂ ਪਟਿਆਲਾ ਵਿਚ 21 ਜੂਨ, 1974 ਨੂੰ ਕੀਤਾ ਗਿਆ। ਹਜ਼ਾਰਾਂ ਲੋਕਾਂ ਨੇ ਸ਼ਰਧਾਜਲੀਆਂ ਪੇਸ਼ ਕੀਤੀਆਂ।

-0-

ਅੰਤਕਾ 1

## (ਹੁਕਮ ਨਾਮਾ ਪਾਤਸ਼ਾਹੀ 10)

ਭਾਦੋਂ 2, ਸੰਮਤ 1753 ਬਿਕਰਮ
2 ਅਗਸਤ, 1696 ਈ.

(ਗੁਰੂ ਜੀ ਦੀ ਲਿਖਤ)
ੴ ਸਤਿਗੁਰ ਜੀ,

ਭਾਈ ਤਲ੍ਹੋਕਾ ਭਾਈ ਰਾਮਾ ਸੰਗਤ ਗੁਰੂ ਰਖੈਗਾ ਤੁਸਾਂ ਅਸਵਾਰ ਲੈ ਕੇ ਆਵਣਾ
ਜ਼ਰੂਰ ਆਵਣਾ
ਤੇਰੇ ਉਤੈ ਅਸਾਡੀ ਭਾਰੀ ਮੇਹਰਵਾਨਗੀ ਅਸੈ ਤੈਂ ਆਵਣਾ। ਜੋੜਾ ਰਖਾਵਣਾ,

(ਲਿਖਾਰੀ ਦੀ ਲਿਖਤ)

ੴ ਸਤਿਗੁਰੂ ਜੀ,

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਤਲੋਕਾ
ਭਾਈ ਰਾਮਾ ਸਰਬਤ ਸੰਗਤ ਗੁਰੂ ਰਖੈਗਾ
ਤੁਧੁ ਜਮੀਅਤ ਲੈ ਕੇ ਅਸਾਡੇ ਹਜ਼ੂਰ ਆਵਣਾ
ਮੇਰੀ ਤੇਰੇ ਉਪਰਿ ਬਹੁਤੁ ਖੁਸ਼ੀ ਹੈ
ਤੇਰਾ ਘਰੁ ਮੇਰਾ ਹੈ ਤੁਧੁ ਹੁਕਮੁ ਦੇਖਦਿਆਂ ਹੀ
ਛੇਤੀ ਅਸਾਡੇ ਹਜ਼ੂਰ ਆਵਣਾ ਤੇਰਾ
ਘਰੁ ਮੇਰਾ ਅਸੈ ਤੁਧੁ ਸਿਤਾਬੀ
ਹੁਕਮੁ ਦੇਖਦਿਆ ਹੀ ਆਵਣਾ

ਤੁਸਾਂ ਅਸਵਾਰ ਲੈ ਕੇ ਆਵਣਾ ਜ਼ਰੂਰ
ਆਵਣਾ ਤੇਰੇ ਉਤੇ ਅਸਾਡੀ ਖਰੀ ਮਿਹਰ
ਵਾਨਗੀ ਅਸੈ ਤੇ ਆਵਨਾ ਇਕ ੧
ਜੌੜਾ ਭੇਜਾ ਹੈ ਰਖਾਵਣਾ ਭਾਦੋਂ 2 ਸੰਮਤ 53.

ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਾ ਮਿਤੀ 2 ਭਾਦੋ, ਸੰਮਤ 1753 ਮਿਲਣ ਤੇ, ਬਾਬਾ ਤਿਲੋਕਾ ਅਤੇ ਬਾਬਾ ਰਾਮਾ ਅਨੰਦਪੁਰ ਸਾਹਿਬ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਇਹ ਵਰਨਣ ਸੰਮਤ 1753 (ਸੰਨ 1696) ਦਾ ਹੈ। ਜਦੋਂ ਬਾਬਾ ਤਿਲੋਕ ਸਿੰਘ ਅਤੇ ਬਾਬਾ ਰਾਮ ਸਿੰਘ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ, ਗੁਰੂ ਜੀ ਉਨ੍ਹਾਂ ਦੀ ਵਫ਼ਾਦਾਰੀ ਅਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨ ਤੇ ਬਹੁਤ ਖੁਸ਼ ਹੋਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਚਾਰ ਸ਼ਸ਼ਤਰ ਅਤੇ ਇਕ ਗੁਟਕਾ ਸਾਹਿਬ ਦਿੱਤਾ। ਇਹ ਸ਼ਸਤਰ ਉਨ੍ਹਾਂ ਦੇ ਕਮਰਕਸੇ ਵਿਚ ਹੁੰਦੇ ਸਨ। ਗੁਰੂ ਸਾਹਿਬ ਨੇ ਹੇਠ ਲਿਖੇ ਸ਼ਸਤਰ ਦਿੱਤੇ :-

1. ਇਕ ਦੂਹਰੀ ਧਾਰ ਦਾ ਖੰਡਾ ਜਿਹੜਾ ਫੌਲਾਦ ਦਾ ਬਣਿਆ ਹੋਇਆ ਸੀ ਅਤੇ ਉਸ ਤੇ ਸ਼ਬਦ "ਗੁਰੂ ਤੇਗ ਬਹਾਦਰ ਸਹਾਇ" ਉਕਰੇ ਹੋਏ ਹਨ।
2. ਇਕ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਜਿਸ ਤੇ ਅੰਕਿਤ ਹੈ "ਗੁਰੂ ਗੋਬਿੰਦ ਸਹਾਇ" "ਦੇਗ ਤੇਗ ਫਤਿਹ ਜੁ ਕੋਈ ਦਰਸ਼ਨ ਕਰੇਗਾ ਨਿਹਾਲ।"
3. ਇਕ ਤਲਵਾਰ ਜਿਸ ਤੇ "ਅਕਾਲ ਸਹਾਇ ਗੁਰੂ ਗੋਬਿੰਦ ਸਿੰਘ ਜੀ" ਅੰਕਿਤ ਹੈ।
4. ਗੁਰੂ ਗੋਬਿੰਦ ਸਿੰਘ ਜੀ ਦੀ ਇਕ ਕਮਾਨ ਅਤੇ ਤੀਰ ਜਿਸ ਦੇ ਤਿੰਨ ਸੋਨੇ ਅਤੇ ਚਾਂਦੀ ਦੇ ਕੜੇ ਹਨ।
5. ਇਕ ਗੁਟਕਾ ਸਾਹਿਬ ਜਿਸ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਹਸਤਾਖਰ ਹਨ ਅਤੇ ਇਸਦੇ ਵਿਚ ਨੌਵੇਂ ਪਾਤਸ਼ਾਹ ਦੀ ਬਣੀ ਅਤੇ ਸਹਸਕ੍ਰਿਤੀ ਆਦਿਕ ਬਾਣੀਆਂ ਹਨ। ਮੂਲ ਮੰਤ੍ਰ ਦੀ ਪਹਿਲੀ ਪੌੜੀ ਹੈ।

ਅੰਤਕਾ II

## ਬਾਬਾ ਤਿਲੋਕ ਸਿੰਘ ਜੀ ਅਤੇ ਬਾਬਾ ਰਾਮ ਸਿੰਘ ਜੀ ਨੇ ਦਮਦਮੇ ਸਾਹਿਬ ਅੰਮ੍ਰਿਤ ਛਕਣਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਨ੍ਹਾਂ ਨੂੰ ਸ਼ਸ਼ਤਰ ਦੇਣੇ।

ਸੰਮਤ 1762 ਬਿਕ੍ਰਮੀ (ਸੰਨ 1705) ਵਿਚ ਬਾਬਾ ਤਿਲੋਕ ਸਿੰਘ ਜੀ ਅਤੇ ਬਾਬਾ ਰਾਮ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਦਮਦਮਾ ਸਾਹਿਬ ਪੁੱਜੇ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣਾ ਵਿਸ਼ੇਸ਼ ਅਨੁਯਾਈ ਖਿਆਲ ਕਰਕੇ ਆਪਣੇ ਪੁੱਤਰਾਂ ਵਰਗਾਂ ਉਨ੍ਹਾਂ ਨਾਲ ਸਲੂਕ ਕੀਤਾ। ਉਨ੍ਹਾਂ ਨੇ ਆਪਣੇ ਪਵਿਤ੍ਰ ਹੱਥਾਂ ਨਾਲ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਅਤੇ ਖ਼ਾਲਸਾ ਸਾਜਿਆ। ਉਨ੍ਹਾਂ ਨੇ ਉਨ੍ਹਾਂ ਨੂੰ ਰਾਜ ਕਰਨ ਦਾ ਆਸ਼ੀਰਵਾਦ ਦਿੱਤਾ।

ਗੁਰੂ ਜੀ ਨੇ ਦਸ ਸ਼ਸਤਰ ਅਤੇ ਇਕ ਨਿਸ਼ਾਨ ਸਾਹਿਬ ਬਾਬਾ ਤਿਲੋਕ ਸਿੰਘ ਅਤੇ ਬਾਬਾ ਰਾਮ ਸਿੰਘ ਨੂੰ ਆਪਣੇ ਕਮਰ-ਕਸੇ ਵਿਚੋਂ ਦਿੱਤੇ :-

1. ਇਕ ਦੋ ਧਾਰੀ ਲੋਹੇ ਦੀ ਮੁਠ ਵਾਲਾ ਖੰਡਾ ਜਿਸਤੇ ਤਾਰ ਚਾੜ੍ਹੀ ਹੋਈ ਹੈ।
2. ਇਕ ਤੇਗ ਸਾਹਿਬ ਜਿਸ ਦੇ ਲੋਹੇ ਦੇ ਮੁਠ ਤੇ ਚਾਂਦੀ ਦਾ ਮੁਲੰਮਾ ਹੈ।
3. ਇਕ ਸਿਰੀ ਸਾਹਿਬ ਫੌਲਾਦੀ ਜਿਸਤੇ ਚੰਦ੍ਰਮਾ ਅਤੇ ਸਿਤਾਰੇ ਉਕਰੇ ਹੋਏ ਹਨ।
4. ਇਕ ਸਿਰੀ ਸਾਹਿਬ ਜਿਸਤੇ ਲੋਹੇ ਦੇ ਮੁਠ ਤੇ ਚਾਂਦੀ ਨਾਲ ਸ਼ਬਦ 'ਸ੍ਰੀ ਅਕਾਲ ਸਹਾਇ ਗੁਰੂ ਗੋਬਿੰਦ ਸਿੰਘ' ਉਕਰੇ ਹੋਏ ਹਨ।
5. ਇਕ ਸਿਰੀ ਸਾਹਿਬ ਸ਼ਿਕਾਰ ਗਾਹ ਜਿਸਤੇ ਸ਼ਬਦ 'ਭਗਉਤੀ ਸਹਾਇ ਗੁਰੂ ਗੋਬਿੰਦ ਸਿੰਘ ਪਾਤਸ਼ਾਹੀ 10' ਉਕਰੇ ਹਨ।
6. ਇਕ ਸ਼ਿਕਾਰ ਖੇਡਣ ਵਾਲੀ ਕਟਾਰ ਜਿਸ ਦੀ ਮੁਠ ਅਤੇ ਨੱਕ ਸੋਨੇ ਦੀ ਹੈ।
7. ਇਕ ਸਫਾ ਜੰਗ ਜਿਸਦਾ ਮੁਠਾ ਚਾਂਦੀ ਦਾ ਹੈ। ਵਲ ਦੇ ਦੋਵਾਂ ਪਾਸੇ ਚਿਤ੍ਰ ਮਹਾਂ ਕਾਲ ਅਤੇ ਚਿਤਰ ਭੁਜ ਦੇ ਹਨ। ਇਸ ਤੇ ਉਕਰਿਆ ਹੋਇਆ ਹੈ,"ਈ ਜ਼ੀਨਤ ਨਿਆਜ਼, ਸਰੇ ਕੁਲੀਦੇ ਫਤਿਹ" ਅਰਥਾਤ ਵਫ਼ਾਦਾਰੀ ਦਾ ਪਦਕ ਹੈ ਅਤੇ ਜਿੱਤ ਦੀ ਕੁੰਜੀ ਹੈ।
8. ਇਕ ਕਟਾਰ।

9. ਇਕ ਹਾਥੀ ਦੰਦ ਦੇ ਮੁਠੇ ਵਾਲਾ ਪੇਸ਼ ਕਬਜ਼।

10. ਬਰਛਾ ਸਾਹਿਬ ਜਿਸਦਾ ਵਿਸ਼ੇਸ਼ ਮੁਠਾ ਹੈ। ਇਹ ਕਾਟਾ ਬਲਮ ਅਤੇ ਇੰਦਰਦਮਨ ਭਾਲਾ ਨਾਂ ਨਾਲ ਭੀ ਪ੍ਰਸਿੱਧ ਹੈ।

11. ਇਕ ਨਿਸ਼ਾਨ ਸਾਹਿਬ ਜਿਸਦਾ ਮੁਠਾ ਬਿਨਾਂ ਜੋੜ ਦੇ ਹੈ ਅਤੇ ਸਾਦਾ ਹੈ।

-0-

## ਅੰਤਕਾ III

### ਦਸ਼ਮੇਸ਼ ਜੀ ਦੀ ਦਮਦਮਾ ਸਾਹਿਬ ਤੋਂ ਰਵਾਨਗੀ ਅਤੇ ਬਾਬਾ ਤਿਲੋਕ ਸਿੰਘ ਤੇ ਰਾਮ ਸਿੰਘ ਨੂੰ ਬਖਸ਼ਿਸ਼

ਸੰਮਤ 1763 ਬਿਕ੍ਰਮੀ (ਸੰਨ 1706 ਈ.) ਵਿਚ ਦਸ਼ਮੇਸ਼ ਪਾਤਸ਼ਾਹ ਜੀ ਨੇ ਦਮਦਮਾ ਸਾਹਿਬ ਵਿਚ 9 ਮਹੀਨੇ, 9 ਦਿਨ, 9 ਪਹਿਰ ਤੇ 9 ਘੜੀਆਂ ਗੁਜ਼ਾਰੀਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਗ੍ਰਹਿ ਕੀਤਾ। ਆਪਣੀ ਰਵਾਨਗੀ ਤੋਂ ਪਹਿਲਾਂ ਗੁਰੂ ਸਾਹਿਬ ਨੇ ਇਕ ਦੀਵਾਨ ਲਗਾਇਆ ਅਤੇ ਪੰਥ ਦੇ ਬਹਾਦਰ ਆਗੂਆਂ ਨੂੰ ਇਕਤ੍ਰਿਤ ਕੀਤਾ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਨਿਵਾਜ਼ਿਆ ਅਤੇ ਸਰੋਪੇ ਦਿੱਤੇ। ਉਸ ਦਰਬਾਰ ਵਿਚ ਗੁਰੂ ਸਾਹਿਬ ਨੇ ਨਿਮਨ ਲਿਖਤ 12 ਸ਼ਸ਼ਤਰ, ਨਿਸ਼ਾਨ ਸਾਹਿਬ ਅਤੇ ਸਰੋਪਾ ਬਾਬਾ ਤਿਲੋਕ ਸਿੰਘ ਜੀ ਅਤੇ ਬਾਬਾ ਰਾਮ ਸਿੰਘ ਜੀ ਨੂੰ ਦਿੱਤਾ।

1. ਇਕ ਸਿਰੀ ਸਾਹਿਬ ਜਿਸਦੀ ਮੁਠ ਤੇ ਸੋਨੇ ਨਾਲ ਮੀਨਾਕਾਰੀ ਅਤੇ ਮਿਆਨ ਤੇ ਚਾਂਦੀ ਦੀ ਨੋਕ ਹੈ।
2. ਇਕ ਖੁਖਰੀ।
3. ਇਕ ਲੋਹੇ ਦੇ ਮੁਠ ਵਾਲਾ ਪੇਸ਼ ਕਬਜ਼।
4. ਇਕ ਸਿਰੀ ਸਾਹਿਬ, 9 ਇੰਚ ਲੰਬੀ, ਗੋਲੀਆਂ ਸ਼ਕਲ ਦੀ।
5. ਇਕ ਸਫਾ ਜੰਗ ਜਿਸਦੇ ਦੋਨੋ ਪਾਸੇ ਦਸਤੇ ਹਨ।
6. 6 ਤੀਰ ਜਿਨ੍ਹਾਂ ਤੇ ਸੋਨੇ ਦੇ ਪਤਰੇ ਚੜ੍ਹੇ ਹੋਏ ਹਨ।
7. ਨਿਸ਼ਾਨ ਸਾਹਿਬ ਜਿਸਦੇ ਦੋ ਮੁਠੇ ਹਨ।

ਅੰਤਕਾ IV

# ਪਟਿਆਲਾ ਸ਼ਹਿਰ ਦੀ ਚਠ ਅਤੇ ਮਹਾਰਾਜਾ ਅਮਰ ਸਿੰਘ ਨੂੰ ਅੰਮ੍ਰਿਤ ਛਕਾਉਣਾ

ਸੰਮਤ 1820 ਬਿਕ੍ਰਮੀ (ਸੰਨ 1763 ਈ: ) ਵਿਚ ਪੰਥ ਦੇ ਪ੍ਰਸਿੱਧ ਆਗੂ ਸਹਾਰਨਪੁਰ ਅਤੇ ਸਢੌਰਾ ਤੇ ਜਿੱਤਾਂ ਪ੍ਰਾਪਤ ਕਰਕੇ ਪਟਿਆਲੇ ਆਏ।

ਬਾਬਾ ਆਲਾ ਸਿੰਘ ਨੇ ਪੰਥਕ ਆਗੂਆਂ ਦੀ ਹਰ ਤਰ੍ਹਾਂ ਸੇਵਾ ਕੀਤੀ ਅਤੇ ਪਟਿਆਲਾ ਨੂੰ ਆਬਾਦ ਕਰਨ ਦੀ ਇੱਛਾ ਪ੍ਰਗਟ ਕੀਤੀ।

ਬਾਬਾ ਆਲਾ ਸਿੰਘ ਜੀ ਦੀ ਬਿਨੈ ਤੇ ਪੰਥ ਨੇ ਮਾਰਚ 1764 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੋਗ ਦੀ ਰਸਮ ਕੀਤੀ। ਲੰਗਰ ਨਾਲ ਸਾਰਿਆਂ ਦੀ ਸੇਵਾ ਕੀਤੀ ਅਤੇ ਇਸ ਤਰ੍ਹਾਂ ਬਾਬਾ ਆਲਾ ਸਿੰਘ ਜੀ ਨੇ ਪੰਥ ਦੀਆਂ ਮਿਹਰਾਂ ਪ੍ਰਾਪਤ ਕੀਤੀਆਂ।

ਇਸ ਅਵਸਰ ਤੇ ਸਰਦਾਰ ਜੱਸਾ ਸਿੰਘ ਜੱਥੇਦਾਰ ਜਿਸ ਨੇ ਬਾਬਾ ਆਲਾ ਸਿੰਘ ਦੇ ਪੋਤੇ ਅਮਰ ਸਿੰਘ ਜੀ ਨੂੰ ਅੰਮ੍ਰਿਤ ਛਕਾਇਆ ਸੀ ਆਪਣੇ ਕਮਰ ਕਸੇ ਵਿਚੋਂ ਹੇਠ ਲਿਖੀਆਂ ਵਸਤੂਆਂ ਪੰਥ ਵੱਲੋਂ ਭੇਟ ਕੀਤੀਆਂ :-

1. ਇਕ ਤਲਵਾਰ ਜਿਸ ਤੇ 'ਸਰਕਾਰ ਆਹਲੂਵਾਲੀਆ" ਉਰਦੂ ਵਿਚ ਅੰਕਿਤ ਹੈ।
2. ਨਿਸ਼ਾਨ ਸਾਹਿਬ ਜਿਸ ਦੇ ਦੋ ਮੁਠੇ ਹਨ।

-0-